Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 18, Issue- 810, 11 to 17 July, 2024, Ph: 916-320-9444, E-mail: punjabmailusa@yahoo.com, Web: punjabmailusa.com

## ਜਲੰਧਰ ਪੱਛਮੀ ਜ਼ਿਮਨੀ ਚੋਣ: ਉਮੀਦਵਾਰਾਂ ਦੀ ਕਿਸਮਤ ਈ.ਵੀ.ਐੱਮ. 'ਚ ਬੰਦ!

**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਸ਼ਾਂਤੀਪੂਰਨ ਮੁਕੰਮਲ ਹੋ ਗਈਆਂ। ਵੋਟਰਾਂ ਨੇ ਆਪਣੀਆਂ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਸਵੇਰ ਤੋਂ ਹੀ ਲੋਕ ਵੱਖ-ਵੱਖ ਬੂਥਾਂ 'ਤੇ ਲਾਈਨਾਂ ਵਿਚ ਲੱਗਣੇ ਸ਼ੁਰੂ ਹੋ ਗਏ ਸਨ।

ਜ਼ਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਨੁਸਾਰ ਇਹ ਜ਼ਿਮਨੀ ਚੋਣ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਗਈਆਂ ਹਨ। ਇਸ ਵਿਧਾਨ ਸਭਾ ਹਲਕੇ ਵਿਚ 1 ਲੱਖ 71 ਹਜ਼ਾਰ 963 ਵੋਟਰ ਹਨ, ਜਿਨ੍ਹਾਂ ਨੇ 89629 ਮਰਦ ਅਤੇ 82326 ਔਰਤਾਂ ਸ਼ਾਮਲ ਸਨ। ਇਸ ਦੇ ਲਈ 181 ਪੋਲਿੰਗ ਬੂਥ ਬਣਾਏ ਗਏ ਸਨ। ਵੱਖ-ਵੱਖ ਉਮੀਦਵਾਰਾਂ ਦੀ ਕਿਸਮਤ ਈ.ਵੀ.ਐੱਮ. 'ਚ ਕੈਦ ਹੋ ਗਈਆਂ ਹਨ।

**■ ਨਤੀਜੇ 13 ਜੁਲਾਈ ਨੂੰ ਆਉਣਗੇ ਨਤੀਜੇ**



ਮੋਹਿੰਦਰ ਭਗਤ (ਆਪ) | ਸ਼ੀਤਲ ਅੰਗੂਰਾਲ (ਭਾਜਪਾ) | ਸੁਰਿੰਦਰ ਕੌਰ (ਕਾਂਗਰਸ) | ਸੁਰਜੀਤ ਕੌਰ (ਸ਼੍ਰੋਮਣੀ ਅਕਾਲੀ ਦਲ)




ਇਨ੍ਹਾਂ ਚੋਣਾਂ ਵਿਚ ਕਾਂਗਰਸ ਵੱਲੋਂ ਸੁਰਿੰਦਰ ਕੌਰ, 'ਆਪ' ਵੱਲੋਂ ਮੋਹਿੰਦਰ ਭਗਤ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਰਜੀਤ ਕੌਰ, ਬਸਪਾ ਦੇ ਬਿੰਦਰ ਲੱਖਾ, ਭਾਜਪਾ ਦੇ ਸ਼ੀਤਲ ਅੰਗੂਰਾਲ ਤੋਂ ਇਲਾਵਾ ਕੁੱਝ ਹੋਰ ਆਜ਼ਾਦ ਉਮੀਦਵਾਰ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਆਪੋ-ਆਪਣੇ ਚੋਣ ਬੂਥ ਲਗਾਏ ਗਏ ਸਨ। ਇਸ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਈ।

■ ਬਾਕੀ ਖਬਰ ਸਫਾ 18 'ਤੇ

## ਰਾਸ਼ਟਰਪਤੀ ਬਾਇਡਨ ਦਾ ਪਾਰਕਿਨਸਨ ਦਾ ਇਲਾਜ ਨਹੀਂ ਕੀਤਾ ਜਾ ਰਿਹਾ: ਵ੍ਹਾਈਟ ਹਾਊਸ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦਾ ਪਾਰਕਿਨਸਨ ਦੀ ਬਿਮਾਰੀ ਦਾ ਇਲਾਜ ਨਹੀਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੀ ਸਾਲਾਨਾ ਫਿਜ਼ੀਕਲ ਤੋਂ ਇਲਾਵਾ ਕਿਸੇ ਨਿਊਰੋਲੋਜਿਸਟ ਨੇ ਚੈੱਕ ਨਹੀਂ ਕੀਤਾ।

ਰਿਪਬਲਿਕਨ ਡੋਨਾਲਡ ਟਰੰਪ ਦੇ ਖਿਲਾਫ 27 ਜੂਨ ਦੀ ਬਹਿਸ ਦੌਰਾਨ, ਬਾਇਡਨ ਦੇ ਕਿਸੇ ਅਣਜਾਣ ਬਿਮਾਰੀ ਤੋਂ ਪੀੜਤ ਹੋਣ ਬਾਰੇ ਚਿੰਤਾਵਾਂ ਵਧ ਗਈਆਂ ਹਨ, ਜਦੋਂ ਉਹ ਬਹਿਸ ਵਿਚ ਪੱਛੜ ਗਏ ਸਨ ਅਤੇ ਥੋੜ੍ਹਾ ਕਮਜ਼ੋਰ ਦਿਖਾਈ ਦਿੱਤੇ।

ਵ੍ਹਾਈਟ ਹਾਊਸ ਦੇ ਡਾਕਟਰ ਕੇਵਿਨ ਓ'ਕੋਨਰ ਨੇ ਇੱਕ ਪੱਤਰ ਜਾਰੀ ਕੀਤਾ, ਜਿਸ ਵਿਚ ਕਿਹਾ ਗਿਆ ਹੈ ਕਿ ਬਾਇਡਨ ਨੇ ਆਪਣੇ ਆਮ ਸਾਲਾਨਾ ਸਰੀਰਕ ਤੋਂ ਬਾਹਰ ਕਿਸੇ ਨਿਊਰੋਲੋਜਿਸਟ ਨੂੰ ਚੈੱਕਅੱਪ ਨਹੀਂ ਕੀਤਾ ਹੈ।

ਬਾਇਡਨ ਨੂੰ ਕੁਝ ਡੈਮੋਕਰੇਟਸ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਟਰੰਪ ਦੇ ਵਿਰੁੱਧ ਉਨ੍ਹਾਂ ਦੇ ਉਮੀਦਵਾਰ ਵਜੋਂ ਖੜ੍ਹੇ ਹੋਣ ਲਈ ਉਸ ਕੋਲ ਮਾਨਸਿਕ ਤੀਬਰਤਾ ਦੀ ਘਾਟ ਹੈ। ਬਾਇਡਨ ਨੇ ਹਾਲਾਂਕਿ ਕਿਹਾ ਹੈ ਕਿ ਉਹ ਆਪਣੀ ਮੁਹਿੰਮ ਨੂੰ ਨਹੀਂ ਛੱਡਣਗੇ।



**■ ਟਰੰਪ ਦੇ ਵਿਰੁੱਧ ਉਮੀਦਵਾਰ ਵਜੋਂ ਖੜ੍ਹੇ ਹੋਣ ਲਈ ਬਾਇਡਨ ਕੋਲ ਮਾਨਸਿਕ ਤੀਬਰਤਾ ਦੀ ਘਾਟ: ਡਾ. ਕੇਵਿਨ ਓ'ਕੋਨਰ**

ਵ੍ਹਾਈਟ ਹਾਊਸ ਦੇ ਵਿਜ਼ਟਰ ਲੌਗਸ ਦੀ ਰਾਇਟਰਜ਼ ਦੀ ਸਮੀਖਿਆ ਨੇ ਦਿਖਾਇਆ ਕਿ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਦੇ ਨਿਊਰੋਲੋਜਿਸਟ ਅਤੇ ਅੰਦੋਲਨ ਸੰਬੰਧੀ ਵਿਗਾੜਾਂ ਦੇ ਮਾਹਿਰ ਡਾਕਟਰ ਕੇਵਿਨ ਕੈਨਾਰਡ ਨੇ ਅਗਸਤ ਤੋਂ ਮਾਰਚ ਤੱਕ ਅੱਠ ਵਾਰ ਵ੍ਹਾਈਟ ਹਾਊਸ ਦਾ ਦੌਰਾ ਕੀਤਾ। ਕੈਨਾਰਡ ਨੇ ਵੈਂਡਰਬਿਲਟ ਯੂਨੀਵਰਸਿਟੀ ਮੈਡੀਕਲ ਸੈਂਟਰ ਵਿਖੇ ਪਾਰਕਿਨਸਨ ਦੀ ਸ਼ੁਰੂਆਤੀ ਬਿਮਾਰੀ ਦੇ ਇਲਾਜ ਲਈ ਚੈੱਕਅੱਪ ਕੀਤਾ ਹੈ।

## ਗੁਰਦੁਆਰਾ ਸਾਹਿਬ ਮਿਲਪੀਟਸ ਦੀ ਨਵੀਂ ਇਮਾਰਤ ਦਾ ਹੋਇਆ ਉਦਘਾਟਨੀ ਸਮਾਰੋਹ

**ਮਿਲਪੀਟਸ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਸਿੰਘ ਸਭਾ, ਬੇ ਏਰੀਆ, ਮਿਲਪੀਟਸ ਦੀ ਨਵੀਂ ਇਮਾਰਤ ਦਾ ਉਦਘਾਟਨੀ ਸਮਾਰੋਹ ਬੀਤੇ ਐਤਵਾਰ ਹੋਇਆ। 362 S Milpitas Blvd, Milpitas, CA 95035 ਵਿਖੇ ਸਥਾਪਿਤ ਇਸ ਨਵੀਂ ਇਮਾਰਤ ਦੇ ਉਦਘਾਟਨੀ ਸਮਾਰੋਹ ਮੌਕੇ ਤਿੰਨ ਦਿਨ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਦਰਬਾਰ ਹੋਇਆ, ਜਿਸ ਦੌਰਾਨ ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਅਤੇ ਭਾਈ ਹਰਪ੍ਰੀਤ ਸਿੰਘ ਜੰਮੂ ਨੇ ਗੁਰਬਾਣੀ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਅਮਰੀਕ ਸਿੰਘ ਨੇ ਕਥਾ ਰਾਹੀਂ ਸਿੱਖ ਇਤਿਹਾਸ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਡਾ. ਗੁਰਨਾਮ ਸਿੰਘ ਨੇ ਆਪਣੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਕੀਰਤਨ ਅਤੇ ਤੰਤੀ ਸਾਜ਼ਾਂ ਦੀ ਸਿੱਖਿਆ ਦੇਣ ਦੀ ਪੇਸ਼ਕਸ਼ ਕੀਤੀ।






ਜਸਵੰਤ ਸਿੰਘ ਹੋਠੀ, ਬਲਬੀਰ ਸਿੰਘ ਢਿੱਲੋਂ, ਜੰਗ ਸਿੰਘ ਬਦੇਸ਼ਾ, ਅਜਮੇਰ ਸਿੰਘ ਨਿੱਝਰ, ਡਾ. ਪ੍ਰਿਤਪਾਲ ਸਿੰਘ, ਮਨਪ੍ਰੀਤ ਸਿੰਘ ਬਦੇਸ਼ਾ ਨੇ ਇਸ ਕਾਰਜ ਲਈ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਜਮੇਰ ਸਿੰਘ, ਹਰਪ੍ਰੀਤ ਸਿੰਘ ਸੰਧੂ, ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਸੁਖਦੇਵ ਸਿੰਘ, ਰਾਏ ਬਿਲਾਲ ਭੱਟੀ (ਪਾਕਿਸਤਾਨ), ਮਿਲਪੀਟਸ ਸ਼ਹਿਰ ਦੇ ਮੇਅਰ ਅਤੇ ਕੌਂਸਲਰ, ਰਾਜ ਚਾਹਲ, ਮੇਅਰ ਸਨੀ ਧਾਲੀਵਾਲ, ਜਸਵਿੰਦਰ ਸਿੰਘ ਜੰਡੀ, ਡਾ. ਕੁਲਵੰਤ ਗਿੱਲ, ਮਹਿੰਦਰ ਸਿੰਘ ਮਾਨ (ਅਟਾਰਨੀ), ਕਸ਼ਮੀਰ ਸਿੰਘ ਸ਼ਾਹੀ, ਸੁਰਿੰਦਰ ਸਿੰਘ ਅਟਵਾਲ, ਅਜਮੇਰ ਸਿੰਘ, ਜਸਦੇਵ ਸਿੰਘ, ਬਲਜੀਤ ਸਿੰਘ, ਰਾਜਾ ਸਿੰਘ ਅਤੇ ਗੁਲਵੰਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪਿਛਲੇ ਲੰਮੇ ਸਮੇਂ ਤੋਂ ਇਥੇ ਸੇਵਾਵਾਂ ਕਰਦੇ ਆ ਰਹੇ ਇੰਦਰਜੀਤ ਸਿੰਘ ਸਿੱਧੂ ਵੀ ਆਪਣੇ ਪਰਿਵਾਰ ਸਮੇਤ ਪਹੁੰਚੇ ਹੋਏ ਸਨ। ਜਸਵੰਤ ਸਿੰਘ ਹੋਠੀ ਨੇ ਦੱਸਿਆ ਕਿ ਸੰਗਤਾਂ ਦੇ ਵੱਧਦੇ ਹੋਏ ਇਕੱਠੇ ਨੂੰ ਦੇਖਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਸ ਨਾਲ ਸੰਗਤਾਂ ਨੂੰ ਹੋਰ ਵੀ ਵੱਧ ਗਿਣਤੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦਾ ਮੌਕਾ ਮਿਲੇਗਾ। ਇਸ ਦੌਰਾਨ ਵੱਖ-ਵੱਖ ਆਗੂਆਂ ਅਤੇ ਗੁਰੂਘਰ ਵਿਚ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਦੀ ਸੇਵਾ ਜਸਵੰਤ ਸਿੰਘ ਹੋਠੀ ਹੋਰਾਂ ਨੇ ਬਾਖ਼ੂਬੀ ਨਿਭਾਈ।

■ ਬਾਕੀ ਫੋਟੋਆਂ ਸਫਾ 2 'ਤੇ ਦੇਖੋ।

## 2024 ਦੀ ਪਹਿਲੀ ਛਿਮਾਹੀ ਦੌਰਾਨ ਅਮਰੀਕਾ ਭਰ 'ਚ ਏਅਰਪੋਰਟ ਸਕਿਓਰਿਟੀ ਵੱਲੋਂ 3,269 ਹਥਿਆਰ ਜ਼ਬਤ

**ਵਾਸ਼ਿੰਗਟਨ, (ਪੰਜਾਬ ਮੇਲ)-** ਟ੍ਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਨੇ 2024 ਦੀ ਪਹਿਲੀ ਛਿਮਾਹੀ ਦੌਰਾਨ ਏਅਰਪੋਰਟ ਸਕਿਓਰਿਟੀ 'ਤੇ 3,269 ਹਥਿਆਰਾਂ ਬਰਾਮਦ ਕੀਤੇ ਹਨ। ਇਸ ਹਿਸਾਬ ਨਾਲ 30 ਜੂਨ ਨੂੰ ਖਤਮ ਹੋਏ ਸਾਲ ਅਤੇ ਕੁੱਲ ਟੀ.ਐੱਸ.ਏ. ਚੈਕਪੁਆਇੰਟਾਂ 'ਤੇ ਪ੍ਰਤੀ ਦਿਨ ਖੋਜੇ ਗਏ ਔਸਤਨ 19 ਹਥਿਆਰਾਂ ਨੂੰ ਬਰਾਮਦ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 94 ਫੀਸਦੀ ਦੇ ਕਰੀਬ ਲੋਡ ਕੀਤੀਆਂ ਹੋਈਆਂ ਗੰਨਾਂ ਸਨ।

ਜਦੋਂ ਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਖੋਜੇ ਗਏ ਹਥਿਆਰਾਂ ਦੀ ਗਿਣਤੀ ਲਗਭਗ 3,251 ਦੇ ਬਰਾਬਰ ਹੈ, ਯਾਤਰੀਆਂ ਦੀ ਕੁੱਲ ਸੰਖਿਆ ਵਿਚ ਵਾਧਾ ਹੋਇਆ ਹੈ। ਟੀ.ਐੱਸ.ਏ. ਨੇ 2023 ਦੀ ਇਸੇ ਮਿਆਦ ਦੇ ਮੁਕਾਬਲੇ 2024 ਦੀ



ਪਹਿਲੀ ਛਿਮਾਹੀ ਦੌਰਾਨ ਲਗਭਗ 7' ਵਧੇਰੇ ਯਾਤਰੀਆਂ ਦੀ ਜਾਂਚ ਕੀਤੀ ਹੈ। 2024 ਦੀ ਦੂਜੀ ਤਿਮਾਹੀ ਦੌਰਾਨ, ਆਵਾਜਾਈ ਸੁਰੱਖਿਆ ਅਫਸਰਾਂ (ਟੀ.ਐੱਸ.ਏ.) ਨੇ 221 ਮਿਲੀਅਨ ਤੋਂ ਵੱਧ ਯਾਤਰੀਆਂ ਦੇ ਮੁਕਾਬਲੇ 236 ਮਿਲੀਅਨ ਤੋਂ ਵੱਧ ਯਾਤਰੀਆਂ ਦੀ ਜਾਂਚ ਕੀਤੀ ਹੈ।

ਜੁਲਾਈ ਦੇ ਪਹਿਲੇ 8 ਦਿਨਾਂ ਵਿਚ 166 ਗੈਰ ਕਾਨੂੰਨੀ ਹਥਿਆਰਾਂ ਬਰਾਮਦ ਹੋਏ ਹਨ, ਜੋ ਕਿ ਜੁਲਾਈ 8 ਤੱਕ ਕੁੱਲ 3,435 ਹਥਿਆਰਾਂ ਤੱਕ ਪਹੁੰਚ ਗਿਆ।

■ ਬਾਕੀ ਖਬਰ ਸਫਾ 18 'ਤੇ

## ਸਿਆਟਲ 'ਚ ਸਿਰ 'ਤੇ ਪਟਾਕਾ ਰੱਖ ਕੇ ਚਲਾਉਂਦਿਆਂ ਪੰਜਾਬੀ ਦੀ ਮੌਤ

**ਸਿਆਟਲ, (ਹਰਮਨਪ੍ਰੀਤ ਸਿੰਘ/ਪੰਜਾਬ ਮੇਲ)-** ਅਮਰੀਕਾ ਦੇ ਆਜ਼ਾਦੀ ਦਿਹਾੜੇ 4 ਜੁਲਾਈ ਦਾ ਜਸ਼ਨ ਮਨਾਉਂਦਿਆਂ ਵਾਪਰੀ ਇਕ ਘਟਨਾ 'ਚ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸਿਆਟਲ ਦੇ ਰੈੱਡਮੰਡ ਸ਼ਹਿਰ 'ਚ 'ਆਪਣਾ ਪੀਜ਼ਾ' ਚਲਾਉਂਦਾ 32 ਸਾਲਾ ਨੌਜਵਾਨ 4 ਜੁਲਾਈ ਨੂੰ ਰਾਤ ਤਕਰੀਬਨ 2 ਵਜੇ ਜਦੋਂ ਆਪਣੀ ਦੁਕਾਨ ਬੰਦ ਕਰਕੇ ਆਪਣੀ ਪਤਨੀ ਨਾਲ ਘਰ ਜਾਣ ਲੱਗਾ, ਤਾਂ ਉਸ ਨੇ ਅਤੇ ਉਸ ਦੇ ਦੋ ਮੁਲਾਜ਼ਮ ਨੌਜਵਾਨਾਂ ਨੇ

**■ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਸ਼ਹਿਰ ਨਾਲ ਸੰਬੰਧਤ ਪੰਜਾਬੀ ਪਿਛਲੇ 20 ਸਾਲਾਂ ਤੋਂ ਰਹਿ ਰਿਹਾ ਸੀ ਸਿਆਟਲ**

ਪਾਰਕਿੰਗ 'ਚ ਪਟਾਕੇ ਚਲਾਉਣੇ ਸ਼ੁਰੂ ਕਰ ਦਿੱਤੇ। ਇਸ ਮੌਕੇ ਪੀਜ਼ਾ ਮਾਲਕ ਨੇ ਇਕ ਪਟਾਕਾ ਆਪਣੇ ਸਿਰ 'ਤੇ ਰੱਖ ਲਿਆ। ਉਸ ਦੀ ਘਰਵਾਲੀ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਵੀ ਪਰ ਉਸ ਨੌਜਵਾਨ ਨੇ ਵੱਡਾ ਧਮਾਕੇਦਾਰ ਪਟਾਕਾ ਆਪਣੇ ਸਿਰ 'ਤੇ ਰੱਖ ਕੇ ਲਾਈਟਰ ਨਾਲ ਅੱਗ ਲਗਾਈ, ਤਾਂ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਉਸ ਦਾ ਸਿਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਤੇ ਉਸ ਦੇ ਹੱਥ ਦੀਆਂ ਤਿੰਨ ਉਂਗਲਾਂ ਵੀ ਉੱਡ ਗਈਆਂ ਤੇ ਉਹ ਉਥੇ ਹੀ ਡਿੱਗ ਪਿਆ। ਉਸ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਹ ਨੌਜਵਾਨ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਸ਼ਹਿਰ ਨਾਲ ਸੰਬੰਧਤ ਸੀ ਤੇ ਤਕਰੀਬਨ 20 ਸਾਲਾਂ ਤੋਂ ਸਿਆਟਲ 'ਚ ਰਹਿ ਰਿਹਾ ਸੀ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਛੋਟੇ ਬੱਚੇ ਲੜਕਾ ਤੇ ਲੜਕੀ ਛੱਡ ਗਿਆ ਹੈ।

## ਪੰਜਾਬ 'ਚ ਹੋ ਰਹੀ ਹਿੰਸਾ ਦੀ ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਵਲੋਂ ਕਰੜੇ ਸ਼ਬਦਾਂ ਵਿਚ ਨਿੰਦਾ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਪ੍ਰਸਿੱਧ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਵਲੋਂ ਪੰਜਾਬ ਵਿਚ ਹੋ ਰਹੀ ਹਿੰਸਾ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਕਿਸੇ ਵੀ ਧਰਮ ਦੇ ਖਿਲਾਫ ਹੋਈ ਹਿੰਸਾ ਦੀ ਅਸੀਂ ਘੋਰ ਨਿੰਦਾ ਕਰਦੇ ਹਾਂ। ਜਸਪ੍ਰੀਤ ਸਿੰਘ ਅਟਾਰਨੀ ਨੇ ਉਨ੍ਹਾਂ ਦੁਆਰਾ ਚੁੱਕੇ ਕਦਮਾਂ ਪ੍ਰਤੀ ਲੋਕਾਂ ਦੀ ਸ਼ਲਾਘਾ ਅਤੇ ਉਨ੍ਹਾਂ ਨੂੰ ਦੁਨੀਆਂ ਭਰ ਵਿਚੋਂ ਭਰਵਾਂ ਹੁੰਗਾਰਾ ਮਿਲਣ 'ਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ



ਵੀ ਕੀਤਾ ਅਤੇ ਕਿਹਾ ਕਿ ਸਿੱਖ ਭਾਈਚਾਰੇ ਅਤੇ ਹੋਰ ਲੋਕਾਂ ਦੁਆਰਾ ਉਨ੍ਹਾਂ ਦੇ ਇਸ ਕਦਮ ਨੂੰ ਬਹੁਤ ਸਰਾਹਿਆ ਗਿਆ ਹੈ। ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾਂ ਹੀ ਕੋਸ਼ਿਸ਼ ਹੁੰਦੀ ਹੈ ਕਿ ਵਿਸ਼ਵ ਵਿਚ ਜਿੱਥੇ ਵੀ ਕਿਸੇ ਵੀ ਸਮਾਜ, ਭਾਈਚਾਰੇ ਜਾਂ ਵਿਅਕਤੀ ਵਿਸ਼ੇਸ਼ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਜਾਂ ਉਲੰਘਣਾ ਹੋਵੇਗੀ, ਉਹ ਉਸ ਦਾ ਵਿਰੋਧ ਕਰਨਗੇ। ਭਾਵੇਂ ਅਮਰੀਕਾ ਵਿਚ ਵੀ ਜੇਕਰ ਸਿੱਖਾਂ ਪ੍ਰਤੀ ਜਾਂ ਕਿਸੇ ਹੋਰ ਧਰਮ ਦੇ ਨਾਲ ਸੰਬੰਧੀ ਕੋਈ ਵੀ ਮਨੁੱਖੀ ਅਧਿਕਾਰਾਂ ਜਾਂ ਨਸਲਕੁਸ਼ੀ ਦਾ ਮਸਲਾ ਸਾਹਮਣੇ ਆਉਂਦਾ ਹੈ, ਤਾਂ ਮੈਂ ਉਸ ਦੇ ਖਿਲਾਫ ਆਵਾਜ਼ ਚੁੱਕਦਾ ਹਾਂ।

■ ਬਾਕੀ ਖਬਰ ਸਫਾ 18 'ਤੇ

# ਗੁਰਦੁਆਰਾ ਸਾਹਿਬ ਮਿਲਪੀਟਸ ਦੀ ਨਵੀਂ ਇਮਾਰਤ ਦੇ ਉਦਘਾਟਨੀ ਸਮਾਰੋਹ ਦੀਆਂ ਝਲਕੀਆਂ

■ ਫੋਟੋਆਂ ਨਾਲ ਸਬੰਧਤ ਖਬਰ ਸਫਾ 1 'ਤੇ ਪੜ੍ਹੋ








VALLEJO TEEYAN
VALLEJO TEEYAN
MELA 2024
Sunday, July 21st, 2024 from 12-6pm
Hosted By
Asha Sharma
Organizer
Sunita Verma
Only for Ladies and Children
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.
Come and enjoy a day filled with entertainment and festiveties, including Punjabi Folk songs and dances, Gidha, Boliyan and much more...
Copyright@Punjab Mail USA
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com
"Let us make your event a dream come true"
Flamingo
Banquet Hall & Catering
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
Pardeep - Paul
(510) 325-8433
Din D Sharma
REAL ESTATE
Specialize in:
Residential, Hotel, Motel, Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
D D Sharma
Real Estate Consultant
DRE #01744678
707-365-9385(cell)
Residential, Loan Mod, Short Sale & Commercial Real Estate
GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823

# ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰ ਹਾਂ ਤੇ ਮੁਕਾਬਲੇ ਵਿਚੋਂ ਨਹੀਂ ਹਟਾਂਗਾ : ਜੋਅ ਬਾਇਡਨ

**■ ਵਿਰੋਧੀ ਉਮੀਦਵਾਰ ਨੂੰ ਇਕਜੁੱਟ ਡੈਮੋਕਰੈਟਿਕਾਂ ਨੇ 2020 'ਚ ਹਰਾਇਆ ਸੀ ਤੇ ਹੁਣ ਵੀ ਹਰਾਂਵਾਂਗੇ**



ਜੋਅ ਬਾਇਡਨ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਚੋਣ ਮੁਹਿੰਮ ਸਟਾਫ ਨੂੰ ਮੁੜ ਯਕੀਨ ਦਵਾਇਆ ਹੈ ਕਿ ਉਹ 2024 ਦੀਆਂ ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰ ਹੋਣਗੇ ਤੇ ਆਪਣੇ ਵਿਰੋਧੀ ਉਮੀਦਵਾਰ ਨੂੰ 2020 ਵਾਂਗ ਹਰਾਉਣਗੇ। ਉਨ੍ਹਾਂ ਨੇ ਇਕ ਕਾਨਫਰੰਸ ਕਾਲ ਰਾਹੀਂ ਆਪਣੀ ਟੀਮ ਨੂੰ ਸਪੱਸ਼ਟ ਕੀਤਾ ਕਿ ਉਹ ਮੁਕਾਬਲੇ ਵਿਚੋਂ ਹਟ ਨਹੀਂ ਰਹੇ ਤੇ ਸਮੁੱਚੀ ਟੀਮ ਇਕਜੁੱਟ ਹੋ ਕੇ ਚੋਣ ਲੜੇ। ਰਾਸ਼ਟਰਪਤੀ ਤੇ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੋਨਾਂ ਨੇ ਇਕੱਠਿਆਂ ਪਿਛਲੇ ਹਫਤੇ ਡੋਨਲਡ ਟਰੰਪ ਨਾਲ ਬਹਿਸ ਤੋਂ ਬਾਅਦ 81 ਸਾਲਾ ਬਾਇਡਨ ਉਪਰ ਬਣੇ ਦਬਾਅ ਨੂੰ ਖਤਮ ਕਰਨ ਲਈ 'ਆਲ-ਸਟਾਫ ਕੰਪੇਨ ਕਾਲ' ਰਾਹੀਂ ਆਪਣੀ ਟੀਮ ਤੇ ਪਾਰਟੀ ਸਮਰਥਕਾਂ ਵਿਚ ਉਤਸ਼ਾਹ ਭਰਨ ਦੀ ਕੋਸ਼ਿਸ਼ ਕੀਤੀ। ਬਾਇਡਨ ਨੇ ਕਿਹਾ "ਪਿਛਲੇ ਕੁਝ ਦਿਨ ਮੁਸ਼ਕਿਲ ਭਰੇ ਰਹੇ ਹਨ। ਮੈਨੂੰ ਯਕੀਨ ਹੈ ਕਿ ਤੁਹਾਨੂੰ ਕੁਝ ਫੋਨ ਆਏ ਹੋਣਗੇ ਤੇ ਮੈਨੂੰ ਇਹ ਵੀ ਯਕੀਨ ਹੈ ਕਿ ਤੁਹਾਡੇ ਵਿਚੋਂ ਬਹੁਤ ਸਾਰਿਆਂ ਨੇ ਸਵਾਲ ਖੜ੍ਹੇ ਕੀਤੇ ਹੋਣਗੇ। ਮੈ ਸੰਭਾਵੀ ਹੱਦ ਤੱਕ ਸਿੱਧੇ ਤੌਰ 'ਤੇ ਸਪੱਸ਼ਟ ਕਰ ਰਿਹਾ ਹਾਂ ਕਿ ਮੈ ਚੋਣ ਲੜ ਰਿਹਾ ਹਾਂ।" ਉਨ੍ਹਾਂ ਕਿਹਾ "ਮੈਂ ਡੈਮੋਕਰੈਟਿਕ ਪਾਰਟੀ ਦਾ ਨਾਮਜ਼ਦ ਉਮੀਦਵਾਰ ਹਾਂ। ਕੋਈ ਵੀ ਮੈਨੂੰ ਹਟਣ ਲਈ ਨਹੀਂ ਕਹਿ ਰਿਹਾ ਤੇ ਮੈਂ ਹਟ ਨਹੀਂ ਰਿਹਾ। ਮੈਂ ਅੰਤ ਤੱਕ ਮੁਕਾਬਲਾ ਲੜਾਂਗਾ ਤੇ ਅਸੀਂ ਇਹ ਚੋਣ ਜਿੱਤਣ ਜਾ ਰਹੇ ਹਾਂ ਕਿਉਂਕਿ ਜਦੋਂ ਵੀ ਡੈਮੋਕਰੈਟਿਕ ਇਕਜੁੱਟ ਹੋਏ ਹਨ, ਤਾਂ ਅਸੀਂ ਹਮੇਸ਼ਾਂ ਜਿੱਤੇ ਹਾਂ।" ਸਮਝਿਆ ਜਾਂਦਾ ਹੈ ਕਿ ਰਿਪਬਲੀਕਨ ਨਾਮਜ਼ਦ ਉਮੀਦਵਾਰ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਬਾਇਡਨ ਨੂੰ ਆਪਣੀ ਗੱਲ ਪੂਰੀ ਕਰਨ ਵਿਚ ਮੁਸ਼ਕਿਲ ਆਈ ਤੇ ਉਨ੍ਹਾਂ ਨੇ ਕੁਝ ਮੁੱਦਿਆਂ 'ਤੇ ਰਲਗੱਡ ਵਿਚਾਰੇ ਪੇਸ਼ ਕੀਤੇ, ਜਿਸ ਉਪਰੰਤ ਵਧਦੀ ਉਮਰ ਦੇ ਮੱਦੇਨਜ਼ਰ ਬਾਇਡਨ ਦੇ ਮੁਕਾਬਲੇ ਵਿਚੋਂ ਹੱਟ ਜਾਣ ਦਾ ਮੁੱਦਾ ਉਠਿਆ ਹੈ। ਫਿਲਹਾਲ ਬਾਇਡਨ ਚੁਸਤ ਤੇ ਤੰਦਰੁਸਤ ਨਜ਼ਰ ਆ ਰਹੇ ਹਨ ਤੇ ਉਹ ਇਸ ਤੋਂ ਪਹਿਲਾਂ ਵੀ ਸਾਫ ਕਰ ਚੁੱਕੇ ਹਨ ਕਿ ਉਹ ਪੂਰੀ ਤਾਕਤ ਨਾਲ ਮੁਕਾਬਲਾ ਲੜਨਗੇ। ਕਾਨਫਰੰਸ ਕਾਲ ਰਾਹੀਂ ਉਨ੍ਹਾਂ ਨੇ ਆਪਣੀ ਗੱਲ ਇਨ੍ਹਾਂ ਸ਼ਬਦਾਂ ਨਾਲ ਖਤਮ ਕੀਤੀ, "ਆਓ ਚੋਣ ਜਿਤੀਏ"।

### ਮੈਂ ਆਪਣੇ ਵਿਰੋਧੀ ਡੋਨਾਲਡ ਟਰੰਪ ਨੂੰ ਹਰਾਵਾਂਗਾ: ਬਾਇਡਨ

**ਵਿਸਕੋਨਸਿਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਹ ਰਾਸ਼ਟਰਪਤੀ ਅਹੁਦੇ ਲਈ ਪੈ ਰਹੀਆਂ ਵੋਟਾਂ ਲਈ ਦੌੜ ਵਿਚ ਹਨ ਤੇ ਉਹ ਆਪਣੇ ਵਿਰੋਧੀ ਉਮੀਦਵਾਰ ਡੋਨਾਲਡ ਟਰੰਪ ਨੂੰ ਹਰਾਉਣਗੇ। ਉਨ੍ਹਾਂ ਮੈਡੀਸਨ ਵਿਚ ਆਪਣੇ ਸਮਰਥਕਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਤੁਸੀਂ ਰਾਸ਼ਟਰਪਤੀ ਅਹੁਦੇ ਲਈ ਹੋਈ ਬਹਿਸ ਬਾਰੇ ਸੁਣਿਆ ਹੋਵੇਗਾ, ਮੈਂ ਇਹ ਨਹੀਂ ਕਹਿ ਸਕਦਾ ਕਿ ਇਸ ਵਿਚ ਮੇਰੀ ਵਧੀਆ ਕਾਰਗੁਜ਼ਾਰੀ ਰਹੀ, ਇਸ ਬਾਰੇ ਬਹੁਤ ਕਿਆਸ ਲਾਏ ਜਾ ਰਹੇ ਹਨ ਪਰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਰਾਸ਼ਟਰਪਤੀ ਦੀ ਦੌੜ ਵਿਚ ਹਾਂ ਤੇ ਇਸ ਚੋਣ ਵਿਚ ਜਿੱਤ ਹਾਸਲ ਕਰਾਂਗਾ।'

# ਅਮਰੀਕਾ 'ਚ ਦਲਾਈ ਲਾਮਾ ਦੀ ਸਰਜਰੀ ਸਫਲ



**■ -ਆਪਣੇ ਸਮਰਥਕਾਂ ਨੂੰ ਵੀਡੀਉ ਸੰਦੇਸ਼ ਰਾਹੀਂ ਚੰਗੀ ਸਿਹਤ ਦੀ ਦਿੱਤੀ ਰਿਪੋਰਟ**

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਤਿੱਬਤ ਦੇ ਅਧਿਆਤਮਕ ਮੁਖੀ ਦਲਾਈ ਲਾਮਾ ਨੇ ਆਪਣੇ 89ਵੇਂ ਜਨਮ ਦਿਨ ਦੇ ਸਨਮਾਨ ਵਿਚ ਆਪਣੇ ਸਮਰਥਕਾਂ ਨੂੰ ਇੱਕ ਵੀਡੀਓ ਸੰਦੇਸ਼ ਭੇਜਿਆ, ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਨਿਊਯਾਰਕ, ਅਮਰੀਕਾ ਵਿਚ ਉਨ੍ਹਾਂ ਦੇ ਗੋਡੇ ਦੀ ਸਰਜਰੀ ਹੋਣ ਤੋਂ ਬਾਅਦ ਉਹ ਠੀਕ ਹੋ ਰਹੇ ਹਨ। ਪਿਛਲੇ ਮਹੀਨੇ, ਪ੍ਰੇਰਣਾਦਾਇਕ ਬੋਧੀ ਗ਼ੁਲਾਮੀ, ਜੋ ਕਿ ਆਪਣੇ ਜੱਦੀ ਤਿੱਬਤ ਲਈ ਵਧੇਰੇ ਆਜ਼ਾਦੀ ਦੀ ਕੋਸ਼ਿਸ਼ ਲਈ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ, ਇਲਾਜ ਕਰਵਾਉਣ ਲਈ ਭਾਰਤ ਦੇ ਪਹਾੜੀ ਸ਼ਹਿਰ ਧਰਮਸ਼ਾਲਾ ਵਿਚ ਆਪਣੇ ਨਵੇਂ ਘਰ ਤੋਂ ਰਵਾਨਾ ਹੋ ਕੇ ਨਿਊਯਾਰਕ ਇਲਾਜ ਲਈ ਪੁੱਜੇ ਸਨ। 90 ਸਾਲ ਤੋਂ ਵੱਧ ਉਮਰ ਦੇ ਹੋਣ ਦੇ ਬਾਵਜੂਦ, ਉਨ੍ਹਾਂ ਨੇ ਆਪਣੀ ਵੈਬਸਾਈਟ 'ਤੇ ਪੋਸਟ ਕੀਤੇ ਇੱਕ ਵੀਡੀਓ ਦੇ ਸੰਦੇਸ਼ ਵਿਚ, ਲੱਤਾਂ ਦੇ ਕੁਝ ਮਾਮੂਲੀ ਦਰਦ ਦੇ ਅਪਵਾਦ ਦੇ ਨਾਲ, ਚੰਗੀ ਸਿਹਤ ਵਿਚ ਹੋਣ ਦਾ ਦਾਅਵਾ ਕੀਤਾ। ਬਿਲਕੁਲ, ਕਿਉਂਕਿ ਇਹ ਬਜ਼ੁਰਗ ਬਣਨ ਦਾ ਇੱਕ ਕੁਦਰਤੀ ਹਿੱਸਾ ਹੈ। ਕਿਰਪਾ ਕਰਕੇ ਚਿੰਤਾ ਨਾ ਕਰੋ; ਮੈਂ ਆਮ ਤੌਰ 'ਤੇ ਠੀਕ ਹੋ ਰਿਹਾ ਹਾਂ।

# ਅਮਰੀਕਾ 'ਚ 6 ਹਫਤਿਆਂ ਦੇ ਰਾਸ਼ਟਰ ਵਿਆਪੀ ਆਪਰੇਸ਼ਨ ਦੌਰਾਨ 200 ਲਾਪਤਾ ਬੱਚੇ ਹੋਏ ਬਰਾਮਦ

**■ ਬਰਾਮਦ ਬੱਚਿਆਂ ਵਿਚ ਇਕ 5 ਮਹੀਨੇ ਦਾ ਬੱਚਾ ਵੀ ਸ਼ਾਮਲ**



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਵਿਚ ਯੂਨਾਈਟਡ ਸਟੇਟਸ ਮਾਰਸ਼ਲ ਸਰਵਿਸ ਦੀ ਅਗਵਾਈ ਵਿਚ ਰਾਸ਼ਟਰੀ ਪੱਧਰ 'ਤੇ 6 ਹਫਤੇ ਚਲੇ ਆਪਰੇਸ਼ਨ ਦੌਰਾਨ 200 ਲਾਪਤਾ ਬੱਚਿਆਂ ਦੇ ਬਰਾਮਦ ਹੋਣ ਦੀ ਰਿਪੋਰਟ ਹੈ। ਇਨ੍ਹਾਂ ਵਿਚ ਸਭ ਤੋਂ ਛੋਟੀ ਉਮਰ ਦਾ ਇਕ 5 ਮਹੀਨਿਆਂ ਦਾ ਬੱਚਾ ਵੀ ਸ਼ਾਮਲ ਹੈ। ਜਸਟਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 20 ਮਈ ਤੋਂ 24 ਜੂਨ ਦਰਮਿਆਨ ਚਲਾਏ ਆਪਰੇਸ਼ਨ "ਅਸੀਂ ਤੁਹਾਨੂੰ ਲਭਾਂਗੇ -2" ਤਹਿਤ ਕਈ ਬੱਚਿਆਂ ਨੂੰ ਬਹੁਤ ਹੀ ਖਤਰਨਾਕ ਹਾਲਾਤ ਵਿਚੋਂ ਬਚਾਇਆ ਹੈ ਤੇ ਇਨ੍ਹਾਂ ਵਿਚ ਇਕ ਬੱਚਾ ਉਹ ਵੀ ਸ਼ਾਮਿਲ ਹੈ, ਜਿਸ ਨੂੰ ਮਾਪਿਆਂ ਵੱਲੋਂ ਅਗਵਾ ਕਰ ਲਿਆ ਗਿਆ ਸੀ, ਜਦਕਿ ਉਨ੍ਹਾਂ ਕੋਲ ਬੱਚੇ ਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ ਸੀ। ਅਧਿਕਾਰੀਆਂ ਅਨੁਸਾਰ 123 ਬੱਚਿਆਂ ਨੂੰ ਖਤਰਨਾਕ ਸਥਿਤੀਆਂ ਵਿਚੋਂ ਬਚਾਇਆ ਹੈ। 6 ਸੰਘੀ ਜ਼ਿਲ੍ਹਿਆਂ ਤੇ ਅਮਰੀਕਾ ਭਰ ਵਿਚ ਵੱਖ-ਵੱਖ ਥਾਵਾਂ 'ਤੇ ਚਲਾਏ ਆਪਰੇਸ਼ਨ ਵਿਚ ਲਾਪਤਾ ਬੱਚਿਆਂ ਬਾਰੇ ਨੈਸ਼ਨਲ ਸੈਂਟਰ ਸਮੇਤ ਸੰਘੀ, ਰਾਜਾਂ ਤੇ ਸਥਾਨਕ ਏਜੰਸੀਆਂ ਨੇ ਹਿੱਸਾ ਲਿਆ।

ਨਿਆਂ ਵਿਭਾਗ ਨੇ ਕਿਹਾ ਹੈ ਕਿ ਲਾਪਤਾ ਬੱਚਿਆਂ ਨੂੰ ਲੱਭਣਾ ਇਕ ਵੱਡੀ ਚੁਣੌਤੀ ਹੈ ਕਿਉਂਕਿ ਅਜਿਹੇ ਮਾਮਲਿਆਂ ਵਿਚ ਬੱਚਿਆਂ ਦੀ ਸੈਕਸ ਲਈ ਤਸਕਰੀ ਹੋਣ, ਸਰੀਰਕ ਸੋਸ਼ਣ ਹੋਣ ਤੇ ਦਿਮਾਗੀ ਸਿਹਤ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਬਿਆਨ ਅਨੁਸਾਰ ਇਹ ਆਪਰੇਸ਼ਨ ਪੋਰਟਲੈਂਡ ਤੇ ਓਰੇਗੋਨ ਸਮੇਤ ਦੱਖਣੀ ਫਲੋਰਿਡਾ ਦੀਆਂ ਕਈ ਕਾਊਂਟੀਆਂ, ਨਿਊਯਾਰਕ ਸ਼ਹਿਰ ਤੇ ਮਿਸ਼ੀਗਨ ਦੇ ਕੁਝ ਹਿੱਸਿਆਂ ਵਿਚ ਚਲਾਇਆ ਗਿਆ।






Copyright@Punjab Mail USA

# ਸਿਆਟਲ 'ਚ 14ਵੇਂ ਬੱਚਿਆਂ ਦੇ ਖੇਡ ਕੈਂਪ ਦਾ ਅਰਦਾਸ ਕਰਕੇ ਸ਼ੁੱਭ ਆਰੰਭ





ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਤੇ ਸਿਆਟਲ ਦੇ ਖੇਡ ਪ੍ਰੇਮੀਆਂ ਦੀ ਫੋਟੋ ਗੁਰਦੇਵ ਸਿੰਘ ਸਮਰਾ ਅਰਦਾਸ ਕਰਦੇ ਸਮੇਂ। (ਸੱਜੇ) ਜਸਵੀਰ ਸਿੰਘ ਸਹੋਤਾ ਤਲਾਣੀਆਂ ਤੇ ਮਨਜੀਤ ਸਿੰਘ 'ਹਰੀ ਇਨ ਕਰੀ ਪੀਜ਼ਾ' ਵੱਲੋਂ ਰਿਫਰੈਸ਼ਮੈਂਟ ਦੀ ਸੇਵਾ ਕਰਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਸ਼ਹਿਰ ਕੈਂਟ ਵਿਖੇ 14ਵਾਂ ਬੱਚਿਆਂ ਦਾ ਸਾਲਾਨਾ ਖੇਡ ਕੈਂਪ ਸ਼ੁਰੂ ਹੋ ਗਿਆ ਹੈ। ਗੁਰਦੁਆਰਾ ਸਿੰਘ ਸਭਾ ਰੈਨਟਨ ਤੋਂ ਕੜਾਹ ਪ੍ਰਸ਼ਾਦ ਕਰਵਾਉਣ ਉਪਰੰਤ ਸਾਕਰ ਕੋਚ ਅਤੇ ਵਾਲੰਟੀਅਰ ਦੇ ਤੌਰ 'ਤੇ ਸੇਵਾ ਨਿਭਾ ਰਹੇ ਗੁਰਦੇਵ ਸਿੰਘ ਸਮਰਾ ਨੇ ਅਰਦਾਸ ਕਰਕੇ ਇਸ ਖੇਡ ਕੈਂਪ ਦਾ ਸ਼ੁੱਭ ਆਰੰਭ ਕੀਤਾ। ਵਿਲਸਨ ਪਲੇਅ ਫੀਲਡ, ਕੈਂਟ ਸਿਟੀ ਵਿਖੇ ਹੋਣ ਵਾਲੇ ਇਸ ਖੇਡ ਕੈਂਪ ਵਿਚ ਉਦਘਾਟਨ ਮੌਕੇ ਸਿਆਟਲ ਦੇ ਖੇਡ ਪ੍ਰੇਮੀਆਂ, ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ।

ਕੈਂਟ ਕਾਮਨ ਵੱਲੋਂ ਪਾਰਕ ਤੇ ਗਰਾਊਂਡਾਂ ਗਰਮੀ ਕਾਰਨ ਬੰਦ ਕੀਤੀਆਂ ਗਈਆਂ ਹਨ, ਜਿਸ ਕਰਕੇ ਐਤਵਾਰ ਸ਼ਾਮ ਨੂੰ ਪਾਰਕ ਦੀ ਆਗਿਆ ਨਹੀਂ ਮਿਲੀ, ਜਿਸ ਕਰਕੇ ਛੁੱਟੀ ਕੀਤੀ ਗਈ ਹੈ। ਹੁਣ ਅਗਲੇ ਸ਼ਨਿੱਚਰਵਾਰ ਤੇ ਐਤਵਾਰ ਯਾਨੀ ਕਿ 13 ਅਤੇ 14 ਜੁਲਾਈ ਨੂੰ ਸ਼ਾਮ 5 ਤੋਂ 7 ਵਜੇ ਤੱਕ ਬੱਚਿਆਂ ਦਾ ਖੇਡ ਕੈਂਪ ਨਿਰੰਤਰ ਲੱਗੇਗਾ। ਇਸ ਦੌਰਾਨ ਗੁਰਚਰਨ ਸਿੰਘ ਢਿੱਲੋਂ ਦੀ ਸਿਹਤ ਖਰਾਬ ਹੋਣ ਕਰਕੇ ਹੁਣ ਇਸ ਖੇਡ ਕੈਂਪ ਨੂੰ ਚਲਾਉਣ ਦੀ ਜ਼ਿੰਮੇਵਾਰੀ ਗੁਰਦੀਪ ਸਿੰਘ ਸਿੱਧੂ ਨੂੰ ਹੋਰਾਂ ਨੂੰ ਸੌਂਪੀ ਗਈ ਹੈ।



ਖੇਡ ਪ੍ਰੇਮੀਆਂ ਤੇ ਬੱਚਿਆਂ ਦੀ ਝਲਕੀਆਂ।

ਇਸ ਕੈਂਪ ਦੀ ਵੱਖ-ਵੱਖ ਦਾਨੀ ਸੱਜਣਾਂ ਅਤੇ ਵਾਲੰਟੀਅਰਾਂ ਵੱਲੋਂ ਵੱਧ-ਚੜ੍ਹ ਕੇ ਸਹਿਯੋਗ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ ਮਨਜੀਤ ਸਿੰਘ (ਕੀ ਇੰਸ਼ੋਰੈਂਸ), ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਉਪ ਪ੍ਰਧਾਨ ਅਮਰਪਾਲ ਸਿੰਘ ਕਾਹਲੋਂ, ਦਇਆਬੀਰ ਸਿੰਘ (ਪਿੰਟੂ ਬਾਠ), ਹਰਸ਼ਿੰਦਰ ਸਿੰਘ ਸੰਧੂ, ਮਹਿੰਦਰ ਸਿੰਘ ਨਿੱਝਰ, ਪਰਮਜੀਤ ਸਿੰਘ ਖੈਰਾ, ਅੰਤਰਰਾਸ਼ਟਰੀ ਬਾਕਸਰ ਗੁਰਮੀਤ ਸਿੰਘ ਨਿੱਝਰ, ਅਮਰੀਕ ਸਿੰਘ ਰੰਧਾਵਾ, ਹਰਦੇਵ ਸਿੰਘ ਜੱਜ, ਹੀਰਾ ਸਿੰਘ ਭੁੱਲਰ, ਹਰਦੀਪ ਸਿੰਘ ਗਿੱਲ, ਦਲਜੀਤ ਸਿੰਘ ਗਿੱਲ, ਜਗਵੀਰ ਸਿੰਘ ਸਹੋਤਾ (ਹਰੀ ਇਨ ਕਰੀ ਪੀਜ਼ਾ) ਤੋਂ ਹੋਰ ਵੀ ਬਹੁਤ ਸਾਰੇ ਦਾਨੀ ਸੱਜਣਾਂ ਵੱਲੋਂ ਮਦਦ ਕੀਤੀ ਜਾਂਦੀ ਹੈ। ਕੈਂਪ ਵਿਚ ਸ਼ਿਰਕਤ ਕਰਨ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਕਰਮਜੀਤ ਸਿੰਘ ਢਿੱਲੋਂ, ਸੌਰਭ ਰਿਸ਼ੀ ਅਤੇ ਅਨਮੋਲ ਸਿੰਘ ਚੀਮਾ ਵੱਲੋਂ ਛਬੀਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਇਹ ਸਮਾਗਮ 25 ਅਗਸਤ ਤੱਕ ਚੱਲੇਗਾ। ਸਮਾਪਤੀ ਸਮਾਰੋਹ ਵਿਚ ਵੱਖ-ਵੱਖ ਸੇਵਾਦਾਰਾਂ, ਦਾਨੀ ਸੱਜਣਾਂ ਅਤੇ ਵਾਲੰਟੀਅਰਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ।

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ ਅਜ਼ਾਦੀ ਦਿਹਾੜੇ ਦੇ ਸਮਾਗਮਾਂ 'ਚ ਕੀਤੀ ਸ਼ਮੂਲੀਅਤ




**ਡੈਟਨ, (ਰਾਜ ਗੋਗਨਾ/ਪੰਜਾਬ ਮੇਲ)**- ਓਹਾਇਓ ਦੇ ਸ਼ਹਿਰ ਡੇਟਨ ਵਿਚ ਵਸਦੇ ਭਾਰਤੀਆ ਵੱਲੋ ਡੇਟਨ ਸ਼ਹਿਰ ਵਿਚ ਵਿਸ਼ਾਲ ਪੱਧਰ 'ਤੇ ਆਜ਼ਾਦੀ ਦਿਹਾੜਾ 4 ਜੁਲਾਈ ਨੂੰ ਮਨਾਇਆ ਗਿਆ, ਜਿਸ ਵਿਚ ਸਾਰੇ ਵਰਗਾਂ, ਧਰਮਾਂ, ਰੰਗ, ਨਸਲ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਜ਼ਸ਼ਨ ਮਨਾਏ। ਸਿੱਖ ਭਾਈਚਾਰੇ ਨੇ ਸਮਾਜ ਸੇਵੀ ਅਵਤਾਰ ਸਿੰਘ ਸਪਰਿੰਗਫੀਲਡ ਦੀ ਅਗਵਾਈ 'ਚ ਡੇਟਨ ਦੇ ਨਾਲ ਲੱਗਦੇ ਸ਼ਹਿਰ ਫੇਅਰਬੋਰਨ ਅਤੇ ਬੀਵਰਕ੍ਰੀਕ ਦੀ ਪਰੇਡ 'ਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਪਰੇਡ ਵਿਚ ਵੱਡੀ ਗਿਣਤੀ 'ਚ ਪਰਿਵਾਰ ਸਣੇ ਭਾਰਤੀਆਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿਚ ਭਾਈਚਾਰੇ ਦੇ ਮੈਂਬਰਾਂ ਨੇ ਅਮਰੀਕੀ ਝੰਡੇ, ਸਿੱਖਸ ਇਨ ਅਮਰੀਕਾ ਦੇ ਬੈਨਰ ਫੜੇ ਹੋਏ ਸਨ। ਸਿੱਖ ਭਾਈਚਾਰਾ ਪਿਛਲੇ 8 ਸਾਲਾਂ ਤੋਂ ਸਿੱਖ ਸੁਸਾਇਟੀ ਆਫ਼ ਡੈਟਨ ਦੇ ਬੈਨਰ ਹੇਠ ਭਾਗ ਲੈ ਰਿਹਾ ਹੈ। ਇਸ ਵੱਡੇ ਮਾਰਚ ਦਾ ਲੋਕ ਹੈਪੀ ਫੌਰਥ ਜੁਲਾਈ, ਹੈਪੀ ਇੰਡੀਪੈਂਡੈਂਸ ਡੇਅ ਕਹਿਕੇ ਸਵਾਗਤ ਕਰ ਰਹੇ ਸਨ। ਇਸ ਪਰੇਡ 'ਚ ਸਿੱਖ ਆਪਣੀ ਨਿਵੇਕਲੀ ਪਛਾਣ ਕਾਰਨ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਇਸ ਪਰੇਡ 'ਚ ਸਿੱਖ ਸੁਸਾਇਟੀ ਆਫ ਡੈਟਨ ਨੇ ਸ਼ਾਮਲ ਹੋ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਫੇਅਰਬੋਰਨ ਦੀ ਪਰੇਡ 'ਚ ਜਦੋਂ ਸਿੱਖਾਂ ਦਾ ਫਲੋਟ ਮੁੱਖ ਸਟੇਜ ਦੇ ਕੋਲੋਂ ਲੰਘਿਆ, ਤਾਂ ਪ੍ਰਬੰਧਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਸਿੱਖਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਭਾਈਚਾਰੇ ਵਲੋਂ ਠੰਡੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਅਵਤਾਰ ਸਿੰਘ ਸਪ੍ਰਿੰਗਫੀਲਡ ਨੇ ਦੱਸਿਆ ਕਿ ਪਰੇਡ ਵਿਚ ਮੇਲੇ ਵਰਗਾ ਮਾਹੌਲ ਸੀ ਅਤੇ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਨੇ ਇਨ੍ਹਾਂ ਪਰੇਡ 'ਚ ਸ਼ਾਮਲ ਹੋ ਕੇ ਆਜ਼ਾਦੀ ਜ਼ਸ਼ਨ ਮਨਾਉਣ ਲਈ ਵਰਨਣਯੋਗ ਹਿੱਸਾ ਪਾਇਆ।



ਫੋਟੋਗ੍ਰਾਫੀ: ਸੁਨੀਲ ਮੱਲ੍ਹੀ

Global Allianz
ਕਾਨੂੰਨੀ ਸਲਾਹਾਂ
LAW FIRM LLP

Atul Kapoor
C.E.O
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# International Punjabi Culture Academy *(Non Profit)*

*(Non Profit Tax Deductive (IRC) section 501 (c) (3) # 82-1268411)*



# Tiyaan Teej Diyan



## 16th Annual Women Festival

**Free Entry**

## August 11th, Sunday, 2024

(2.30pm to 6.30 pm)




# ਤੀਆਂ ਤੀਜ਼ ਦੀਆਂ

**Only For Ladies**

## ਐਲਕ ਗਰੋਵ ਪਾਰਕ ਵਿਚ

## 11 ਅਗਸਤ 2024, ਦਿਨ ਐਤਵਾਰ

(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)

ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

**Attractions :** Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.

*Team Enter and Information*

**916-240-6969, 916-753-5933, 916-897-4414**

TV Coverage by PUNJAB MAIL USA TV Channel

**Elk Grove Regional Park, 9950 Elk Grove Florin Rd, Elk Grove CA 95624**

Copyright @ Punjab Mail USA

# ਭਿਆਨਕ ਸੜਕ ਹਾਦਸੇ 'ਚ 2 ਭਾਰਤੀ ਵਿਦਿਆਰਥੀਆਂ ਦੀ ਮੌਤ




ਵੈਨਕੂਵਰ, (ਰਾਜ ਗੋਗਨਾ/ ਪੰਜਾਬ ਮੇਲ)- ਕੈਨੇਡਾ ਦੇ ਵੈਨਕੂਵਰ ਹਾਈਵੇਅ ਨੰਬਰ 1 'ਤੇ ਭਿਆਨਕ ਕਾਰ ਸੜਕ ਹਾਦਸਾ ਵਾਪਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਹਾਦਸੇ 'ਚ 4 ਭਾਰਤੀ ਵਿਦਿਆਰਥੀ ਜੋ ਕਾਰ 'ਚ ਸਵਾਰ ਸਨ, ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ।

ਪੁਲਿਸ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਾਦਸੇ ਵਿਚ ਇੱਕ ਔਰਤ ਦੀ ਕਾਰ ਅਤੇ 4 ਭਾਰਤੀ ਵਿਦਿਆਰਥੀਆਂ ਦੀ ਕਾਰ ਦੀ ਆਪਸ 'ਚ ਭਿਆਨਕ ਟੱਕਰ ਹੋ ਗਈ ਸੀ, ਜਿਸ 'ਚ 2 ਭਾਰਤੀ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 2 ਲੋਕਾਂ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਹਾਲਾਤ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਕੈਨੇਡੀਅਨ ਮੀਡੀਆ ਦੀਆ ਰਿਪੋਰਟਾਂ ਮੁਤਾਬਕ ਇਨ੍ਹਾਂ ਚਾਰ ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਇਹ ਸਾਰੇ ਭਾਰਤੀ ਵਿਦਿਆਰਥੀ ਹਨ ਅਤੇ ਆਰਜ਼ੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਸਨ। ਹਾਲਾਂਕਿ ਪੁਲਿਸ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਦੂਜੀ ਕਾਰ ਸਵਾਰ ਔਰਤ ਕੌਣ ਸੀ ਅਤੇ ਹੁਣ ਉਸ ਦੀ ਹਾਲਤ ਕਿਵੇਂ ਹੈ। ਪਰ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਕੈਨੇਡੀਅਨ ਨਾਗਰਿਕ ਸੀ।

ਵੈਸਟ ਵੈਨਕੂਵਰ ਪੁਲਿਸ ਵਿਭਾਗ ਨੇ ਕਿਹਾ ਕਿ ਇੱਕ ਕਾਰ ਵੈਸਟਪੋਰਟ ਰੋਡ ਦੇ ਨੇੜੇ ਵੈਸਟ ਸਾਈਡ ਲੇਨ ਵਿਚ ਪੂਰਬ ਵੱਲ ਨੂੰ ਜਾ ਰਹੀ ਸੀ। ਰਾਤ ਕਰੀਬ 11:40 ਵਜੇ ਇਸ ਦੀ ਇਕ ਹੋਰ ਗੱਡੀ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ 2 ਭਾਰਤੀ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਗੱਡੀ 'ਚ ਸਵਾਰ ਬਾਕੀ 2 ਵਿਅਕਤੀਆਂ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। 4 ਲੋਕਾਂ ਦੀ ਪਛਾਣ ਦਾ ਪੁਲਿਸ ਵੱਲੋਂ ਖੁਲਾਸਾ ਨਹੀਂ ਕੀਤਾ ਗਿਆ।

ਵੈਨਕੂਵਰ ਪੁਲਿਸ ਵਿਭਾਗ ਨੇ ਕਿਹਾ ਕਿ ਸਾਡੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਸ ਗੰਭੀਰ ਹਾਦਸੇ ਵਿਚ 20 ਅਤੇ 21 ਸਾਲ ਦੇ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ, ਜਦਕਿ ਬਾਕੀ 2 ਨੌਜਵਾਨ ਜਿਨ੍ਹਾਂ ਦੀ ਉਮਰ 19 ਅਤੇ 20 ਸਾਲ ਸੀ, ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਦੂਜੇ ਪਾਸੇ ਇਸ ਹਾਦਸੇ ਵਿਚ ਇੱਕ 26 ਸਾਲਾ ਲੜਕੀ ਵੀ ਗੰਭੀਰ ਜ਼ਖ਼ਮੀ ਹੋ ਗਈ। ਪਰ ਪੁਲਿਸ ਨੇ ਉਸ ਦੀ ਪਛਾਣ ਨਹੀਂ ਦੱਸੀ ਹੈ ਅਤੇ ਨਾ ਹੀ ਉਸ ਦੀ ਮੈਡੀਕਲ ਸਥਿਤੀ ਬਾਰੇ ਅਜੇ ਤੱਕ ਕਿਸੇ ਨੂੰ ਸੂਚਿਤ ਕੀਤਾ ਗਿਆ ਹੈ।

ਇਸ ਘਟਨਾ ਬਾਰੇ ਵੈਨਕੂਵਰ ਪੁਲਿਸ ਨੇ ਕਿਹਾ "ਇਹ ਘਟਨਾ ਕਿਸੇ ਵੀ ਦੇਸ਼ ਵਿਚ ਮਾਤਾ-ਪਿਤਾ ਨੂੰ ਹੈਰਾਨ ਕਰ ਦੇਵੇਗੀ। ਅਸਥਾਈ ਸਟੂਡੈਂਟ ਵੀਜ਼ੇ 'ਤੇ ਭਾਰਤ ਤੋਂ ਇੱਥੇ ਪੜ੍ਹਾਈ ਕਰਨ ਆਏ 4 ਲੜਕਿਆਂ ਦੀ ਕਾਰ ਦਾ ਭਿਆਨਕ ਹਾਦਸਾ ਹੋ ਗਿਆ ਹੈ। ਜਿਨ੍ਹਾਂ ਵਿਚੋਂ 2 ਲੋਕਾਂ ਦੀ ਮੌਤ ਹੋ ਗਈ ਹੈ, ਅਸੀਂ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਦੁਖਦਾਈ ਘਟਨਾ ਬਾਰੇ ਸੂਚਿਤ ਕਰ ਦਿੱਤਾ ਹੈ। ਇਸ ਔਖੇ ਸਮੇਂ ਵਿਚ ਸਾਡੀ ਸੰਵੇਦਨਾ ਭਾਰਤੀ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਹੈ। ਅਸੀਂ ਉਨ੍ਹਾਂ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ, ਜੋ ਇਸ ਦੁਖਾਂਤ ਵਿਚ ਜ਼ਖਮੀ ਜਾਂ ਮਾਰੇ ਗਏ ਹਨ। ਪੁਲਿਸ ਨੇ ਅੱਗੇ ਕਿਹਾ ਕਿ ਪੀੜਤ ਪਰਿਵਾਰ ਦੀ ਨਿੱਜਤਾ ਅਤੇ ਮਰਨ ਵਾਲਿਆਂ ਦੇ ਅਕਸ ਨੂੰ ਸੁਰੱਖਿਅਤ ਰੱਖਣ ਲਈ, ਅਸੀਂ ਉਨ੍ਹਾਂ ਦੇ ਨਾਮ ਜਾਂ ਹੋਰ ਵੇਰਵੇ ਜਾਰੀ ਨਾ ਕਰਨ ਦਾ ਫੈਸਲਾ ਕੀਤਾ ਹੈ।"

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

ਸੈਕਰਾਮੈਂਟੋ ਦੇ ਬਰਾਡਸ਼ਾਹ ਰੋਡ ਦੇ ਨਜ਼ਦੀਕ ਖੁੱਲ੍ਹ ਗਿਆ ਹੈ ਟਰੱਕ ਸਟਾਪ

SACRAMENTO
TRUCK PARKING

TRUCK PARKING
SACRAMENTO.COM



- ਵਾਜਿਬ ਰੇਟਾਂ 'ਤੇ ਟਰੱਕ ਪਾਰਕ ਕਰਨ ਲਈ ਤੁਰੰਤ ਸੰਪਰਕ ਕਰੋ
- ਗੇਟਿਡ ਪਾਰਕਿੰਗ ਵਿਚ ਸਕਿਓਰਿਟੀ ਦਾ ਖਾਸ ਪ੍ਰਬੰਧ ਹੈ।
- ਪਾਰਕਿੰਗ ਪੱਕੇ ਫਰਸ਼ 'ਤੇ ਹੈ, ਜਿਸ ਕਰਕੇ ਧੂੜ-ਘੱਟੇ ਦੀ ਵੀ ਕੋਈ ਗੁੰਜਾਇਸ਼ ਨਹੀਂ।
- ਇਹ ਪੰਜਾਬੀ, ਹਿੰਦੀ, ਇੰਗਲਿਸ਼ ਬੋਲਦੇ ਹਨ।

ਚੰਗੀਆਂ ਸੇਵਾਵਾਂ ਲੈਣ ਲਈ ਤੁਰੰਤ
ਸੰਨੀ ਸਿੰਘ ਨੂੰ ਸੰਪਰਕ ਕਰੋ

CALL NOW 916-304-5910

4660 MAYHEW RD
SACRAMENTO, CA 95827
Near Bradshaw Road

www.TruckParkingSacramento.com



- SAFE AND SECURE
- 24/7 MONITORING
- EASY ACCESS
- CONVENIENT LOCATION
- SECURITY ON SITE
- DAILY OR MONTHLY
- NO DUST

Designed By Punjab Mail USA

# ਅਮਰੀਕਾ 'ਚ ਬੰਦੂਕ ਹਿੰਸਾ ਸਿਖਰਾਂ 'ਤੇ ਹੋਣ ਦੇ ਬਾਵਜੂਦ ਗਰੌਸਰੀ ਸਟੋਰਾਂ 'ਤੇ ਮਿਲ ਰਹੀਆਂ ਨੇ ਬੰਦੂਕ ਦੀਆਂ ਗੋਲੀਆਂ

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ 'ਚ ਬੰਦੂਕ ਹਿੰਸਾ ਆਪਣੇ ਸਿਖਰ 'ਤੇ ਹੋਣ ਦੇ ਬਾਵਜੂਦ ਵੀ, ਇੱਥੇ ਕਰਿਆਨੇ ਦੀਆਂ ਦੁਕਾਨਾਂ 'ਤੇ ਬੰਦੂਕ ਦੀਆਂ ਗੋਲੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਦਿ ਟੈਲੀਗ੍ਰਾਫ ਅਨੁਸਾਰ ਇਹ ਸਹੂਲਤ ਅਮਰੀਕਾ ਦੇ 3 ਰਾਜਾਂ ਵਿਚ ਸ਼ੁਰੂ ਕੀਤੀ ਗਈ ਹੈ, ਜਿਸ ਕਾਰਨ ਗਰੌਸਰੀ ਦੀਆਂ ਦੁਕਾਨਾਂ ਵਿਚ ਵੈਂਡਿੰਗ ਮਸ਼ੀਨਾਂ ਰਾਹੀਂ ਬੰਦੂਕ ਦੀਆਂ ਗੋਲੀਆਂ ਵੀ ਉਪਲਬਧ ਹਨ। ਅਲਾਬਾਮਾ, ਓਕਲਾਹੋਮਾ ਅਤੇ ਟੈਕਸਾਸ ਦੇ ਕੁਝ ਸਟੋਰਾਂ 'ਤੇ ਗਾਹਕ ਆਪਣੀ ਆਈ.ਡੀ. ਨੂੰ ਸਕੈਨ ਕਰਨ ਦੁਆਰਾ ਹਥਿਆਰਾਂ ਲਈ ਗੋਲੀਆਂ ਪ੍ਰਾਪਤ ਕਰ ਸਕਦੇ ਹਨ। ਗੋਲੀਆਂ ਕੱਢਣਾ ਏ.ਟੀ.ਐੱਮ. ਜਿੰਨਾ ਹੀ ਆਸਾਨ ਹੈ। ਰਿਪੋਰਟ ਮੁਤਾਬਕ ਮਸ਼ੀਨਾਂ ਦਾ ਨਿਰਮਾਣ ਅਮਰੀਕਨ ਰਾਊਂਡਸ ਦੁਆਰਾ ਕੀਤਾ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਵਰਤੋਂ ਆਟੋਮੇਟਿਡ ਟੈਲਰ ਮਸ਼ੀਨ (ਏ.ਟੀ.ਐੱਮ.) ਜਿੰਨੀ ਹੀ ਆਸਾਨ ਹੈ। ਕੰਪਨੀ ਦੀ ਵੈੱਬਸਾਈਟ ਦੱਸਦੀ ਹੈ ਕਿ ਉਨ੍ਹਾਂ ਦੇ ਸਵੈਚਲਿਤ ਅਸਲਾ ਡਿਸਪੈਂਸਰ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੇ ਹਨ, ਜਿਸ ਨਾਲ ਗਾਹਕਾਂ ਨੂੰ ਲੰਬੀਆਂ ਲਾਈਨਾਂ ਵਿਚ ਉਡੀਕ ਕੀਤੇ ਬਿਨਾਂ ਕਿਸੇ ਵੀ ਸਮੇਂ ਆਪਣੀਆਂ ਬੰਦੂਕਾਂ ਲਈ ਅਸਲਾ ਖਰੀਦਣ ਦੀ ਇਜਾਜ਼ਤ ਮਿਲਦੀ ਹੈ।

ਕੰਪਨੀ ਲੂਸੀਆਨਾ ਅਤੇ ਕੋਲੋਰਾਡੋ ਸਮੇਤ ਉਨ੍ਹਾਂ ਰਾਜਾਂ ਵਿਚ ਉਪਕਰਣਾਂ



ਦਾ ਉਤਪਾਦਨ ਕਰਨਾ ਜਾਰੀ ਰੱਖੇਗੀ, ਜਿੱਥੇ ਸ਼ਿਕਾਰ ਕਰਨਾ ਪ੍ਰਸਿੱਧ ਹੈ। ਇਹ ਮਸ਼ੀਨਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ, ਕਾਰਡ ਸਕੈਨਿੰਗ ਅਤੇ ਚਿਹਰੇ ਦੀ ਪਛਾਣ ਕਰਨ ਵਾਲੇ ਸਾਫਟਵੇਅਰ ਦੀ ਵਰਤੋਂ ਖਰੀਦਦਾਰ ਦੀ ਪਛਾਣ ਨੂੰ ਉਸ ਦੇ ਚਿਹਰੇ ਦੇ ਨਾਲ ਕਰਨ ਲਈ ਕਰਦੀਆਂ ਹਨ ਅਤੇ ਇਹ ਦਰਸਾਉਂਦੀ ਹੈ ਕਿ ਖਰੀਦਦਾਰ ਦੀ ਉਮਰ 18 ਸਾਲ ਤੋਂ ਵੱਧ ਹੋਵੇ। ਗਾਹਕ ਫਿਰ ਇੱਕ ਟੱਚ ਸਕਰੀਨ ਰਾਹੀਂ ਆਪਣੀ ਪਸੰਦ ਦੇ ਅਸਲੇ ਦੀ ਚੋਣ ਕਰਦੇ ਹਨ ਅਤੇ ਮਸ਼ੀਨ ਦੇ ਹੇਠਾਂ ਇੱਕ ਵੱਡੀ ਮੋਰੀ ਤੋਂ ਗੋਲੀਆਂ ਮੁੜ ਪ੍ਰਾਪਤ ਕਰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਬਾਇਡਨ ਪ੍ਰਸ਼ਾਸਨ ਨੇ ਬੰਦੂਕ ਸੁਰੱਖਿਆ ਨੂੰ ਜਨਤਕ ਸਿਹਤ ਸੰਕਟ ਘੋਸ਼ਿਤ ਕੀਤਾ ਹੈ। ਨੈਸ਼ਨਲ ਸੈਂਟਰ ਫਾਰ ਹੈਲਥ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੇ ਅਲਬਾਮਾ ਰਾਜ ਵਿਚ ਬੰਦੂਕ ਨਾਲ ਹੋਣ ਵਾਲੀਆਂ ਮੌਤਾਂ ਦੀ ਚੌਥੀ ਸਭ ਤੋਂ ਉੱਚੀ ਦਰ ਹੈ। ਇਸ ਰਾਜ ਵਿਚ 2022 ਵਿਚ ਪ੍ਰਤੀ 100,000 ਲੋਕਾਂ ਵਿਚ ਬੰਦੂਕ ਨਾਲ 25.5 ਮੌਤਾਂ ਹੋਣ ਦਾ ਅਨੁਮਾਨ ਹੈ। ਰਾਜ ਵਿਚ ਕੁੱਲ ਬੰਦੂਕਾਂ ਨਾਲ 1,278 ਮੌਤਾਂ ਹੋਈਆਂ ਹਨ।

# ਅਮਰੀਕਨ ਅਜ਼ਾਦੀ ਦਿਹਾੜੇ 'ਤੇ ਵਾਸ਼ਿੰਗਟਨ ਡੀ.ਸੀ. 'ਚ ਕੱਢੀ ਗਈ ਨੈਸ਼ਨਲ ਪਰੇਡ 'ਚ ਸਿੱਖਸ ਆਫ਼ ਅਮੈਰਿਕਾ ਦੇ 'ਸਿੱਖ ਫ਼ਲੋਟ' ਦੀ ਹੋਈ ਖੂਬ ਚਰਚਾ

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ ਵਿਚ ਵੱਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਆਜ਼ਾਦੀ ਦਾ ਦਿਨ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਵਾਲਾ ਹੁੰਦਾ ਹੈ ਅਤੇ ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਰਾਸ਼ਟਰੀ ਪੱਧਰ ਦੀ ਇਕ ਆਜ਼ਾਦੀ ਦੀ ਨੈਸ਼ਨਲ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਆਪਣਾ ਫਲੋਟ ਸ਼ਾਮਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਸਿੱਖਸ ਆਫ਼ ਅਮੈਰਿਕਾ ਵਲੋਂ ਪਿਛਲੇ 11 ਸਾਲਾਂ ਤੋਂ ਆਪਣਾ ਫ਼ਲੋਟ ਇਸ ਪਰੇਡ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ਼ ਅਮੈਰਿਕਾ ਨੂੰ ਆਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਸਿੱਖ ਫ਼ਲੋਟ ਸ਼ਾਮਲ ਕਰਨ ਦੀ ਪ੍ਰਵਾਨਗੀ ਮਿਲੀ ਤੇ ਸਿੱਖਸ ਆਫ਼ ਅਮੈਰਿਕਾ ਨੇ ਇਸ ਪਰੇਡ ਵਿਚ ਸਿੱਖ ਫ਼ਲੋਟ ਸ਼ਾਮਲ ਕਰਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫ਼ਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ, ਜਿਸ ਵਿਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ਼ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ










ਅਮਰੀਕਾ 'ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖ਼ੇਤਰ, ਬਿਜਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਦੱਸਣਯੋਗ ਹੈ ਕਿ ਇਸ ਫਲੋਟ ਵਿਚ ਵਰਲਡ ਬੈਂਕ ਦੇ ਪ੍ਰਧਾਨ ਬਣੇ ਕੇਸਾਧਾਰੀ ਸਿੱਖ ਅਜੇ ਬੰਗਾ ਅਤੇ ਪ੍ਰਸਿੱਧ ਟੀ.ਵੀ. ਸ਼ੋਅ ਬਿਗ ਬ੍ਰਦਰਜ਼ ਦੇ ਜੇਤੂ ਰਹੇ ਨਵ ਬੈਂਸ ਦੀਆਂ ਪ੍ਰਾਪਤੀਆਂ ਨੂੰ ਵੀ ਦਰਸਾਇਆ ਗਿਆ ਸੀ। ਫ਼ਲੋਟ ਦੇ ਅੱਗੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ, ਜਿਨ੍ਹਾਂ ਦੇ ਪਿੱਛੇ ਮਿੰਟਗੁਮਰੀ ਕਾਉਂਟੀ ਦੇ ਪੁਲਿਸ ਡਿਪਾਰਟਮੈਂਟ ਦੇ ਦੋ ਪਗੜੀਧਾਰੀ ਸਿੱਖ ਪੁਲਿਸ ਅਫਸਰ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਪੈਦਲ ਮਾਰਚ ਕਰਦੇ ਆ ਰਹੇ ਸਨ।

ਇਕ ਅੰਦਾਜ਼ੇ ਮੁਤਾਬਿਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫ਼ਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਸਿੱਖ ਫ਼ਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰਿਕਨ ਫਲੈਗ ਤੇ ਸਿੱਖਸ ਆਫ ਅਮੈਰਿਕਾ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਹਿਨੇ ਮਰਦ ਅਤੇ ਅਮੈਰਿਕਨ ਝੰਡੇ ਦੇ ਸਕਾਰਫ਼ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫ਼ਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫ਼ਲੋਟ ਵਿਚ ਸਿੱਖਸ ਆਫ ਅਮਰਿਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਦਿਲਵੀਰ ਸਿੰਘ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਫ਼ਲੋਰਾ, ਚਤਰ ਸਿੰਘ ਸੈਣੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਗੁਰਚਰਨ ਸਿੰਘ ਸਾਬਕਾ ਵਰਲਡ ਬੈਂਕ ਅਧਿਕਾਰੀ, ਜਸਵਿੰਦਰ ਸਿੰਘ ਰੌਇਲ ਤਾਜ, ਨਿਹਾਲ ਸਿੰਘ, ਸਰਮੁੱਖ ਸਿੰਘ ਮਾਣਕੂ ਅਤੇ ਦਵਿੰਦਰ ਸਿੰਘ ਚਿੱਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਿੱਖ ਐਸੋਸੀਏਸ਼ਨ ਬਾਲਟੀਮੋਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਸੰਨੀ ਪ੍ਰਧਾਨ, ਚਰਨਜੀਤ ਸਿੰਘ ਸਰਪੰਚ ਚੇਅਰਮੈਨ, ਗੁਰਦਿਆਲ ਸਿੰਘ ਭੋਲਾ, ਗੁਰਦੇਵ ਘੋਤੜਾ, ਸੁਰਜੀਤ ਸਿੰਘ ਗੋਲਡੀ, ਜਰਨੈਲ ਸਿੰਘ ਟੀਟੂ, ਜਸਵੰਤ ਸਿੰਘ ਧਾਲੀਵਾਲ ਅਤੇ ਡੰਡਾਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜੋਗਿੰਦਰ ਸਿੰਘ ਸਮਰਾ ਸ਼ਾਮਿਲ ਹੋਏ। ਪਰੇਡ ਵਿਚ ਸ਼ਾਮਲ ਲੋਕਾਂ ਵਿਚ ਸਿੱਖ ਫਲੋਟ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਹਰ ਭਾਈਚਾਰੇ ਵਿਚ ਸਿੱਖਸ ਆਫ ਅਮੈਰਿਕਾ ਦੇ ਇਸ ਸਿੱਖ ਫਲੋਟ ਦੀ ਖ਼ੂਬ ਚਰਚਾ ਹੁੰਦੀ ਰਹੀ।




# ਭਾਰਤੀ-ਅਮਰੀਕੀ ਬੱਚੀ ਪ੍ਰਨਿਸਕਾ ਮਿਸ਼ਰਾ ਨੇ ਆਪਣੀ ਗਾਇਕੀ ਨਾਲ 'ਅਮਰੀਕਾਜ਼ ਗੌਟ ਟੈਲੇਂਟ' ਦੇ ਜੱਜਾਂ ਦਾ ਜਿੱਤਿਆ ਦਿਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤੀ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹੀ ਰਹੇ ਹਨ ਅਤੇ ਦੁਨੀਆਂ ਭਰ ਵਿਚ ਆਪਣੀ ਕਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਹਨ ਅਤੇ ਅਜਿਹਾ ਹੀ ਹਾਲ ਹੀ ਵਿਚ ਇਸ ਤਰ੍ਹਾਂ ਹੋਇਆ ਹੈ। ਅਸਲ ਵਿਚ ਭਾਰਤੀ ਮੂਲ ਦੀ ਪ੍ਰਨਿਸਕਾ ਮਿਸ਼ਰਾ ਆਪਣੀ ਆਵਾਜ਼ ਦੇ ਨਾਲ ਅਮਰੀਕੀ ਦਰਸ਼ਕਾਂ ਦਾ ਦਿਲ ਜਿੱਤ ਲਿਆ ਹੈ। ਭਾਰਤੀ-ਅਮਰੀਕੀ ਪ੍ਰਨਿਸਕਾ ਮਿਸ਼ਰਾ ਸਿਰਫ 9 ਸਾਲ ਦੀ ਹੈ ਅਤੇ ਉਹ ਮਸ਼ਹੂਰ ਟੀ.ਵੀ. ਪ੍ਰਤਿਭਾ ਸ਼ੋਅ 'ਅਮਰੀਕਾਜ਼ ਗੌਟ ਟੈਲੇਂਟ' ਵਿਚ ਭਾਗ ਲੈਣ ਵਾਲਿਆਂ ਵਿਚੋਂ ਇੱਕ ਰਹੀ ਹੈ। ਲੋਕਾਂ ਨੇ ਉਸ



ਦੀ ਗਾਇਕੀ ਨੂੰ ਬਹੁਤ ਹੀ ਪਸੰਦ ਕੀਤਾ ਹੈ ਅਤੇ ਉਸ ਦੇ ਹੁਨਰ ਦੀ ਬਹੁਤ ਹੀ ਸ਼ਲਾਘਾ ਹੋਈ ਹੈ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਹਫਤੇ ਪ੍ਰਨਿਸਕਾ ਮਿਸ਼ਰਾ ਨੇ ਟੀਨਾ ਟਰਨਰ ਦਾ ਗੀਤ 'ਰਿਵਰ ਡੀਪ, ਮਾਊਂਟੇਨ ਹਾਈ' ਗਾ ਕੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ ਸੀ। ਸ਼ੋਅ ਦੇ ਜੱਜ ਪ੍ਰਨਿਸਕਾ ਅਤੇ ਉਸ ਦੇ ਗਾਇਕੀ ਦੇ ਹੁਨਰ ਦੀ ਤਾਰੀਫ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੇ। ਜੱਜ ਸਾਈਮਨ ਕੋਵੇਲ ਅਤੇ ਹੇਡੀ ਕਲਮ ਉਸ ਦੇ ਪ੍ਰਦਰਸ਼ਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਪ੍ਰਨਿਸਕਾ ਮਿਸ਼ਰਾ ਲਈ 'ਗੋਲਡਨ ਬਜ਼ਰ' ਦਬਾ ਦਿੱਤਾ।

ਪ੍ਰਨਿਸਕਾ ਮਿਸ਼ਰਾ ਦਾ ਕਹਿਣਾ ਹੈ ਕਿ ਉਸ ਨੂੰ ਗਾਇਕੀ ਤੋਂ ਹੀ ਖੁਸ਼ੀ ਮਿਲਦੀ ਹੈ ਅਤੇ ਉਸ ਨੂੰ ਗਾਇਕੀ ਦਾ ਹਮੇਸ਼ਾ ਹੀ ਸ਼ੌਕ ਰਿਹਾ ਹੈ। ਉਸ ਨੇ ਦੱਸਿਆ ਕਿ ਜਦੋਂ ਉਹ 4 ਸਾਲ ਦੀ ਸੀ, ਤਾਂ ਉਹ ਇਸ ਤਰ੍ਹਾਂ ਗਾਉਣ ਦਾ ਦਿਖਾਵਾ ਕਰਦੀ ਸੀ, ਜਿਵੇਂ ਮਾਈਕ੍ਰੋਫ਼ੋਨ ਨਾਲ ਸਾਰੀ ਦੁਨੀਆਂ ਲਈ ਗਾਉਂਦੀ ਹੋਵੇ।

# ਅਮਰੀਕਾ 'ਚ 3 ਲੋਕਾਂ ਦੀ ਹੱਤਿਆ ਮਾਮਲੇ 'ਚ ਦੋਸ਼ੀ ਡਰਾਈਵਰ ਨੂੰ ਨਹੀਂ ਮਿਲੀ ਜ਼ਮਾਨਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਨਿਊਯਾਰਕ ਦੀ ਮੈਨਹਟਨ ਕ੍ਰਿਮੀਨਲ ਕੋਰਟ ਦੇ ਜੱਜ ਨੇ ਦੋਸ਼ੀ ਡਰਾਈਵਰ ਡੇਨੀਅਲ ਹਾਈਡਨ ਦੀ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ ਹੈ, ਜਿਸ 'ਤੇ ਤਿੰਨ ਲੋਕਾਂ ਦੀ ਹੱਤਿਆ ਕਰਨ ਅਤੇ ਅੱਠ ਨੂੰ ਜ਼ਖਮੀ ਕਰਨ ਦਾ ਦੋਸ਼ ਹੈ। ਜਦੋਂ ਉਹ ਸ਼ਰਾਬ ਪੀ ਕੇ ਗੱਡੀ ਚਲਾ ਰਿਹਾ ਸੀ ਅਤੇ ਬੀਤੇ ਵੀਰਵਾਰ ਦੀ ਸ਼ਾਮ ਨੂੰ 4 ਜੁਲਾਈ ਨੂੰ ਸੁਤੰਤਰਤਾ ਦਿਵਸ ਦਾ ਜਸ਼ਨ ਮਨਾ ਰਹੀ ਭੀੜ 'ਤੇ ਪਿਕਅੱਪ ਟਰੱਕ ਚੜ੍ਹਾਅ ਦਿੱਤਾ ਸੀ। ਮ੍ਰਿਤਕਾਂ ਦੀ ਪਛਾਣ 59 ਸਾਲਾ ਲੂਸੀਲ ਪਿੰਕਨੀ, ਉਸ ਦੇ ਬੇਟੇ ਹਰਮਨ ਪਿੰਕਨੀ (38) ਅਤੇ ਐਨਾ ਮੋਰੇਲ (43) ਵਜੋਂ ਹੋਈ ਹੈ।

ਮੈਨਹਟਨ ਕ੍ਰਿਮੀਨਲ ਕੋਰਟ ਦੇ ਜੱਜ ਨੇ ਡੇਨੀਅਲ ਹਾਈਡਨ ਨੂੰ ਸੁਤੰਤਰਤਾ ਦਿਵਸ 'ਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੌਰਾਨ ਕਥਿਤ ਤੌਰ 'ਤੇ ਤਿੰਨ ਲੋਕਾਂ ਦੀ ਹੱਤਿਆ ਕਰਨ ਅਤੇ ਅੱਠ ਨੂੰ ਜ਼ਖਮੀ ਕਰਨ ਦੇ ਦੋਸ਼ਾਂ ਅਤੇ ਹੋਰ ਅਪਰਾਧਾਂ 'ਤੇ ਬਿਨਾਂ ਜ਼ਮਾਨਤ ਦੇ ਰੱਖਣ ਦਾ ਹੁਕਮ ਦਿੱਤਾ। ਜੱਜ ਰੌਬਰਟ ਮੈਂਡੇਲਬੌਮ ਨੇ ਸ਼ਨੀਵਾਰ ਨੂੰ ਸੁਣਵਾਈ ਦੌਰਾਨ ਹਾਈਡਨ ਦੀ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ। ਹਾਈਡਨ (44) 'ਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਦੋਸ਼ ਹੈ ਜਦੋਂ ਕਿ ਉਸਦਾ ਲਾਇਸੈਂਸ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਦੋਸ਼ੀ ਸਾਊਥਾਲ ਬਰੰਜ਼ਵਿਕ, ਨਿਊਜਰਸੀ ਦਾ ਨਿਵਾਸੀ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਲਾਪ੍ਰਵਾਹੀ ਨਾਲ ਇੱਕ ਹਥਿਆਰ ਨਾਲ ਗੰਭੀਰ ਸੱਟ ਦਾ ਕਾਰਨ ਬਣੇ ਹਮਲੇ ਦੇ ਅੱਠ ਦੋਸ਼ਾਂ ਦਾ ਵੀ ਸਾਹਮਣਾ ਕਰ ਰਿਹਾ ਹੈ। ਦੋਸ਼ੀ ਪਾਏ ਜਾਣ 'ਤੇ ਹਾਈਡੇਨ ਨੂੰ 25 ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

# ਟੈਕਸਾਸ 'ਚ ਮਾਂ ਨੇ ਅੱਤ ਦੀ ਗਰਮੀ 'ਚ ਆਪਣੇ 3 ਬੱਚਿਆਂ ਨੂੰ ਕਾਰ 'ਚ ਛੱਡਿਆ; ਹੋਈ ਗ੍ਰਿਫ਼ਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਟੈਕਸਾਸ ਰਾਜ ਵਿਚ ਸੈਨ ਐਨਟੋਨੀਓ ਵਿਖੇ ਇਕ ਮਾਂ ਵੱਲੋਂ ਆਪਣੇ 3 ਬੱਚਿਆਂ ਨੂੰ ਅੱਤ ਦੀ ਗਰਮੀ ਵਿਚ ਆਪਣੀ ਕਾਰ 'ਚ ਛੱਡ ਕੇ ਖਰੀਦਦਾਰੀ ਕਰਨ ਲਈ ਚਲੇ ਜਾਣ ਦੀ ਖਬਰ ਹੈ। ਬਾਅਦ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਰਾਹਗੀਰ ਨੇ ਫੋਨ ਕਰਕੇ ਪੁਲਿਸ ਨੂੰ ਦੱਸਿਆ ਕਿ ਇਕ ਕਾਰ ਵਿਚ ਬੱਚੇ ਬੰਦ ਹਨ ਤੇ ਕਾਰ



ਕਾਰ ਵਿਚ ਬੰਦ ਬੱਚਿਆਂ ਵਿਚੋਂ ਨਜ਼ਰ ਆ ਰਿਹਾ ਇਕ ਬੱਚਾ।

ਬੰਦ ਹੈ। ਇਸ ਉਪਰੰਤ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਸੈਨ ਐਨਟੋਨੀਓ ਪੁਲਿਸ ਵਿਭਾਗ ਅਨੁਸਾਰ ਮੁੱਢਲੀ ਰਿਪੋਰਟ ਅਨੁਸਾਰ ਕਾਰ ਵਿਚੋਂ 3 ਬੱਚੇ ਬਚਾਏ ਗਏ ਹਨ, ਜਿਨ੍ਹਾਂ ਦੀ ਉਮਰ 1, 2 ਤੇ 4 ਸਾਲ ਹੈ। ਵਿਭਾਗ ਅਨੁਸਾਰ ਜਦੋਂ ਮਾਂ ਮੌਕੇ 'ਤੇ ਪੁੱਜੀ, ਤਾਂ ਉਸ ਨੇ ਕਿਹਾ ਕਿ ਉਹ ਸਟੋਰ ਵਿਚ ਗਈ ਸੀ ਪਰੰਤੂ ਉਸ ਨਹੀਂ ਸੀ ਪਤਾ ਕਿ ਏਨਾ ਸਮਾਂ ਲੱਗ ਜਾਵੇਗਾ। ਬੱਚੇ ਤਕਰੀਬਨ 50 ਮਿੰਟ ਕਾਰ ਵਿਚ ਬੰਦ ਰਹੇ। ਮਾਂ ਦੀ ਪਛਾਣ ਐਂਗਲਾ ਗਰਜ਼ਾ ਅਮਾਡੋਰ ਵਜੋਂ ਹੋਈ ਹੈ, ਜਿਸ ਨੂੰ ਗ੍ਰਿਫਤਾਰੀ ਉਪਰੰਤ ਨਿੱਜੀ ਮਚਲਕੇ 'ਤੇ ਰਿਹਾਅ ਕਰ ਦਿੱਤਾ ਗਿਆ।

# 12 ਜੁਲਾਈ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਵੇਗੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ'

**ਜਲੰਧਰ, (ਪੰਜਾਬ ਮੇਲ)**- ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਸਮਝਣ, ਗੁਰਬਾਣੀ ਤੇ ਲੜ ਲੱਗਣ ਤੇ ਚੰਗੀ ਸੋਚ ਨਾਲ ਮੁਸ਼ਕਲ ਹਾਲਾਤ 'ਚੋਂ ਬਾਹਰ ਨਿਕਲਣ ਦੀ ਕਹਾਣੀ ਬਿਆਨ ਕਰਦੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' 12 ਜੁਲਾਈ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋ ਰਹੀ ਹੈ। ਫ਼ਿਲਮ ਦੇ ਟਰੇਲਰ ਤੇ ਗੀਤਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਦਰਸ਼ਕਾਂ ਵਿਚ ਫ਼ਿਲਮ ਪ੍ਰਤੀ ਉਤਸੁਕਤਾ ਪਾਈ ਜਾ ਰਹੀ ਹੈ।




ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਤਰਨਵੀਰ ਜਗਪਾਲ ਨੇ ਕਿਹਾ ਕਿ ਫ਼ਿਲਮ ਦੇ ਮੁੱਖ ਕਲਾਕਾਰਾਂ ਵਿਚ ਦੇਵ ਖਰੌੜ, ਯੋਗਰਾਜ ਸਿੰਘ, ਹਰਜੀ ਨਾਗਰਾ, ਕਿੰਮੀ ਵਰਮਾ, ਸਰਬਜੀਤ ਚੀਮਾ, ਮੋਨਿਕਾ ਗਿੱਲ, ਈਸ਼ਾ ਰਿਖੀ, ਹਾਰਬੀ ਸੰਘਾ, ਕਮਲਜੀਤ ਨੀਰੂ, ਬਲਜਿੰਦਰ ਸਿੰਘ ਅਟਵਾਲ, ਸਰਿਤਾ ਤਿਵਾੜੀ ਸਮੇਤ ਹੋਰ ਅਦਾਕਾਰਾਂ ਨੇ ਬਹੁਤ ਸੋਹਣੀ ਅਦਾਕਾਰੀ ਕੀਤੀ ਹੈ।

ਫ਼ਿਲਮ ਦੇ ਗੀਤ ਅਮਰਿੰਦਰ ਗਿੱਲ, ਵੀਤ ਬਲਜੀਤ, ਜੈਨੀ ਜੌਹਲ, ਬਾਬਾ ਗੁਲਾਬ ਸਿੰਘ, ਕਮਲ ਖ਼ਾਂ ਤੇ ਹਿਮਾਂਸ਼ੂ ਸ਼ਰਮਾ ਨੇ ਗਾਏ ਹਨ। ਫ਼ਿਲਮ ਦੀ ਸ਼ੂਟਿੰਗ ਕਨੇਡਾ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈ ਹੈ।

ਦੇਵ ਖਰੌੜ ਨੇ ਕਿਹਾ ਕਿ 'ਉੱਚਾ ਦਰ ਬਾਬੇ ਨਾਨਕ ਦਾ' ਉਸ ਦੀਆਂ ਹੁਣ ਤੱਕ ਰਿਲੀਜ਼ ਹੋਈਆਂ ਸਾਰੀਆਂ ਫ਼ਿਲਮਾਂ ਤੋਂ ਵੱਖਰੀ ਹੈ। ਇਹ ਬਾਣੀ 'ਤੇ ਭਰੋਸਾ ਬੰਨ੍ਹਾਉਣ ਵਾਲੀ ਹੈ ਤੇ ਗੁਰੂਆਂ ਦੇ ਫ਼ਲਸਫ਼ੇ ਮੁਤਾਬਕ ਅੱਗੇ ਵਧਣ ਲਈ ਪ੍ਰੇਰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਦੀਆਂ ਫ਼ਿਲਮਾਂ ਨਾਲੋਂ ਵੱਖਰੇ ਵਿਸ਼ੇ ਦੀ ਇਹ ਫ਼ਿਲਮ ਘਰ-ਘਰ ਦੀ ਕਹਾਣੀ ਹੈ। ਹਰ ਕਿਸੇ ਜ਼ਿੰਦਗੀ ਵਿਚ ਸਮੇਂ-ਸਮੇਂ 'ਤੇ ਵੱਡੇ ਸੰਕਟ ਆਉਂਦੇ ਹਨ ਤੇ ਇਹ ਫ਼ਿਲਮ ਉਨ੍ਹਾਂ ਸੰਕਟਾਂ 'ਚੋਂ ਗੁਰੂ ਦੇ ਆਸਰੇ ਨਾਲ ਪਾਰ ਲੰਘਣ ਦੀ ਗੱਲ ਪੇਸ਼ ਕਰਦੀ ਹੈ।

**ਮੇਰੀਆਂ ਅੱਜ ਦੀਆਂ ਫ਼ਿਲਮਾਂ 'ਚੋਂ ਇਹ ਸਭ ਤੋਂ ਵੱਖਰੀ ਫ਼ਿਲਮ : ਦੇਵ ਖਰੌੜ**

ਦੱਸਣਯੋਗ ਹੈ ਕਿ ਫ਼ਿਲਮ ਦੇ ਨਿਰਮਾਤਾ ਤਰਨਵੀਰ ਸਿੰਘ ਜਗਪਾਲ, ਸੁਨੀਲ ਸ਼ਰਮਾ, ਦਰਸ਼ਨ ਸ਼ਰਮਾ ਤੇ ਚਰਨਪ੍ਰੀਤ ਬੱਲ ਹਨ।




# ਅਮਰੀਕਾ 'ਚ ਅਨਿਯਮਿਤ ਪ੍ਰਵਾਸ ਦੀ ਸਹੂਲਤ ਦੇਣ ਵਾਲੀਆਂ ਯਾਤਰਾ ਕੰਪਨੀਆਂ ਦੇ ਕਾਰਜਕਾਰੀ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ



**ਵਾਸ਼ਿੰਗਟਨ, (ਪੰਜਾਬ ਮੇਲ)-** ਸੰਯੁਕਤ ਰਾਜ ਅਮਰੀਕਾ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ (ਆਈ.ਐੱਨ.ਏ.) ਦੀ ਧਾਰਾ 212(a)(3)(c) ਦੇ ਤਹਿਤ ਆਪਣੀ ਵੀਜ਼ਾ ਪਾਬੰਦੀ ਨੀਤੀ ਦਾ ਵਿਸਤਾਰ ਕਰ ਰਿਹਾ ਹੈ, ਜੋ ਉਨ੍ਹਾਂ ਵਿਅਕਤੀਆਂ ਨੂੰ ਵੀਜ਼ਾ ਜਾਰੀ ਕਰਨ 'ਤੇ ਪਾਬੰਦੀ ਲਗਾਉਂਦਾ ਹੈ, ਜੋ ਸੰਯੁਕਤ ਰਾਜ ਵਿਚ ਅਨਿਯਮਿਤ ਪ੍ਰਵਾਸ ਦੀ ਸਹੂਲਤ ਦਿੰਦੇ ਹਨ ਅਤੇ ਸ਼ੋਸ਼ਣ ਤੋਂ ਲਾਭ ਲੈਂਦੇ ਹਨ। ਸਾਡੀ ਵਿਸਤ੍ਰਿਤ ਨੀਤੀ ਹੁਣ ਟ੍ਰੈਵਲ ਏਜੰਸੀਆਂ ਅਤੇ ਟੂਰ ਆਪਰੇਟਰਾਂ ਦੇ ਕਾਰਜਕਾਰੀ ਅਧਿਕਾਰੀਆਂ 'ਤੇ ਵੀ ਲਾਗੂ ਹੋਵੇਗੀ, ਜੋ ਮੁੱਖ ਤੌਰ 'ਤੇ ਸੰਯੁਕਤ ਰਾਜ ਵਿਚ ਅਨਿਯਮਿਤ ਪ੍ਰਵਾਸੀਆਂ ਲਈ ਤਿਆਰ ਕੀਤੀਆਂ ਯਾਤਰਾ ਸੇਵਾਵਾਂ ਪ੍ਰਦਾਨ ਕਰਦੇ ਹਨ।

ਜਿਵੇਂ ਕਿ ਅਸੀਂ ਇਸ ਵਿਸਤ੍ਰਿਤ ਨੀਤੀ ਨੂੰ ਲਾਗੂ ਕਰਦੇ ਹਾਂ, ਅਸੀਂ ਸਰਕਾਰੀ ਅਤੇ ਨਿੱਜੀ ਖੇਤਰ ਵਿਚ ਭਾਈਵਾਲਾਂ ਦੇ ਸਹਿਯੋਗ ਨਾਲ, ਪੱਛਮੀ ਗੋਲਿਸਫਾਇਰ ਦੇ ਅੰਦਰ ਅਤੇ ਉਸ ਤੋਂ ਬਾਹਰ ਸ਼ੋਸ਼ਣ ਕਰਨ ਵਾਲੀਆਂ ਪ੍ਰਥਾਵਾਂ ਨੂੰ ਖਤਮ ਕਰਨ ਲਈ ਸਾਡੀ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ ਬੇਈਮਾਨ ਆਵਾਜਾਈ ਅਧਿਕਾਰੀਆਂ ਦੇ ਵਿਰੁੱਧ ਵੀਜ਼ਾ ਪਾਬੰਦੀਆਂ ਦੀ ਵਰਤੋਂ ਕਰਨਾ ਜਾਰੀ ਰੱਖਾਂਗੇ। ਕਿਸੇ ਨੂੰ ਵੀ ਕਮਜ਼ੋਰ ਪ੍ਰਵਾਸੀਆਂ ਤੋਂ ਲਾਭ ਨਹੀਂ ਲੈਣਾ ਚਾਹੀਦਾ - ਨਾ ਕਿ ਤਸਕਰ, ਪ੍ਰਾਈਵੇਟ ਕੰਪਨੀਆਂ, ਜਨਤਕ ਅਧਿਕਾਰੀਆਂ, ਜਾਂ ਕੋਈ ਹੋਰ।

ਇਹ ਕਾਰਵਾਈ ਫਰਵਰੀ 2024 ਵਿਚ ਐਲਾਨੀ ਗਈ ਇੱਕ ਸਟੇਟ ਡਿਪਾਰਟਮੈਂਟ ਨੀਤੀ ਦਾ ਵਿਸਤਾਰ ਕਰਦੀ ਹੈ, ਜਿਸ ਨੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ (ਆਈ.ਐੱਨ.ਏ.) ਸੈਕਸ਼ਨ 212(a)(3)(c) ਦੇ ਤਹਿਤ ਨਵੰਬਰ 2023 ਵਿਚ ਐਲਾਨੀ ਇੱਕ ਪੁਰਾਣੀ ਨੀਤੀ ਨੂੰ ਉਲਟਾ ਦਿੱਤਾ ਸੀ। ਨੀਤੀ ਪਹਿਲਾਂ ਜ਼ਮੀਨੀ, ਸਮੁੰਦਰੀ ਜਾਂ ਚਾਰਟਰ ਹਵਾਈ ਦੁਆਰਾ ਆਵਾਜਾਈ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਦੇ ਸੀਨੀਅਰ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਂਦੀ ਸੀ ਅਤੇ ਹੁਣ ਟਰੈਵਲ ਏਜੰਸੀਆਂ ਅਤੇ ਟੂਰ ਆਪਰੇਟਰਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਵੀ ਕਵਰ ਕਰੇਗੀ।

# ਐਬਟਸਫੋਰਡ 'ਚ ਪਤਨੀ ਦੀ ਹੱਤਿਆ ਦੇ ਦੋਸ਼ ਹੇਠ ਪੰਜਾਬੀ ਨੂੰ ਉਮਰ ਕੈਦ

**ਵੈਨਕੂਵਰ, (ਪੰਜਾਬ ਮੇਲ)-** ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਸ਼ਹਿਰ ਐਬਟਸਫੋਰਡ ਵਿਚ ਦੋ ਸਾਲ ਪਹਿਲਾਂ ਆਪਣੀ ਪਤਨੀ ਦੀ ਹੱਤਿਆ ਕਰਨ ਵਾਲੇ ਇਕ ਪੰਜਾਬੀ ਵਿਅਕਤੀ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੂੰ 13 ਸਾਲ ਤੱਕ ਪੈਰੋਲ ਵੀ ਨਹੀਂ ਮਿਲ ਸਕੇਗੀ। ਕਤਲ ਦੀ ਇਹ ਮੰਦਭਾਗੀ ਘਟਨਾ ਦੋ ਸਾਲ ਪਹਿਲਾਂ 28 ਜੁਲਾਈ ਨੂੰ ਵਾਪਰੀ ਸੀ। ਪੁਲਿਸ ਜਦੋਂ ਮੌਕੇ 'ਤੇ ਪਹੁੰਚੀ, ਤਾਂ ਘਰ ਵਿਚ ਦੋ ਬੱਚਿਆਂ ਦੀ ਮਾਂ ਕਮਲਜੀਤ ਕੌਰ ਸੰਧੂ (45) ਤੜਪ ਰਹੀ ਸੀ। ਉਸ ਦੇ ਸਿਰ ਅਤੇ ਗਰਦਨ 'ਤੇ ਕੁਹਾੜੀ ਦੇ ਕਈ ਡੂੰਘੇ ਜ਼ਖ਼ਮ ਸਨ ਅਤੇ ਉਹ ਲਹੂ-ਲੁਹਾਣ ਹੋਈ ਪਈ ਸੀ। ਉਸ ਦੇ ਪਤੀ ਇੰਦਰਜੀਤ ਸਿੰਘ ਸੰਧੂ (50) ਨੂੰ ਕਿਰਾਏਦਾਰਾਂ ਨੇ ਫੜਿਆ ਹੋਇਆ ਸੀ। ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲਿਆ ਤੇ ਹਮਲੇ ਵਿਚ ਵਰਤੀ ਗਈ ਕੁਹਾੜੀ ਵੀ ਕਬਜ਼ੇ ਵਿਚ ਲੈ ਲਈ।



**ਕਮਲਜੀਤ ਕੌਰ ਸੰਧੂ ਦੀ ਫਾਈਲ ਫੋਟੋ।**

**■ 13 ਸਾਲ ਤੱਕ ਨਹੀਂ ਮਿਲੇਗੀ ਪੈਰੋਲ; ਜੱਜ ਨੇ ਕੀਤੀਆਂ ਤਿੱਖੀਆਂ ਟਿੱਪਣੀਆਂ**

ਬੀ.ਸੀ. ਸੁਪਰੀਮ ਕੋਰਟ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਢਾਈ ਕੁ ਮਹੀਨੇ ਪਹਿਲਾਂ ਦੋਸ਼ੀ ਨੇ ਜਸਟਿਸ ਦੇਵ ਡੇਲ ਮੂਹਰੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਮਾਣਯੋਗ ਜੱਜ ਨੇ ਇਸ ਸਬੰਧੀ ਫੈਸਲਾ ਸੁਣਾਉਂਦਿਆਂ ਇੰਦਰਜੀਤ ਸਿੰਘ ਸੰਧੂ ਨੂੰ ਦੋਸ਼ੀ ਕਰਾਰ ਦਿੱਤਾ ਤੇ ਉਮਰ ਕੈਦ ਦੀ ਸਜ਼ਾ ਸੁਣਾਈ। ਜੱਜ ਨੇ ਤਿੱਖੀਆਂ ਟਿੱਪਣੀਆਂ ਕਰਦਿਆਂ ਉਸ ਨੂੰ ਬੁੱਚੜ ਤੇ ਬੇਰਹਿਮ ਪਤੀ ਅਤੇ ਹਿੰਸਕ ਵਿਅਕਤੀ ਕਰਾਰ ਦਿੰਦੇ ਹੋਏ ਕਿਹਾ ਕਿ ਉਹ ਕਿਸੇ ਲਿਹਾਜ਼ ਦਾ ਹੱਕਦਾਰ ਨਹੀਂ ਹੈ।

# ਦੋ ਮਹੀਨੇ ਪਹਿਲਾਂ ਕੈਨੇਡਾ ਗਈ ਮੁਟਿਆਰ ਦੀ ਮੌਤ



**ਮਾਨਸਾ, (ਪੰਜਾਬ ਮੇਲ)-** ਨੇੜਲੇ ਪਿੰਡ ਬਰ੍ਹੇ ਦੀ ਦੋ ਮਹੀਨੇ ਪਹਿਲਾਂ ਕੈਨੇਡਾ ਗਈ ਲੜਕੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਭਾਰਤ ਲਿਆਂਦਾ ਜਾਵੇ। ਜਾਣਕਾਰੀ ਅਨੁਸਾਰ ਪਿੰਡ ਬਰ੍ਹੇ ਦੇ ਕਿਸਾਨ ਮਿੱਠੂ ਸਿੰਘ ਨੇ ਜ਼ਮੀਨ ਵੇਚ ਕੇ ਆਪਣੀ ਧੀ ਬੇਅੰਤ ਕੌਰ (25) ਨੂੰ 31 ਮਾਰਚ ਨੂੰ ਕੈਨੇਡਾ ਭੇਜਿਆ ਸੀ, ਜਿੱਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਿਸਾਨ ਮਿੱਠੂ ਸਿੰਘ ਦਾ ਕਹਿਣਾ ਹੈ ਕਿ ਉਹ 2 ਏਕੜ ਜ਼ਮੀਨ ਦਾ ਮਾਲਕ ਸੀ। ਇਕ ਏਕੜ ਜ਼ਮੀਨ ਵੇਚ ਕੇ ਉਸ ਨੇ ਆਪਣੀ ਧੀ ਨੂੰ ਕੈਨੇਡਾ ਭੇਜਿਆ ਸੀ। ਉਸਦਾ ਕਹਿਣਾ ਹੈ ਕਿ ਧੀ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਕਰੀਬ 25 ਲੱਖ ਰੁਪਏ ਖਰਚ ਆਉਣਗੇ ਪਰ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

# ਇਤਿਹਾਸਕ ਨਾਟਕ "ਜ਼ਫਰਨਾਮਾ" 3 ਅਗਸਤ ਨੂੰ ਸਿਆਟਲ ਵਿਚ ਖੇਡਿਆ ਜਾਵੇਗਾ



**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬ ਲੋਕ ਰੰਗਮੰਚ ਵਲੋਂ ਨਾਟਕਕਾਰ ਸਰਦਾਰ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਇਤਿਹਾਸਕ ਨਾਟਕ "ਜ਼ਫਰਨਾਮਾ" ਔਬਰਨ ਪ੍ਰਫੌਰਮੈਂਸ ਆਰਟ ਸੈਂਟਰ ਵਿਚ ਖੇਡਿਆ ਜਾਵੇਗਾ। "ਸਾਡਾ ਟੀ.ਵੀ. ਯੂ.ਐੱਸ.ਏ." ਅਤੇ ਸਿਮਰਨ ਪ੍ਰੋਡਕਸ਼ਨ ਵਲੋਂ ਸਿਆਟਲ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਨਾਟਕ ਦਾ ਲੋਕਾਂ ਵਲੋਂ ਬੜੀ ਸ਼ਿੱਦਤ ਨਾਲ ਇੰਤਜਾਰ ਕੀਤਾ ਜਾ ਰਿਹਾ ਹੈ। ਸਿਮਰਨ ਸਿੰਘ ਵਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ ਸਿੱਖ ਇਤਿਹਾਸ ਦੇ ਪੱਤਰਿਆਂ ਨੂੰ ਫਰੋਲਦਾ ਇਹ ਨਾਟਕ ਦਰਸ਼ਕਾਂ ਨੂੰ ਇੱਕ ਵੱਖਰੇ ਵਿਸਮਾਦ ਵੱਲ ਲੈ ਜਾਵੇਗਾ। ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਅਨੰਦਪੁਰ ਸਹਿਬ ਦੇ ਕਿਲ੍ਹੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦਰਸਾਉਂਦਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ "ਜ਼ਫਰਨਾਮੇ" ਤੱਕ ਪਹੁੰਚੇਗਾ। ਇਸ ਨਾਟਕ ਵਿਚ ਔਰੰਗਜ਼ੇਬ ਦੀ ਜ਼ਿੰਦਗੀ ਦੇ ਆਖਰੀ ਪਲਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਜਾਵੇਗਾ। "ਸਾਡਾ ਟੀ.ਵੀ. ਯੂ.ਐੱਸ.ਏ." ਅਤੇ ਸਿਮਰਨ ਪ੍ਰੋਡਕਸ਼ਨ ਦੇ ਸੰਚਾਲਕ ਸਿਮਰਨ ਸਿੰਘ ਨੇ ਦੱਸਿਆ ਕਿ ਨਾਟਕਕਾਰ ਸਰਦਾਰ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਪਹਿਲਾਂ ਵੀ "ਮਹਾਂਰਾਣੀ ਜਿੰਦਾਂ" ਅਤੇ "ਮਿਟੀ ਧੁੰਦ ਜੱਗ ਚਾਨਣ ਹੋਆ" ਇਤਿਹਾਸਕ ਨਾਟਕ ਖੇਡੇ ਜਾ ਚੁੱਕੇ ਹਨ, ਜਿਨ੍ਹਾਂ ਨੂੰ ਦਰਸ਼ਕਾਂ ਵਲੋਂ ਬਹੁਤ ਸਲਾਹਿਆ ਗਿਆ ਸੀ। ਹੁਣ ਸਾਡਾ ਫਰਜ਼ ਬਣਦਾ ਹੈ ਕਿ ਨਾਟਕਕਾਰੀ ਦੀ ਇਸ ਕਲਾ ਨੂੰ ਜਿਉਂਦਾ ਰੱਖਣ ਅਤੇ ਕਲਾਕਾਰਾਂ ਦਾ ਹੌਂਸਲਾ ਵਧਾਉਣ ਲਈ 3 ਅਗਸਤ ਨੂੰ ਵੱਧ ਤੋਂ ਵੱਧ ਸੰਗਤਾਂ ਲੈ ਕੇ ਔਬਰਨ ਪ੍ਰਫੌਰਮੈਂਸ ਆਰਟ ਸੈਂਟਰ ਵਿਚ ਪਹੁੰਚੀਏ।

# ਸੰਜੈ ਸਿੰਘ 'ਆਪ' ਸੰਸਦੀ ਦਲ ਦੇ ਮੁਖੀ ਨਿਯੁਕਤ



**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਨੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ 'ਆਪ' ਦੇ ਸੰਸਦੀ ਦਲ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਰਾਜ ਸਭਾ 'ਚ ਪਾਰਟੀ ਦਾ ਨੇਤਾ ਵੀ ਚੁਣਿਆ ਗਿਆ ਹੈ।' ਸੰਜੈ ਸਿੰਘ ਨੇ ਐਕਸ 'ਤੇ ਪੋਸਟ 'ਚ ਕਿਹਾ, "ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਮੇਸ਼ਾ ਮੈਨੂੰ ਸੜਕ ਤੋਂ ਸਦਨ ਤੱਕ ਆਵਾਜ਼ ਬੁਲੰਦ ਕਰਨ ਦਾ ਮੌਕਾ ਦਿੱਤਾ ਹੈ।






US

US Transport Inc.

Davinder Singh Jhawar

916-919-7061

ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।

*Hiring safe and experienced owner-operators*

9875 Dino Drive, Elk Grove, CA 95624

Designed By Punjab Mail USA

# ਡੈਟਰਾਇਟ ’ਚ ਹੋਈ ਗੋਲੀਬਾਰੀ ਦੌਰਾਨ 2 ਵਿਅਕਤੀਆਂ ਦੀ ਮੌਤ; 19 ਹੋਰ ਜ਼ਖਮੀ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਸ਼ਹਿਰ ਡੈਟਰਾਇਟ ਵਿਚ ਹੋਈ ਗੋਲੀਬਾਰੀ ਵਿਚ 2 ਲੋਕਾਂ ਦੀ ਮੌਤ ਹੋਣ ਤੇ 19 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਮਿਸ਼ੀਗਨ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪ੍ਰਾਪਤ ਵੇਰਵੇ ਅਨੁਸਾਰ ਗੋਲੀਬਾਰੀ ਦੀ ਘਟਨਾ ਤੜਕਸਾਰ 2.30 ਵਜੇ ਦੇ ਆਸਪਾਸ ਇਕ ਬਲਾਕ ਪਾਰਟੀ ਵਿਚ ਵਾਪਰੀ। ਮਿਸ਼ੀਗਨ ਸਟੇਟ ਪੁਲਿਸ ਨੇ ਕਿਹਾ ਹੈ ਕਿ ਮੁੱਢਲੀ ਜਾਣਕਾਰੀ ਅਨੁਸਾਰ ਇਸ ਘਟਨਾ ਵਿਚ ਕੁੱਲ 19 ਲੋਕ ਜ਼ਖਮੀ ਹੋਏ ਹਨ ਪਰੰਤੂ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਦੇ ਸਾਰਿਆਂ ਦੇ ਗੋਲੀਆਂ ਵੱਜੀਆਂ ਹਨ ਜਾਂ ਹੋਰ ਕਿਸੇ ਕਾਰਨ ਜ਼ਖਮੀ ਹੋਏ ਹਨ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਹੈ। ਮਾਮਲਾ ਜਾਂਚ ਅਧੀਨ ਹੈ ਤੇ ਸਟੇਟ ਪੁਲਿਸ ਮਾਮਲੇ ਦੀ ਜਾਂਚ ਵਿਚ ਡੈਟਰਾਇਟ ਪੁਲਿਸ ਵਿਭਾਗ ਦੀ ਮਦਦ ਕਰ ਰਹੀ ਹੈ। ਡੈਟਰਾਇਟ ਪੁਲਿਸ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸਮੇ ਜਾਂਚਕਾਰ ਤੇ ਫੌਰੈਂਸਿਕ ਮਾਹਿਰ ਸਬੂਤ ਜੁਟਾ ਰਹੇ ਹਨ ਤੇ ਅਗਲੇ ਕੁਝ ਦਿਨਾਂ ਦੌਰਾਨ ਉਹ ਆਪਣਾ ਕੰਮ ਜਾਰੀ ਰੱਖਣਗੇ।

# ਅਮਰੀਕਾ ’ਚ ਕੁੱਤਿਆਂ ਨੇ ਇਕ ਔਰਤ ਨੂੰ ਨੋਚ-ਨੋਚ ਮਾਰਿਆ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-ਪੱਛਮੀ ਟੈਨੇਸੀ ਰਾਜ ’ਚ 2 ਕੁੱਤਿਆਂ ਵੱਲੋਂ ਇਕ ਔਰਤ ਨੂੰ ਨੋਚ-ਨੋਚ ਕੇ ਮਾਰ ਦੇਣ ਦੀ ਖਬਰ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਮੌਕੇ ’ਤੇ ਪੁੱਜੇ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਇਕ ਕੁੱਤਾ ਜ਼ਖਮੀ ਹੋ ਗਿਆ। ਮੌਕੇ ਤੋਂ ਫਰਾਰ ਹੋਏ ਦੋਨਾਂ ਕੁੱਤਿਆਂ ਨੂੰ ਬਾਅਦ ’ਚ ਕਾਬੂ ਕਰ ਲਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗਾ ਕਿ ਕੁੱਤਿਆਂ ਦਾ ਮਾਲਕ ਕੌਣ ਹੈ। ਇਹ ਘਟਨਾ ਹਾਰਡਮਨ ਕਾਊਂਟੀ ਵਿਚ ਮੈਮਫਿਸ ਤੋਂ ਤਕਰੀਬਨ 70 ਮੀਲ ਦੂਰ ਉੱਤਰ ਪੂਰਬ ਦੇ ਬੋਲੀਵਰ ਸ਼ਹਿਰ ਵਿਚ ਵਾਪਰੀ। ਬੋਲੀਵਰ ਪੁਲਿਸ ਵਿਭਾਗ ਅਨੁਸਾਰ ਉਨ੍ਹਾਂ ਨੂੰ ਬੀਤੇ ਦਿਨ ਦੁਪਹਿਰ 1.30 ਵਜੇ ਸੂਚਨਾ ਮਿਲੀ ਸੀ ਕਿ ਇਕ ਔਰਤ ਦੇ ਖੂਨ ਵਹਿ ਰਿਹਾ ਹੈ। ਮੌਕੇ ’ਤੇ ਪੁੱਜੇ ਪੁਲਿਸ ਅਫਸਰਾਂ ਨੂੰ ਔਰਤ ਗੰਭੀਰ ਹਾਲਤ ਵਿਚ ਮਿਲੀ, ਜਿਸ ਨੂੰ ਸਪੱਸ਼ਟ ਤੌਰ ’ਤੇ ਜਗ੍ਹਾ-ਜਗ੍ਹਾ ਤੋਂ ਕੁੱਤਿਆਂ ਨੇ ਨੋਚਿਆ ਹੋਇਆ ਸੀ। 2 ਕੁੱਤੇ ਮੌਕੇ ’ਤੇ ਇਧਰ ਉਧਰ ਘੁੰਮ ਰਹੇ ਸਨ, ਜਿਨ੍ਹਾਂ ਵਿਚੋਂ ਇਕ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ। ਔਰਤ ਦੀ ਪਛਾਣ ਥਰੇਸਾ ਰੋਡਸ ਵਜੋਂ ਹੋਈ ਹੈ, ਜਿਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਦਮ ਤੋੜ ਗਈ।

**■ ਪੁਲਿਸ ਦੀ ਗੋਲੀ ਨਾਲ ਇਕ ਕੁੱਤਾ ਜ਼ਖਮੀ**

# ਅਮਰੀਕਾ ’ਚ ਪਿਤਾ ਨੂੰ ਗੋਲੀ ਮਾਰ ਕੇ ਮਾਰਨ ਵਾਲੇ ਭਾਰਤੀ ਪੁੱਤਰ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ



ਫ਼ਾਈਲ ਫੋਟੋ ਰਾਜੀਵ ਕੁਮਾਰ ਸਵਾਮੀ।

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਫੋਰਸਥ ਕਾਉਂਟੀ, ਜਾਰਜੀਆ ਦੇ ਰਹਿਣ ਵਾਲੇ 28 ਸਾਲਾ ਰਾਜੀਵ ਕੁਮਾਰ ਸਵਾਮੀ ਨੇ ਆਪਣੇ ਪਿਤਾ ਸਦਾਸ਼ਿਵਿਆ ਕੁਮਾਰ ਸਵਾਮੀ ਦੀ ਘਰ ਵਿਚ ਕਿਸੇ ਗੱਲ ਤੋਂ ਹੋਏ ਝਗੜੇ ਦੌਰਾਨ ਹੱਤਿਆ ਕਰ ਦਿੱਤੀ ਸੀ। ਜਾਰਜੀਆ ਰਾਜ ਦੀ ਇਕ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਦੁਖਦਾਈ ਘਟਨਾ 22 ਜੁਲਾਈ, 2021 ਨੂੰ ਸ਼ਾਮ ਨੂੰ ਲਗਭਗ 5:50 ਵਜੇ ਦੇ ਕਰੀਬ ਵਾਪਰੀ ਸੀ। ਜਦੋਂ ਰਾਜੀਵ ਅਤੇ ਉਸ ਦੇ ਪਿਤਾ ਵਿਚਕਾਰ ਘਰੇਲੂ ਝਗੜਾ ਘਾਤਕ ਹੋ ਗਿਆ ਸੀ। ਇਸ ਘਟਨਾ ’ਚ ਰਾਜੀਵ ਨੇ ਆਪਣੇ ਕਮਰੇ ਵਿਚੋਂ ਬੰਦੂਕ ਲਿਆਂਦੀ ਅਤੇ ਆਪਣੇ ਘਰ ਦੇ ਅੰਦਰ ਹੀ ਆਪਣੇ ਪਿਤਾ ਨੂੰ ਕਈ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਉਸ ਸਮੇਂ 49 ਸਾਲ ਦੀ ਉਮਰ ਦੇ ਸਦਾਸ਼ਿਵਿਆ ਸਵਾਮੀ ਨੂੰ ਮੌਕੇ ’ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ। ਪੁਲਿਸ ਨੇ ਰਾਜੀਵ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਸੀ ਅਤੇ ਉਸ ਉੱਤੇ ਆਪਣੇ ਪਿਤਾ ਨੂੰ ਮਾਰਨ ਦਾ ਫਸਟ ਡਿਗਰੀ ਦਾ ਦੋਸ਼ ਲਗਾਇਆ ਗਿਆ ਸੀ।

# ਇਮਰਾਨ ਖਾਨ ਵੱਲੋਂ ਪਾਕਿਸਤਾਨ ’ਚ ਨਵੇਂ ਸਿਰੇ ਤੋਂ ਚੋਣਾਂ ਕਰਵਾਉਣ ਦੀ ਮੰਗ

ਲਾਹੌਰ, (ਪੰਜਾਬ ਮੇਲ)-ਜੇਲ੍ਹ ’ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਗ ਕੀਤੀ ਕਿ ਨਵੇਂ ਤੇ ਨਿਰਪੱਖ ਚੋਣ ਕਮਿਸ਼ਨ ਦੀ ਅਗਵਾਈ ਹੇਠ ਮੁਲਕ ਵਿਚ ਨਵੇਂ ਸਿਰੇ ਤੋਂ ਚੋਣਾਂ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਸਾਲ 2024 ’ਚ ਹੋਈਆਂ ਚੋਣਾਂ ਪਾਕਿਸਤਾਨ ਦੇ ਇਤਿਹਾਸ ’ਚ ਸਭ ਤੋਂ ਵੱਡਾ ਧੋਖਾ ਸਨ। ਜੇਲ੍ਹ ’ਚ ਬੰਦ ਇਮਰਾਨ ਖਾਨ ਨੇ ਜਾਰੀ ਕੀਤੇ ਸੁਨੇਹੇ ’ਚ ਕਿਹਾ, ‘ਮੈਂ ਸੱਚੀ ਆਜ਼ਾਦੀ ਦੇ ਸੰਘਰਸ਼ ’ਚ ਡਟਿਆ ਰਹਾਂਗਾ।

# ਬ੍ਰਿਟਿਸ਼ ਕੋਲੰਬੀਆ ’ਚ 5 ਪੰਜਾਬੀ ਵਿਦਿਆਰਥਣਾਂ ਨੂੰ ਮਿਲਿਆ 1.95 ਕਰੋੜ ਦਾ ਵਜ਼ੀਫ਼ਾ

ਐਬਟਸਫੋਰਡ, (ਪੰਜਾਬ ਮੇਲ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿੱਦਿਅਕ ਖੇਤਰ ’ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਲੋਂ ਸੂਬੇ ਦੇ ਵੱਖ-ਵੱਖ ਸਕੂਲਾਂ ਤੋਂ ਗ੍ਰੈਜੂਏਟ ਹੋਈਆਂ 5 ਪੰਜਾਬੀ ਵਿਦਿਆਰਥਣਾਂ ਨੂੰ 3 ਲੱਖ 22 ਹਜ਼ਾਰ ਡਾਲਰ ਯਾਨੀ ਕਰੀਬ ਇਕ ਕਰੋੜ 95 ਲੱਖ ਰੁਪਏ ਦਾ ਵਜ਼ੀਫ਼ਾ ਦਿੱਤਾ ਗਿਆ ਹੈ। ਖ਼ਾਲਸਾ ਸੈਕੰਡਰੀ ਸਕੂਲ ਦੀ ਹੋਣਹਾਰ ਵਿਦਿਆਰਥਣ ਹਰਨੂਰ ਕੌਰ ਧਾਲੀਵਾਲ ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਐਵਾਰਡ ਅਧੀਨ 80 ਹਜ਼ਾਰ, ਸਾਈਮਨ ਫਰੇਜ਼ਰ ਯੂਨੀਵਰਸਿਟੀ ਵਲੋਂ 40 ਹਜ਼ਾਰ, ਬੀ.ਸੀ. ਐਕਸੀਲੈਂਸ 5 ਹਜ਼ਾਰ, ਸਿੱਖ ਵਿਰਾਸਤੀ 1500 ਤੇ ਡਿਸਟ੍ਰਿਕਟ ਅਥਾਰਟੀ ਵਲੋਂ 1250 ਡਾਲਰ ਯਾਨੀ ਕੁੱਲ ਇਕ ਲੱਖ 27 ਹਜ਼ਾਰ 750 ਡਾਲਰ ਵਜ਼ੀਫ਼ਾ ਮਿਲਿਆ ਹੈ, ਜਦੋਂਕਿ ਸੀਮੋਲਕ ਫਾਊਂਡੇਸ਼ਨ ਵਲੋਂ ਅਮਨੀਕ ਖੋਸਾ, ਜੀਆ ਗਿੱਲ, ਰਾਵੀਨ ਰਾਏ ਅਤੇ ਤਮੰਨਾ ਕੌਰ ਗਿੱਲ ਨੂੰ ਇਕ ਲੱਖ 80 ਹਜ਼ਾਰ ਡਾਲਰ ਦਾ ਵਜ਼ੀਫ਼ਾ ਦਿੱਤਾ ਗਿਆ ਹੈ।

ਤਮੰਨਾ ਕੌਰ ਗਿੱਲ ਨੂੰ ਯੂਨੀਵਰਸਿਟੀ ਫਰੇਜ਼ਰ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਐਵਾਰਡ ਅਧੀਨ 15 ਹਜ਼ਾਰ ਡਾਲਰ ਦਾ ਵੀ ਵਜ਼ੀਫ਼ਾ ਮਿਲਿਆ ਹੈ। ਜੀਆ ਗਿੱਲ ਤੇ ਤਮੰਨਾ ਗਿੱਲ ਆਉਂਦੇ ਸਤੰਬਰ ਮਹੀਨੇ ਤੋਂ ਬੀ.ਐੱਸ.ਸੀ. ਤੇ ਐਨੀ ਖੋਸਾ ਡੈਂਟਿਸਟਰੀ ਦੀ ਪੜ੍ਹਾਈ ਸ਼ੁਰੂ ਕਰਨਗੀਆਂ, ਜਦੋਂਕਿ ਰਾਵੀਨ ਰਾਏ ਖੇਡਾਂ ਜਾਂ ਫੈਸ਼ਨ ਦੇ ਕਰੀਏਟਵ ਡਾਇਰੈਕਟਰ ਦਾ ਕੰਮ ਕਰਨਾ ਚਾਹੁੰਦੀ ਹੈ।

# ਕੈਨੇਡਾ ਵਿਖੇ ਸੜਕ ਹਾਦਸੇ ’ਚ ਪੰਜਾਬੀ ਨੌਜਵਾਨ ਦੀ ਮੌਤ

ਬਟਾਲਾ, (ਪੰਜਾਬ ਮੇਲ)- ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਹਨੂੰਵਾਨ ਦੇ ਰਹਿਣ ਵਾਲੇ ਪੰਜਾਬੀ ਨੌਜਵਾਨ ਦੀ ਕੈਨੇਡਾ ਵਿਖੇ ਹੋਏ ਸੜਕ ਹਾਦਸੇ ’ਚ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਮੁਤਾਬਕ ਜਤਿਨਦੀਪ ਸਿੰਘ ਪੁੱਤਰ ਕੁਲਦੀਪ ਜਾਫਲਪੁਰ ਵਾਸੀ ਕਾਹਨੂੰਵਾਨ, ਜੋਕਿ ਕੈਨੇਡਾ ਦੇ ਸ਼ਹਿਰ ਸਰੀ ਵਿਚ ਪਰਿਵਾਰ ਸਮੇਤ ਰਹਿੰਦਾ ਸੀ ਅਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਰੋਜ਼ਾਨਾ ਦੀ ਤਰ੍ਹਾਂ ਕੰਮ ’ਤੇ ਗਿਆ ਸੀ ਅਤੇ ਜਦੋਂ ਇਹ ਆਪਣੀ ਗੱਡੀ ਰਾਹੀਂ ਕੰਮ ਤੋਂ ਘਰ ਨੂੰ ਵਾਪਸ ਆ ਰਿਹਾ ਸੀ ਕਿ ਅਚਾਨਕ ਸੜਕ ਹਾਦਸਾ ਵਾਪਰ ਗਿਆ, ਜਿਸ ਦੇ ਸਿੱਟੇ ਵਜੋਂ ਜਤਿਨਦੀਪ ਸਿੰਘ ਮੌਤ ਹੋ ਗਈ। ਇਥੇ ਇਹ ਦੱਸਣਾ ਬਣਦਾ ਹੈ ਕਿ ਮ੍ਰਿਤਕ ਦਾ ਪਿਤਾ ਵੀ ਇਨ੍ਹੀਂ ਦਿਨੀਂ ਕੈਨੇਡਾ ਵਿਚ ਹੀ ਹਨ।

ਨੌਜਵਾਨ ਜਤਿਨਦੀਪ ਸਿੰਘ ਦੀ ਹੋਈ ਮੌਤ ’ਤੇ ਕੁਲਦੀਪ ਸਿੰਘ ਜਾਫਲਪੁਰ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਭਾਈ ਗਗਨਦੀਪ ਸਿੰਘ ਰਿਆੜ, ਡਾ. ਰਣਜੀਤ ਸਿੰਘ, ਅਮਨਦੀਪ ਸਿੰਘ ਰਿਆੜ, ਡਾ. ਗੁਰਨੇਕ ਸਿੰਘ, ਭੁਪਿੰਦਰ ਸਿੰਘ ਗਿੱਲ ਕਿਸਾਨ, ਇੰਟਰਨੈਸ਼ਨਲ ਹਿਊਮਨ ਰਾਈਟ ਡਿਫੈਂਡਰ ਪੰਜਾਬ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਹਮਦਰਦੀ ਪ੍ਰਗਟ ਕੀਤੀ।



# ਮਾਣਹਾਨੀ ਮਾਮਲਾ: ਸੰਜੈ ਸਿੰਘ ਅਦਾਲਤ 'ਚ ਪੇਸ਼

■ 'ਆਪ' ਆਗੂ ਵੱਲੋਂ ਬਿਕਰਮ ਮਜੀਠੀਆ ਨੂੰ ਆਪਣੀ ਪਾਰਟੀ ਬਚਾਉਣ ਦੀ ਨਸੀਹਤ



ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਹੋਣ ਲਈ ਜਾਂਦੇ ਹੋਏ 'ਆਪ' ਆਗੂ ਸੰਜੈ ਸਿੰਘ।

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਵੱਲੋਂ ਦਾਇਰ ਮਾਣਹਾਨੀ ਕੇਸ ਵਿਚ 'ਆਪ' ਆਗੂ ਸੰਜੈ ਸਿੰਘ ਅਦਾਲਤ ਵਿਚ ਪੇਸ਼ ਹੋਏ। ਇਸ ਮੌਕੇ ਉਨ੍ਹਾਂ ਨੇ ਬਿਕਰਮ ਮਜੀਠੀਆ ਨੂੰ ਨਸੀਹਤ ਦਿੱਤੀ ਕਿ ਉਹ ਮੁੱਖ ਮੰਤਰੀ ਬਦਲਣ ਦੇ ਦਾਅਵੇ ਕਰਨ ਦੀ ਥਾਂ ਆਪਣੀ ਪਾਰਟੀ ਨੂੰ ਲੱਗ ਰਹੇ ਖੋਰੇ ਵੱਲ ਧਿਆਨ ਦੇਣ। ਇਸ ਦੌਰਾਨ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਵੀ ਟੇਕਿਆ। ਮਾਮਲੇ ਦੀ ਅਗਲੀ ਸੁਣਵਾਈ 18 ਜੁਲਾਈ ਨੂੰ ਹੋਵੇਗੀ।

ਜ਼ਿਕਰਯੋਗ ਹੈ ਕਿ ਜਨਵਰੀ 2016 'ਚ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਣੇ ਸੰਜੈ ਸਿੰਘ ਅਤੇ ਹੋਰਾਂ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਇਸ ਕੇਸ ਵਿਚ ਕੇਜਰੀਵਾਲ ਵੱਲੋਂ 2018 'ਚ ਮਜੀਠੀਆ ਤੋਂ ਮੁਆਫ਼ੀ ਮੰਗ ਲਈ ਗਈ ਸੀ, ਜਦੋਂਕਿ ਸੰਜੈ ਸਿੰਘ ਖ਼ਿਲਾਫ਼ ਕੇਸ ਦੀ ਕਾਰਵਾਈ ਦਾ ਸਿਲਸਿਲਾ ਜਾਰੀ ਹੈ।

ਪੇਸ਼ੀ ਲਈ ਆਏ ਸੰਜੈ ਸਿੰਘ ਨੇ ਆਖਿਆ ਕਿ ਇਹ ਕੇਸ ਫੈਸਲੇ ਦੇ ਨੇੜੇ ਹੈ। ਉਨ੍ਹਾਂ ਆਖਿਆ ਕਿ ਮਜੀਠੀਆ ਖ਼ਿਲਾਫ਼ ਜੋ ਵੀ ਦੋਸ਼ ਲਾਏ ਸਨ, ਉਹ ਸਹੀ ਹਨ ਅਤੇ ਅਦਾਲਤ ਇਸ ਦਾ ਫ਼ੈਸਲਾ ਕਰੇਗੀ।

ਜਲੰਧਰ ਪੱਛਮੀ ਵਿਧਾਨ ਸਭਾ ਹਲਕੇ 'ਚ ਜ਼ਿਮਨੀ ਚੋਣ ਬਾਰੇ ਗੱਲ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਇੱਥੋਂ ਵੱਡੇ ਫਰਕ ਨਾਲ ਚੋਣ ਜਿੱਤੇਗੀ। ਅਕਾਲੀ ਆਗੂ ਵੱਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਨੂੰ ਬਦਲਣ ਸਬੰਧੀ ਕੀਤੀ ਟਿੱਪਣੀ ਬਾਰੇ 'ਆਪ' ਆਗੂ ਨੇ ਕਿਹਾ ਕਿ ਸ਼੍ਰੀ ਮਜੀਠੀਆ ਨੂੰ ਆਪਣੀ ਪਾਰਟੀ ਵੱਲ ਧਿਆਨ ਦੇਣਾ ਚਾਹੀਦਾ ਹੈ, ਜਿਸ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ ਅਤੇ ਅਕਾਲੀ ਆਗੂ ਪਾਰਟੀ ਛੱਡ ਕੇ ਹੋਰਨਾਂ ਪਾਰਟੀਆਂ ਵਿਚ ਜਾ ਰਹੇ ਹਨ।

ਸੂਬੇ ਵਿਚ ਨਸ਼ਿਆਂ ਦੇ ਮੁੱਦੇ 'ਤੇ ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਇਸ ਸਰਕਾਰ ਵਿਚ ਨਸ਼ਿਆਂ ਦੇ ਕਾਰੋਬਾਰ 'ਤੇ ਰੋਕ ਲੱਗੀ ਹੈ। 'ਆਪ' ਸਰਕਾਰ ਨੇ ਵੱਡੀ ਮਾਤਰਾ 'ਚ ਨਸ਼ੇ ਬਰਾਮਦ ਕੀਤੇ ਹਨ ਅਤੇ ਵੱਡੀ ਗਿਣਤੀ ਵਿਚ ਤਸਕਰ ਕਾਬੂ ਕੀਤੇ ਹਨ। ਸਰਕਾਰ ਲਗਾਤਾਰ ਨਸ਼ਿਆਂ 'ਤੇ ਕਾਬੂ ਪਾਉਣ ਲਈ ਕੰਮ ਕਰ ਰਹੀ ਹੈ। ਸ਼੍ਰੀ ਹਰਿਮੰਦਰ ਸਾਹਿਬ ਵਿਚ ਯੋਗ ਆਸਣ ਕਰਨ ਵਾਲੀ ਘਟਨਾ ਨੂੰ ਲੈ ਕੇ ਪੈਦਾ ਹੋਏ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਧਾਰਮਿਕ ਸਥਾਨ ਦੇ ਨਿਯਮਾਂ ਅਤੇ ਮਰਿਆਦਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਦਿੱਲੀ ਦੇ ਹਵਾ ਪ੍ਰਦੂਸ਼ਣ ਲਈ ਪੰਜਾਬ ਜ਼ਿੰਮੇਵਾਰ ਨਹੀਂ: ਫੂਲਕਾ

■ ਸੂਬਾ ਸਰਕਾਰ ਤੋਂ ਪੰਜਾਬ ਦੇ ਪਰਾਲੀ ਪ੍ਰਦੂਸ਼ਣ ਬਾਰੇ ਵਿਗਿਆਨਕ ਪੜਤਾਲ ਕਰਵਾਉਣ ਦੀ ਮੰਗ



ਚੰਡੀਗੜ੍ਹ 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ।

ਚੰਡੀਗੜ੍ਹ, (ਪੰਜਾਬ ਮੇਲ)- ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ 10 ਸਾਲਾਂ ਤੋਂ ਦਿੱਲੀ ਦੇ ਹਵਾ ਪ੍ਰਦੂਸ਼ਣ ਦਾ ਠੀਕਰਾ ਪੰਜਾਬ ਦੇ ਕਿਸਾਨਾਂ ਸਿਰ ਭੰਨਿਆ ਜਾ ਰਿਹਾ ਹੈ, ਜਦੋਂਕਿ ਇਸ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਪੁਸ਼ਟੀ ਤਾਂ ਐੱਨ.ਜੀ.ਟੀ. ਦੇ ਜੱਜ ਸੁਧੀਰ ਅਗਰਵਾਲ ਨੇ ਬੀਤੇ ਦਿਨੀਂ ਵੀ ਦਿੱਲੀ ਵਿਚ ਇਕ ਸਮਾਗਮ ਦੌਰਾਨ ਕੀਤੀ ਹੈ। ਉਨ੍ਹਾਂ ਕਿਹਾ ਕਿ ਜੱਜ ਅਨੁਸਾਰ ਪੰਜਾਬ ਦੀ ਹਵਾ ਦੀ ਦਿਸ਼ਾ ਦਿੱਲੀ ਵੱਲ ਬਹੁਤ ਘੱਟ ਹੁੰਦੀ ਹੈ, ਜਿਸ ਕਾਰਨ ਪੰਜਾਬ ਵਿਚ ਪਰਾਲੀ ਸਾੜਨ ਕਰਕੇ ਧੂੰਆਂ ਦਿੱਲੀ ਵਿਚ ਪਹੁੰਚ ਹੀ ਨਹੀਂ ਸਕਦਾ। ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਸ਼੍ਰੀ ਫੂਲਕਾ ਨੇ ਕਿਹਾ ਕਿ ਅੱਜ ਤੱਕ ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਹੀ ਦਿੱਲੀ 'ਚ ਪ੍ਰਦੂਸ਼ਣ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ ਪਰ ਇਸ ਬਾਰੇ ਵਿਗਿਆਨਿਕ ਖੋਜ ਕਿਸੇ ਵੱਲੋਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਦਿੱਲੀ ਵਿਚਕਾਰ 250 ਤੋਂ 300 ਕਿਲੋਮੀਟਰ ਦਾ ਫਰਕ ਹੈ। ਇਸ ਲਈ ਪੰਜਾਬ ਦਾ ਧੂੰਆਂ ਕਦੇ ਵੀ ਦਿੱਲੀ ਤੱਕ ਪਹੁੰਚ ਹੀ ਨਹੀਂ ਸਕਦਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਪਰਾਲੀ ਪ੍ਰਦੂਸ਼ਣ ਬਾਰੇ ਵਿਗਿਆਨਿਕ ਢੰਗ ਨਾਲ ਪੜਚੋਲ ਕਰਵਾਉਣੀ ਚਾਹੀਦੀ ਹੈ, ਤਾਂ ਜੋ ਪੰਜਾਬ ਨੂੰ ਦਿੱਲੀ ਦੇ ਪ੍ਰਦੂਸ਼ਣ ਸਬੰਧੀ ਲੱਗਣ ਵਾਲੇ ਸਾਰੇ ਦੋਸ਼ਾਂ ਤੋਂ ਮੁਕਤ ਕੀਤਾ ਜਾ ਸਕੇ।

ਸਾਬਕਾ ਵਿਧਾਇਕ ਫੂਲਕਾ ਨੇ ਕਿਹਾ ਕਿ ਐੱਸ.ਐੱਸ. ਜੌਹਲ ਕਮੇਟੀ ਦੀ ਰਿਪੋਰਟ ਅਨੁਸਾਰ ਸਾਲ 1986 ਦੌਰਾਨ ਪੰਜਾਬ 'ਚ ਝੋਨੇ ਹੇਠ 27 ਲੱਖ ਏਕੜ ਰਕਬਾ ਆਉਂਦਾ ਸੀ ਪਰ ਅੱਜ ਉਹ ਵਧ ਕੇ 77 ਲੱਖ ਏਕੜ 'ਤੇ ਪਹੁੰਚ ਗਿਆ ਹੈ। ਇਸੇ ਕਰਕੇ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਨਾਲ ਪਾਣੀ ਦੀ 90 ਫ਼ੀਸਦੀ ਤੱਕ ਬਚਤ ਹੁੰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿਚ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 8 ਹਜ਼ਾਰ ਰੁਪਏ ਏਕੜ ਦਿੱਤਾ ਜਾਵੇ। ਇਸ ਮੌਕੇ ਅਗਾਂਹਵਧੂ ਕਿਸਾਨ ਅਵਤਾਰ ਸਿੰਘ ਫਗਵਾੜਾ, ਕਿਰਪਾਲ ਸਿੰਘ ਫਗਵਾੜਾ ਅਤੇ ਚਮਨ ਲਾਲ ਵਸ਼ਿਸ਼ਟ ਮੌਜੂਦ ਸਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4'', ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2'' ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10'', ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ 'ਤੇ ਮੁਕੰਮਲ ਰੋਕ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਮਰਿਆਦਾ ਦੀ ਹੋ ਰਹੀ ਉਲੰਘਣਾ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਫਿਲਮੀ ਕਲਾਕਾਰਾਂ ਵੱਲੋਂ ਫਿਲਮਾਂ ਦੇ ਪ੍ਰਚਾਰ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ 'ਤੇ ਰੋਕ ਲਾ ਦਿੱਤੀ ਹੈ। ਇਹ ਫ਼ੈਸਲਾ ਬੀਤੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਸੀ, ਜਿਸ ਨੂੰ ਹੁਣ ਲਾਗੂ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਵਡੋਦਰਾ ਵਾਸੀ ਅਰਚਨਾ ਮਕਵਾਨਾ ਨੇ ਇੱਥੇ ਪਰਿਕਰਮਾ ਵਿਚ ਯੋਗ ਆਸਣ ਕੀਤਾ ਸੀ, ਜਿਸ ਦਾ ਵਿਵਾਦ ਅਜੇ ਚੱਲ ਹੀ ਰਿਹਾ ਸੀ ਕਿ ਅਗਲੇ ਦਿਨ ਦਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਨੇ ਆਪਣੀ ਫਿਲਮ ਦੇ ਪ੍ਰਚਾਰ ਲਈ ਇੱਥੇ ਮੱਥਾ ਟੇਕਿਆ। ਦਲਜੀਤ ਦੋਸਾਂਝ ਨੇ ਸਵੇਰੇ ਪ੍ਰਕਾਸ਼ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਵੀਡੀਓ ਸਾਂਝੀ ਕੀਤੀ, ਜਿਸ ਨੂੰ ਮਰਿਆਦਾ ਦੀ

### ਪਰਿਕਰਮਾ 'ਚ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ



ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖਤ ਨੋਟਿਸ ਲਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਸਬੰਧੀ ਫ਼ੈਸਲਾ ਲੈਂਦਿਆਂ ਫਿਲਮਾਂ ਦੇ ਪ੍ਰਚਾਰ ਅਤੇ ਪ੍ਰਮੋਸ਼ਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ 'ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ। ਇਸ ਰੋਕ ਤਹਿਤ ਆਮ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਕੁਝ ਛੋਟ ਦਿੱਤੀ ਗਈ ਹੈ, ਜਿਸ ਤਹਿਤ ਉਹ ਯਾਦਗਾਰ ਵਜੋਂ ਪਰਿਕਰਮਾ ਵਿਚ ਆਪਣੀ ਤਸਵੀਰ ਅਤੇ ਸੈਲਫੀ ਲੈ ਸਕਦੇ ਹਨ ਪਰ ਚਲਦੇ ਹੋਏ ਵੀਡੀਓਗ੍ਰਾਫੀ ਕਰਨ ਤੋਂ ਗੁਰੇਜ਼ ਕਰਨਾ ਹੋਵੇਗਾ। ਇਸ ਸਬੰਧੀ ਮਰਿਆਦਾ ਦੇ ਪਾਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਪਰਿਕਰਮਾ ਵਿਚ ਵਾਧੂ ਟਾਸਕ ਫੋਰਸ ਲਗਾਉਣ ਅਤੇ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਫ਼ੌਰੀ ਤੌਰ 'ਤੇ ਲਾਗੂ ਕੀਤਾ ਗਿਆ ਹੈ। ਪਰਿਕਰਮਾ ਵਾਸਤੇ ਵਾਧੂ ਸਟਾਫ ਭਰਤੀ ਕੀਤਾ ਜਾ ਰਿਹਾ ਹੈ, ਜੋ ਇਸੇ ਹਫ਼ਤੇ ਆਪਣੀ ਡਿਊਟੀ 'ਤੇ ਪੁੱਜ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਿਕਰਮਾ ਵਿਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਵਰਕਸ਼ਾਪ ਲਾ ਕੇ ਸਿੱਖਿਅਤ ਕੀਤਾ ਜਾਵੇਗਾ ਕਿ ਕਿਵੇਂ ਧਾਰਮਿਕ ਸਥਾਨ ਦੀ ਮਰਿਆਦਾ ਦੀ ਪਾਲਣਾ ਕਰਨੀ ਹੈ ਅਤੇ ਸੈਲਾਨੀਆਂ ਨਾਲ ਨਿਮਰਤਾ ਨਾਲ ਪੇਸ਼ ਆਉਣਾ ਹੈ।

# ਜਸਟਿਸ ਸ਼ੀਲ ਨਾਗੂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੱਸਿਆ ਕਿ ਜਸਟਿਸ ਸ਼ੀਲ ਨਾਗੂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਇਹ ਜਾਣਕਾਰੀ ਐਕਸ 'ਤੇ ਸ਼ੇਅਰ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਰਾਹੀਂ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਸ਼ਟਰਪਤੀ ਵੱਲੋਂ ਮੱਧ ਪ੍ਰਦੇਸ਼ ਹਾਈ ਕੋਰਟ ਦੇ ਜਸਟਿਸ ਸ਼ੀਲ ਨਾਗੂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਨਿਯੁਕਤੀ ਕੀਤੀ ਗਈ ਹੈ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਤੋਂ ਅਸਤੀਫ਼ਾ ਦੀ ਮੰਗ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕਥਿਤ ਸਿਆਸੀ ਬਦਲਾਖੋਰੀ ਵਾਸਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਚੰਡੀਗੜ੍ਹ ਦੇ ਸੈਕਟਰ-28 ਸਥਿਤ ਦਫ਼ਤਰ ਵਿਚ ਪਾਰਟੀ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜੀਠੀਆ ਨੂੰ ਬਦਨਾਮ ਕਰਨ ਦੀ ਮੁਹਿੰਮ ਦਾ ਭਾਂਡਾ ਹਾਈ ਕੋਰਟ 'ਚ ਉਸ ਵੇਲੇ ਭੰਨਿਆ ਗਿਆ, ਜਦੋਂ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਨਸ਼ਾ ਤਸਕਰੀ ਕੇਸ 'ਚ ਮਜੀਠੀਆ ਖ਼ਿਲਾਫ਼ ਸੰਮਨ ਵਾਪਸ ਲੈਣੇ ਪਏ। ਮਜੀਠੀਆ ਨੂੰ ਸੰਮਨ ਕਰਨ ਸਬੰਧੀ ਪੰਜਾਬ ਸਰਕਾਰ ਕੋਈ ਸਬੂਤ ਪੇਸ਼ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਜੀਠੀਆ ਖ਼ਿਲਾਫ਼ ਸਾਰੀਆਂ ਕਾਰਵਾਈਆਂ




ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ।

ਸਿਆਸੀ ਬਦਲਾਖੋਰੀ ਤਹਿਤ ਕੀਤੀਆਂ ਗਈਆਂ ਹਨ।

ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਦੋਵਾਂ ਨੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਨਸ਼ਿਆਂ ਦੇ ਮੁੱਦੇ ਦਾ ਸਿਆਸੀਕਰਨ ਕੀਤਾ ਸੀ। ਉਨ੍ਹਾਂ ਕਿਹਾ ਕਿ 'ਆਪ' ਦੇ ਰਾਜ ਵਿਚ ਨਸ਼ਾ ਤਸਕਰੀ ਸਿਖ਼ਰਾਂ 'ਤੇ ਪਹੁੰਚ ਗਈ ਹੈ। ਹਾਈ ਕੋਰਟ ਤੇ ਰਾਜਪਾਲ ਵੀ ਸੂਬੇ ਵਿਚ ਨਸ਼ਿਆਂ ਵਿਚ ਵਾਧੇ ਲਈ 'ਆਪ' ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਚੁੱਕੇ ਹਨ।

# ਮਨਜਿੰਦਰ ਸਿਰਸਾ ਸਮੇਤ ਪੰਜਾਬ ਵੱਡੇ ਲੀਡਰਾਂ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

**ਜਲੰਧਰ, (ਪੰਜਾਬ ਮੇਲ)-** ਪੰਜਾਬ ਦੇ ਵੱਡੇ ਲੀਡਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਦੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਪੰਜਾਬ ਦੇ ਵੱਡੇ ਆਗੂ ਮਨਜਿੰਦਰ ਸਿੰਘ ਸਿਰਸਾ, ਸ਼੍ਰੀਨਿਵਾਸ, ਪਰਮਿੰਦਰ ਬਰਾੜ ਅਤੇ ਤੇਜਿੰਦਰ ਸਰਾਂ ਨੂੰ ਖਾਲਿਸਤਾਨ ਜ਼ਿੰਦਾਬਾਦ ਫੋਰਸ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਇਹ ਧਮਕੀ ਚੰਡੀਗੜ੍ਹ ਦੇ ਸੈਕਟਰ 37 ਸਥਿਤ ਪੰਜਾਬ ਭਾਜਪਾ ਦੇ ਦਫ਼ਤਰ ਵਿਚ ਚਿੱਠੀ ਰਾਹੀਂ ਦਿੱਤੀ ਗਈ ਹੈ। ਪੰਜਾਬੀ ਭਾਸ਼ਾ ਵਿਚ ਲਿਖੀ ਗਈ ਚਿੱਠੀ ਵਿਚ ਤਿੰਨਾਂ ਸਿੱਖ ਆਗੂਆਂ 'ਤੇ ਪੰਜਾਬ ਨਾਲ ਧੋਖਾ ਕਰਨ ਦੇ ਦੋਸ਼ ਲਾਏ ਗਏ ਹਨ ਅਤੇ ਸ੍ਰੀਨਿਵਾਸ ਨੂੰ ਪੰਜਾਬ ਛੱਡ ਜਾਣ ਦੀ ਚਿਤਾਵਨੀ ਦਿੱਤੀ ਗਈ ਹੈ। ਭਾਜਪਾ ਤਜਿੰਦਰ ਸਿੰਘ ਸਰਾਂ ਨੇ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ ਹੈ। ਇਸ ਸਬੰਧੀ ਚੰਡੀਗੜ੍ਹ ਪੁਲਿਸ ਦਾ ਪੱਖ ਨਹੀਂ ਮਿਲ ਸਕਿਆ ਹੈ। ਸਾਹਮਣੇ ਆਈ ਚਿੱਠੀ ਵਿਚ ਖਾਲਿਸਤਾਨ ਜ਼ਿੰਦਾਬਾਦ, ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਹਨ।

# ਜਸਟਿਸ ਸ਼ੀਲ ਨਾਗੂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਭਵਨ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਜਸਟਿਸ ਸ਼ੀਲ ਨਾਗੂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਸਹੁੰ ਚੁਕਾਈ। ਜਸਟਿਸ ਨਾਗੂ ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਵਜੋਂ



ਸੇਵਾ ਨਿਭਾਅ ਰਹੇ ਸਨ। ਇਹ ਨਿਯੁਕਤੀ ਅਜਿਹੇ ਸਮੇਂ ਹੋਈ ਹੈ, ਜਦੋਂ ਹਾਈ ਕੋਰਟ 31 ਜੱਜਾਂ ਦੀ ਘਾਟ ਅਤੇ 436,351 ਤੋਂ ਵੱਧ ਬਕਾਏ ਕੇਸਾਂ ਨਾਲ ਜੂਝ ਰਹੀ ਹੈ। ਹਾਈ ਕੋਰਟ ਵਿਚ ਇਸ ਵੇਲੇ 85 ਜੱਜਾਂ ਦੀ ਮਨਜ਼ੂਰੀ ਹੈ ਪਰ ਇਸ ਵੇਲੇ 54 ਜੱਜ ਹਨ। ਇਸ ਸਾਲ ਤਿੰਨ ਜੱਜਾਂ ਦੀ ਸੇਵਾਮੁਕਤੀ ਅਤੇ ਅਗਲੇ ਸਾਲ ਤਿੰਨ ਹੋਰ ਜੱਜਾਂ ਦੀ ਸੇਵਾਮੁਕਤੀ ਤੋਂ ਬਾਅਦ ਇਹ ਸਥਿਤੀ ਹੋਰ ਵਿਗੜਨ ਦੀ ਉਮੀਦ ਹੈ।







"Sound Mind in the Sound Body" ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

## 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

**Wilson Play Fields Kent WA. 13028 SE. 251st. Kent, WA - 98030**

Every Saturday - Sunday
5PM to 7PM
**Free Entry**

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
**Free Sporst Kits-Refreshment**

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ


ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

**ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ**

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।


ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।


ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।


ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।


ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।


ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।


ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।



ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ :

# Sikhs of Seattle

ਸਿਆਟਲ ਦੇ ਨੌਜਵਾਨਾਂ ਵੱਲੋਂ
ਸਹਿਯੋਗ ਦੇਣ ਵਾਸਤੇ ਉਪਰਾਲਾ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ**


ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559


ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

Designed By Punjab Mail USA

# ਰਾਸ਼ਟਰਪਤੀ ਵੱਲੋਂ 36 ਜਵਾਨਾਂ ਨੂੰ ਬਹਾਦਰੀ ਐਵਾਰਡਾਂ ਪ੍ਰਦਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਇਥੇ ਰਾਸ਼ਟਰਪਤੀ ਭਵਨ ਵਿਚ ਰੱਖਿਆ ਸਨਮਾਨ ਸਮਾਰੋਹ (ਫੇਜ਼-1) ਦੌਰਾਨ ਹਥਿਆਰਬੰਦ ਬਲਾਂ, ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਅਤੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਪੁਲਿਸ ਦੇ ਕਰਮਚਾਰੀਆਂ ਨੂੰ 10 ਕੀਰਤੀ ਚੱਕਰ (ਸੱਤ ਮਰਨ ਉਪਰੰਤ) ਅਤੇ 26 ਸ਼ੌਰਿਆ ਚੱਕਰ (ਸੱਤ ਮਰਨ ਉਪਰੰਤ) ਪ੍ਰਦਾਨ ਕੀਤੇ। ਇਹ ਐਵਾਰਡ ਜਵਾਨਾਂ ਨੂੰ ਬੇਮਿਸਾਲ ਬਹਾਦਰੀ ਅਤੇ ਡਿਊਟੀ ਪ੍ਰਤੀ ਅਥਾਹ ਲਗਨ ਦਿਖਾਉਣ ਬਦਲੇ ਦਿੱਤੇ ਗਏ। ਰਾਸ਼ਟਰਪਤੀ ਨੇ ਸੀ. ਆਰ. ਪੀ. ਐੱਫ. ਦੀ 210 ਕੋਬਰਾ ਦੇ ਇੰਸਪੈਕਟਰ ਦਲੀਪ ਕੁਮਾਰ ਦਾਸ, ਹੈੱਡ ਕਾਂਸਟੇਬਲ ਰਾਜ ਕੁਮਾਰ ਯਾਦਵ, ਕਾਂਸਟੇਬਲ ਬਬਲੂ ਰਾਧਾ ਅਤੇ ਸ਼ੰਭੂ ਰਾਏ, ਸਿਪਾਹੀ ਪਵਨ ਕੁਮਾਰ, ਦਿ ਗ੍ਰਨੇਡੀਅਰਜ਼ 55ਵੀਂ ਬਟਾਲੀਅਨ ਤੇ ਰਾਸ਼ਟਰੀ ਰਾਈਫਲਜ਼ ਦੇ ਕੈਪਟਨ ਅੰਸ਼ੂਮਨ ਤੇ ਹੌਲਦਾਰ ਅਬਦੁੱਲ ਮਜੀਦ ਨੂੰ ਕੀਰਤੀ ਚੱਕਰ ਨਾਲ ਨਿਵਾਜਿਆ। ਮੇਜਰ ਦਿਗਵਜੈ ਸਿੰਘ ਰਾਵਤ, ਮੇਜਰ ਦੀਪੇਂਦਰ ਵਿਕਰਮ ਬਸਨੇਤ ਅਤੇ ਨਾਇਬ ਸੂਬੇਦਾਰ ਪਵਨ ਕੁਮਾਰ ਯਾਦਵ ਦਾ ਵੀ ਇਸ ਐਵਾਰਡ ਨਾਲ ਸਨਮਾਨ ਕੀਤਾ ਗਿਆ। ਰਾਸ਼ਟਰਪਤੀ ਨੇ ਜੰਮੂ ਅਤੇ ਕਸ਼ਮੀਰ ਪੁਲੀਸ ਅਤੇ ਫੌਜ ਦੇ ਜਵਾਨਾਂ ਸਣੇ 26 ਨੂੰ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ।



**ਕੈਪਟਨ ਅੰਸ਼ੂਮਨ ਸਿੰਘ ਦੀ ਪਤਨੀ ਨੂੰ ਕੀਰਤੀ ਚੱਕਰ ਦਿੰਦੇ ਹੋਏ ਰਾਸ਼ਟਰਪਤੀ ਦਰੋਪਦੀ ਮੁਰਮੂ।**

ਸ਼ੌਰਿਆ ਚੱਕਰ ਨਾਲ ਨਿਵਾਜੇ ਗਏ ਜਵਾਨਾਂ 'ਚ ਜੰਮੂ-ਕਸ਼ਮੀਰ ਪੁਲਿਸ ਦੇ ਕਾਂਸਟੇਬਲ ਸ਼ਫੀਉਲ੍ਹਾ ਕਾਦਰੀ, ਮੇਜਰ ਵਿਕਾਸ ਭਾਂਬੂ, ਜੰਮੂ ਅਤੇ ਕਸ਼ਮੀਰ ਰਾਈਫਲਜ਼ ਦੀ 52ਵੀਂ ਬਟਾਲੀਅਨ ਦੇ ਮੇਜਰ ਮੁਸਤਫਾ ਬੋਹਰਾ, ਰਾਈਫਲਮੈਨ ਕੁਲਭੂਸ਼ਨ ਮੰਟਾ, 18 ਅਸਾਮ ਰਾਈਫਲਜ਼ ਦੇ ਵਿਵੇਕ ਸਿੰਘ ਤੋਮਰ, ਰਾਈਫਲਮੈਨ ਅਲੋਕ ਰਾਓ ਅਤੇ ਰਾਸ਼ਟਰੀ ਰਾਈਫਲਜ਼ ਦੀ 63ਵੀਂ ਬਟਾਲੀਅਨ ਦੇ ਕੈਪਟਨ ਐੱਮ.ਵੀ. ਪਰਾਂਜਲ ਸ਼ਾਮਲ ਹਨ। ਇਨ੍ਹਾਂ ਦੇ ਨਾਲ ਜੰਮੂ ਕਸ਼ਮੀਰ ਪੁਲਿਸ ਦੇ ਕਾਂਸਟੇਬਲ ਮੁਕੇਸ਼ ਕੁਮਾਰ, ਐੱਸ. ਆਈ. ਅਮਿਤ ਰੈਣਾ, ਐੱਸ. ਆਈ. ਫਰੋਜ਼ ਅਹਿਮਦ ਡਾਰ, ਅਸਿਸਟੈਂਟ ਕਮਾਂਡਰ ਬਿਭੋਰ ਕੁਮਾਰ ਸਿੰਘ, ਕਾਂਸਟੇਬਲ ਵਰੁਣ ਸਿੰਘ, ਪੁਲਿਸ ਕਪਤਾਨ ਮੋਹਨ ਲਾਲ (ਜੰਮੂ ਕਸ਼ਮੀਰ ਪੁਲਿਸ), ਮੇਜਰ ਰਾਜੇਂਦਰ ਪ੍ਰਸਾਦ, ਮੇਜਰ ਰਵਿੰਦਰ ਸਿੰਘ ਰਾਵਤ, ਨਾਇਕ ਭੀਮ ਸਿੰਘ, ਮੇਜਰ ਸਚਿਨ ਨੇਗੀ ਅਤੇ ਮੇਜਰ ਐੱਮ. ਫਰਾਂਸਿਸ ਨੂੰ ਵੀ ਨੂੰ ਸ਼ੌਰਿਆ ਚੱਕਰ ਨਾਲ ਨਿਵਾਜਿਆ ਗਿਆ।

# ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਾਂਗੇ: ਚੜੂਨੀ

**ਅੰਮ੍ਰਿਤਸਰ, (ਪੰਜਾਬ ਮੇਲ)-** ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਕਿਹਾ ਕਿ ਕਿਸਾਨਾਂ ਵੱਲੋਂ ਗਠਿਤ ਸਿਆਸੀ ਜਥੇਬੰਦੀ ਅਗਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਨੇ ਹਾਲ ਹੀ ਵਿਚ ਸੰਯੁਕਤ ਸੰਘਰਸ਼ ਪਾਰਟੀ ਦਾ ਗਠਨ ਕੀਤਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਗੁਰਨਾਮ ਸਿੰਘ ਚੜੂਨੀ ਨੇ ਇਥੇ



ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਨੂੰ ਛੱਡ ਚੁੱਕੀਆਂ ਹਨ, ਜਿਸ ਕਾਰਨ ਉਨ੍ਹਾਂ ਨੇ ਚੋਣਾਂ ਲੜਨ ਲਈ ਸਿਆਸੀ ਪਾਰਟੀ ਬਣਾਈ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਸਿਰਫ਼ ਵੋਟਾਂ ਹਾਸਲ ਕਰਨ ਵਿਚ ਹੀ ਦਿਲਚਸਪੀ ਰੱਖਦੀਆਂ ਹਨ, ਕਿਸਾਨ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਤੋਂ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ। ਉਨ੍ਹਾਂ ਦੀ ਪਾਰਟੀ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲੇਗੀ ਅਤੇ ਹਰ ਕਿਸੇ ਨੂੰ ਇਨਸਾਫ਼ ਮਿਲਣਾ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਜਾਂ ਸਮਾਜ ਦਾ ਵਰਗ ਰਾਜਨੀਤੀ ਤੋਂ ਦੂਰ ਨਹੀਂ ਰਹਿ ਸਕਦਾ। ਇਕ ਕਿਸਾਨ ਵਜੋਂ ਉਹ ਜਾਣਦੇ ਹਨ ਕਿ ਕਿਸਾਨ ਨੇ ਖੇਤਾਂ ਵਿਚੋਂ ਨੁਕਸਾਨਦੇਹ ਨਦੀਨਾਂ ਨੂੰ ਕਿਵੇਂ ਖਤਮ ਕਰਨਾ ਹੈ।

# ਜ਼ਿਮਨੀ ਚੋਣ 'ਚ ਵੋਟਰ ਪੰਥਕ ਸਿਆਸਤ ਨੂੰ ਦੇਣਗੇ ਮੋੜਾ: ਬੀਬੀ ਜਗੀਰ ਕੌਰ

**ਜਲੰਧਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਵੋਟਾਂ ਪੈਣ ਤੋਂ ਪਹਿਲਾਂ ਹਲਕਾ ਵਾਸੀਆਂ ਨੂੰ ਬੜੀ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਵੋਟਾਂ ਪੰਜਾਬ ਦੀ ਪੰਥਕ ਸਿਆਸਤ ਨੂੰ ਮੋੜਾ ਦੇਣ ਦੀ ਸਮਰੱਥਾ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਹਲਕੇ ਦੇ ਵੋਟਰ ਬੜੇ ਸੂਝਵਾਨ ਹਨ ਤੇ ਉਹ ਸਿਆਣਪ ਭਰਿਆ ਫੈਸਲਾ ਕਰਨਗੇ।



ਬੀਬੀ ਜਗੀਰ ਕੌਰ ਨੇ ਕਿਹਾ ਕਿ ਅਕਾਲੀ ਦਲ ਨੂੰ ਪਾਈ ਗਈ ਇੱਕ-ਇੱਕ ਵੋਟ ਪੰਥ ਤੇ ਪੰਜਾਬ ਦੀ ਸਿਆਸਤ ਨੂੰ ਇਤਿਹਾਸਕ ਮੋੜਾ ਦੇਵੇਗੀ। ਉਨ੍ਹਾਂ ਕਿਹਾ ਕਿ ਜਿਹੜੀਆਂ ਵੋਟਾਂ ਇਤਿਹਾਸ ਬਣਾਉਣ ਵਿਚ ਭੂਮਿਕਾ ਨਿਭਾਉਂਦੀਆਂ ਹਨ, ਉਨ੍ਹਾਂ ਅੱਗੇ ਕਈ ਵਾਰ ਵੱਡੀਆਂ ਜਿੱਤਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਤਾਂ ਪਹਿਲਾਂ ਹੀ ਬੜਾ ਸ਼ਾਨਾਂਮੱਤਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਉਪ ਚੋਣ ਨੇ ਅਕਾਲੀ ਲੀਡਰਸ਼ਿਪ ਨੂੰ ਵੀ ਨਵੇਂ ਰਸਤਿਆਂ 'ਤੇ ਪਾ ਦੇਣਾ ਹੈ। ਜ਼ਿਕਰਯੋਗ ਹੈ ਕਿ ਬੀਬੀ ਜਗੀਰ ਕੌਰ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੇ ਹਲਕੇ ਵਿਚ ਚੋਣ ਪ੍ਰਚਾਰ ਕੀਤਾ ਸੀ।

# ਭਾਰਤ ਸਰਕਾਰ ਨਵੇਂ ਕਾਨੂੰਨ ਕੇਵਲ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਨਾ ਵਰਤੇ : ਐਡਵੋਕੇਟ ਧਾਮੀ

**■ ਰਾਜਸਥਾਨ ਦੇ ਸਿੱਖ ਆਗੂ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਵਿਰੁੱਧ ਦਰਜ ਕੀਤੇ ਦੇਸ਼ ਧ੍ਰੋਹ ਦੇ ਪਰਚੇ ਦੀ ਕੀਤੀ ਨਿੰਦਾ**

**ਅੰਮ੍ਰਿਤਸਰ, (ਪੰਜਾਬ ਮੇਲ)-** ਰਾਜਸਥਾਨ ਦੇ ਸਿੱਖ ਆਗੂ ਅਤੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸਰਗਰਮ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਨੂੰ ਨਵੇਂ ਕਾਨੂੰਨਾਂ ਤਹਿਤ ਨਿਸ਼ਾਨੇ 'ਤੇ ਲੈ ਕੇ ਉਨ੍ਹਾਂ ਵਿਰੁੱਧ ਦੇਸ਼ ਧ੍ਰੋਹ ਦਾ ਪਰਚਾ ਦਰਜ ਕਰਨਾ ਦੇਸ਼ ਅੰਦਰ ਸਿੱਖਾਂ ਵਿਰੁੱਧ ਚੱਲੀਆਂ ਜਾ ਰਹੀਆਂ ਸਰਕਾਰੀ ਚਾਲਾਂ ਦੀ ਤਸਵੀਰ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਕਰੜੀ ਨਿੰਦਾ ਕਰਦੀ ਹੈ। ਇਨ੍ਹਾ ਸ਼ਬਦਾਂ ਦਾ ਪ੍ਰਗਟਾਇਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਲੋੜੀਂਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਾਰਤ ਬਹੁ-ਕੌਮੀ, ਬਹੁ-ਧਰਮੀ ਅਤੇ ਬਹੁ-ਸੱਭਿਅਕ ਦੇਸ਼ ਹੈ ਅਤੇ ਇੱਥੇ ਕਾਨੂੰਨ ਵੀ ਸਭ ਲਈ ਇਕਸਾਰ ਹੋਣੇ ਚਾਹੀਦੇ ਹਨ। ਘੱਟਗਿਣਤੀਆਂ ਅਤੇ ਖਾਸਕਰ ਸਿੱਖਾਂ ਨੂੰ ਦਬਾਉਣ ਦੀ ਸਰਕਾਰੀ ਪ੍ਰਵਿਰਤੀ ਦੇਸ਼ ਹਿਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਬੋਲਣ ਦੀ ਆਜ਼ਾਦੀ ਲਈ ਮਾਪਦੰਡ ਵੱਖੋ-ਵੱਖਰੇ ਰੱਖਣੇ ਹਨ, ਤਾਂ ਇਹ ਸਭ ਨੂੰ ਸੰਵਿਧਾਨਿਕ ਤੌਰ 'ਤੇ ਮਿਲੇ ਹੱਕ-ਹਕੂਕ ਕੇਵਲ ਇੱਕ ਕਾਗਜ਼ੀ ਪੁਲੰਦਾ ਹੀ ਕਹੇ ਜਾ ਸਕਦੇ ਹਨ।



ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨਵੇਂ ਕਾਨੂੰਨ ਕੇਵਲ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਨਾ ਵਰਤੇ, ਸਗੋਂ ਸਿੱਖਾਂ ਵਿਰੁੱਧ ਉੱਠ ਰਹੀਆਂ ਆਵਾਜ਼ਾਂ ਅਤੇ ਸੋਸ਼ਲ ਮੀਡੀਆ ਉੱਤੇ ਕੀਤੇ ਜਾਂਦੇ ਸਿੱਖ ਵਿਰੋਧੀ ਨਫ਼ਰਤੀ ਪ੍ਰਚਾਰ 'ਤੇ ਵੀ ਲਾਗੂ ਕਰੇ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਦਲ-ਬਦਲੂਆਂ ਦੇ ਨਾਂ 'ਤੇ ਮਸ਼ਹੂਰ ਹੋਣ ਲੱਗਾ ਜਲੰਧਰ ਸ਼ਹਿਰ

- ਵਾਰ-ਵਾਰ ਚੋਣਾਂ ਬਣ ਰਹੀਆਂ ਨੇ ਦਲ-ਬਦਲੀ ਦਾ ਕਾਰਨ
- ਖੇਡਾਂ ਦੇ ਸਾਮਾਨ ਦਾ ਕੇਂਦਰ ਰਹੇ ਸ਼ਹਿਰ ਨਾਲ 'ਸਿਆਸਤਦਾਨਾਂ ਦੀ ਮੰਡੀ' ਦਾ ਲਕਬ ਜੁੜਨ ਲੱਗਾ


ਸ਼ੀਤਲ ਅੰਗੁਰਾਲ


ਸੁਰਜੀਤ ਕੌਰ


ਸੁਸ਼ੀਲ ਰਿੰਕੂ


ਮਹਿੰਦਰ ਸਿੰਘ ਕੇਪੀ


ਕਰਮਜੀਤ ਕੌਰ


ਪਵਨ ਟੀਨੂ


ਮਹਿੰਦਰ ਭਗਤ


ਜਗਬੀਰ ਬਰਾੜ

**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਹਲਕੇ ਦੀ ਜਲਦਬਾਜ਼ੀ ਨਾਲ ਹੋ ਰਹੀ ਜ਼ਿਮਨੀ ਚੋਣ ਜਲੰਧਰ ਸ਼ਹਿਰ ਦੀ ਸਾਖ਼ ਨੂੰ ਵੀ ਤੇਜ਼ੀ ਨਾਲ ਬਦਲ ਰਹੀ ਹੈ। ਮੀਡੀਆ ਹੱਬ, ਖੇਡਾਂ ਦੇ ਸਾਮਾਨ ਦੇ ਨਿਰਮਾਣ ਅਤੇ ਸਿੱਖਿਆ ਕੇਂਦਰ ਵਜੋਂ ਪਛਾਣ ਬਣਾ ਚੁੱਕੇ ਇਸ ਸ਼ਹਿਰ ਨਾਲ ਹੁਣ ਇਕ ਨਵਾਂ ਲਕਬ ਜੁੜਦਾ ਜਾ ਰਿਹਾ ਹੈ। ਜੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਮੰਨੀਏ ਤਾਂ ਜਲੰਧਰ 'ਦਲ-ਬਦਲੂਆਂ ਦਾ ਸ਼ਹਿਰ' ਬਣ ਗਿਆ ਹੈ। ਉਨ੍ਹਾਂ ਦੀ ਟਿੱਪਣੀ ਕਈ ਆਗੂਆਂ ਵੱਲੋਂ ਦਲ-ਬਦਲੀ ਕਰਨ ਅਤੇ ਖਾਸਕਰ ਕਈਆਂ ਵੱਲੋਂ ਇਕ ਦਿਨ 'ਚ ਹੀ ਇਕ ਪਾਰਟੀ ਛੱਡਣ ਮਗਰੋਂ ਦੂਜੀ 'ਚ ਸ਼ਾਮਲ ਹੋ ਕੇ ਸ਼ਾਮ ਨੂੰ 'ਘਰ ਵਾਪਸੀ' ਦੇ ਮੱਦੇਨਜ਼ਰ ਸਾਹਮਣੇ ਆਈ ਹੈ।

ਬਾਜਵਾ ਮੁਤਾਬਕ, 'ਜਲੰਧਰ ਹੁਣ 'ਦਲ-ਬਦਲੂਆਂ' ਦੇ ਸ਼ਹਿਰ ਜਾਂ 'ਸਿਆਸਤਦਾਨਾਂ ਦੀ ਮੰਡੀ' ਵਜੋਂ ਵਧੇਰੇ ਪ੍ਰਸਿੱਧ ਹੋ ਰਿਹਾ ਹੈ।' ਦਲ-ਬਦਲੂਆਂ ਨੇ ਪੰਜਾਬ ਦੀ ਸਿਆਸਤ ਦੇ ਸਾਰੇ ਰਿਕਾਰਡਾਂ ਨੂੰ ਮਾਤ ਪਾ ਦਿੱਤਾ ਹੈ। ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਫਟਾਫਟ ਦਲ-ਬਦਲੀ ਤੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਸ਼ੋਪੰਜ 'ਚ ਹਨ। ਕਈ ਵਿਦਵਾਨਾਂ ਨੇ ਅਜਿਹੇ ਸਿਆਸੀ ਰੁਝਾਨ 'ਤੇ ਚਿੰਤਾ ਪ੍ਰਗਟਾਈ ਹੈ ਕਿ ਕਿਵੇਂ ਰਾਜਸੀ ਆਗੂ ਆਪਣਾ ਮੁੱਲ ਤੈਅ ਕਰਦੇ ਹਨ ਤੇ ਨਾਂ 'ਸੇਵਾ' ਕਰਨ ਦਾ ਲੈਂਦੇ ਹਨ।

ਵਾਰ-ਵਾਰ ਚੋਣਾਂ ਵੀ ਦਲ-ਬਦਲੀ ਦਾ ਕਾਰਨ ਬਣ ਰਹੀਆਂ ਹਨ। ਸਾਲ 2022 ਦੀਆਂ ਅਸੈਂਬਲੀ ਚੋਣਾਂ, ਮਈ 2023 ਦੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਤੇ ਬੀਤੇ ਜੂਨ ਮਹੀਨੇ ਲੋਕ ਸਭਾ ਚੋਣਾਂ ਮਗਰੋਂ ਹੁਣ ਜਲੰਧਰ ਪੱਛਮੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਹੋਈ। ਦਲ-ਬਦਲੀ ਤਹਿਤ ਸਾਬਕਾ ਸੰਸਦ ਮੈਂਬਰ, ਤਿੰਨ ਸਾਬਕਾ ਵਿਧਾਇਕਾਂ, ਇੱਕ ਵਿਧਾਇਕ ਉਮੀਦਵਾਰ, ਇਕ ਸੀਨੀਅਰ ਡਿਪਟੀ ਮੇਅਰ ਤੇ ਘੱਟੋ-ਘੱਟ ਦੋ ਦਰਜਨ ਸਾਬਕਾ ਕੌਂਸਲਰਾਂ ਨੇ ਆਪਣੇ ਦਲ ਛੱਡ ਕੇ ਦੂਜੀਆਂ ਪਾਰਟੀਆਂ ਦੇ ਖੇਮੇ ਵਿਚ 'ਸਿਆਸੀ ਛਾਲ਼ਾਂ' ਮਾਰੀਆਂ ਹਨ।

ਜਲੰਧਰ ਪੱਛਮੀ ਜ਼ਿਮਨੀ ਚੋਣ ਵੀ ਦਲ-ਬਦਲੀ ਕਾਰਨ ਹੋ ਰਹੀ ਹੈ, ਜਿਸ ਦਾ ਪ੍ਰਗਟਾਵਾ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਕਰ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਇਹ ਚੋਣ ਥੋਪੀ ਗਈ ਹੈ ਕਿਉਂਕਿ 'ਆਪ' ਦਾ ਵਿਧਾਇਕ ਕਥਿਤ 'ਗੱਦਾਰੀ' ਕਰਕੇ ਭਾਜਪਾ ਵਿਚ ਚਲਾ ਗਿਆ ਹੈ। ਸ਼ੀਤਲ ਅੰਗੁਰਾਲ ਪਹਿਲਾਂ ਭਾਜਪਾ 'ਚ ਸੀ, ਜੋ 2022 'ਚ 'ਆਪ' ਵਿਚ ਸ਼ਾਮਲ ਹੋ ਕੇ ਪਾਰਟੀ ਦੀ ਟਿਕਟ 'ਤੇ ਵਿਧਾਇਕ ਬਣਨ ਮਗਰੋਂ ਦੋ ਸਾਲਾਂ ਬਾਅਦ ਮੁੜ ਭਾਜਪਾ ਵਿਚ ਚਲਾ ਗਿਆ। ਉਹ ਹੁਣ ਜਲੰਧਰ ਪੱਛਮੀ ਹਲਕੇ ਤੋਂ ਭਾਜਪਾ ਦਾ ਉਮੀਦਵਾਰ ਹੈ। ਇਸ ਤੋਂ ਇਲਾਵਾ ਸੁਸ਼ੀਲ ਰਿੰਕੂ ਪਹਿਲਾਂ ਕਾਂਗਰਸ ਤੋਂ 'ਆਪ' ਵਿਚ ਤੇ ਬਾਅਦ 'ਚ ਭਾਜਪਾ 'ਚ ਸ਼ਾਮਲ ਹੋ ਗਏ। ਰਿੰਕੂ ਨੇ ਤਿੰਨ ਸਾਲਾਂ 'ਚ ਤਿੰਨ ਪਾਰਟੀਆਂ ਬਦਲੀਆਂ ਹਨ।

ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਅਤੇ ਸਾਬਕਾ ਮੰਤਰੀ ਭਗਤ ਚੂਨੀ ਲਾਲ ਦੇ ਪੁੱਤਰ ਮਹਿੰਦਰ ਭਗਤ ਪਹਿਲਾਂ ਭਾਜਪਾ 'ਚ ਸਨ। ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੇ ਤਾਂ ਇੱਕੋ ਦਿਨ 'ਚ ਹੀ 'ਆਪ' ਦਾ ਗੇੜਾ ਲਾ ਕੇ ਘਰ ਵਾਪਸੀ ਕਰ ਲਈ। ਮਈ 2023 'ਚ ਜਲੰਧਰ ਸਾਬਕਾ ਵਿਧਾਇਕ ਸੁਰਿੰਦਰ ਚੌਧਰੀ ਨੇ ਵੀ ਅਜਿਹਾ ਹੀ ਕੀਤਾ ਸੀ। ਲੋਕ ਸਭਾ ਜ਼ਿਮਨੀ ਚੋਣ ਦੌਰਾਨ ਉਹ 'ਆਪ' ਵਿਚ ਸ਼ਾਮਲ ਹੋ ਗਏ ਸਨ ਤੇ ਉਸੇ ਸ਼ਾਮ ਪ੍ਰਤਾਪ ਸਿੰਘ ਬਾਜਵਾ ਉਨ੍ਹਾਂ ਨੂੰ ਕਾਂਗਰਸ ਵਿਚ ਵਾਪਸ ਲੈ ਆਏ ਸਨ। ਪਿਛਲੇ ਸਾਲ ਚੌਧਰੀ ਸੁਰਿੰਦਰ ਸਿੰਘ ਤੇ ਇਸ ਸਾਲ ਬੀਬੀ ਸੁਰਜੀਤ ਕੌਰ ਦੀ ਦਲ-ਬਦਲੀ ਦਾ ਮਾਮਲਾ 'ਆਪ' ਲਈ ਕਥਿਤ ਨਮੋਸ਼ੀ ਦਾ ਕਾਰਨ ਬਣਿਆ ਹੈ।

ਹਾਲ 'ਚ 'ਆਪ' ਵੱਲੋਂ ਲੋਕ ਸਭਾ ਚੋਣ ਲੜੇ ਪਵਨ ਟੀਨੂੰ ਨੇ ਬਸਪਾ ਰਾਹੀਂ ਸਿਆਸੀ ਕਰੀਅਰ ਸ਼ੁਰੂ ਕੀਤਾ ਸੀ ਤੇ ਉਹ ਅਕਾਲੀ ਦਲ 'ਚ ਵੀ ਰਹੇ। ਅਕਾਲੀ ਦਲ ਦੇ ਲੋਕ ਸਭਾ ਚੋਣ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਆਪਣੀ ਵਫ਼ਾਦਾਰੀ ਬਦਲਣ ਤੋਂ ਪਹਿਲਾਂ ਕਈ ਦਹਾਕੇ ਕਾਂਗਰਸ 'ਚ ਰਹੇ ਸਨ। ਕਾਂਗਰਸੀ ਆਗੂ ਤੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ (ਮਰਹੂਮ) ਦਾ ਪਰਿਵਾਰ ਵੀ ਭਾਜਪਾ 'ਚ ਸ਼ਾਮਲ ਹੋ ਗਿਆ। ਉਨ੍ਹਾਂ ਦੀ ਵਿਧਵਾ ਚੌਧਰੀ ਕਰਮਜੀਤ ਕੌਰ ਨੇ 2023 ਦੀ ਲੋਕ ਸਭਾ ਜ਼ਿਮਨੀ ਚੋਣ ਕਾਂਗਰਸ ਦੀ ਟਿਕਟ ਲੜੀ ਸੀ ਤੇ ਹੁਣ ਉਹ ਭਾਜਪਾ 'ਚ ਹਨ। ਜਲੰਧਰ ਸਭ ਤੋਂ ਵੱਧ ਪੰਜ ਵਾਰ ਦਲ-ਬਦਲੀ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਨੇ ਕੀਤੀ। ਉਹ ਅਕਾਲੀ ਤੋਂ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਤੇ ਫਿਰ ਕਾਂਗਰਸ ਦਾ ਗੇੜਾ ਲਾਉਣ ਮਗਰੋਂ ਅਕਾਲੀ ਦਲ 'ਚ ਵਾਪਸ ਆ ਗਏ ਸਨ। ਉਸ ਮਗਰੋਂ ਉਹ 'ਆਪ' ਵਿਚ ਫਿਰ ਭਾਜਪਾ 'ਚ ਸ਼ਾਮਲ ਹੋ ਗਏ। ਕਾਂਗਰਸ ਨਾਲ ਸਬੰਧਤ ਸਾਬਕਾ ਕੌਂਸਲਰ ਜਗਦੀਸ਼ ਸਮਰਾਏ ਪਹਿਲਾਂ 23 ਮਈ ਨੂੰ ਭਾਜਪਾ 'ਚ ਸ਼ਾਮਲ ਹੋਏ ਤੇ ਫਿਰ 38 ਦਿਨਾਂ ਬਾਅਦ ਹੀ 'ਆਪ' ਚਲੇ ਗਏ। ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਭਾਟੀਆ ਦਾ ਅਕਾਲੀ ਦਲ ਤੋਂ 'ਆਪ' ਫਿਰ ਭਾਜਪਾ ਮੁੜ 'ਆਪ' 'ਚ ਵਾਪਸੀ ਦਾ ਨਾਟਕੀ ਸਫ਼ਰ ਰਿਹਾ।

# ਪਾਕਿਸਤਾਨ 'ਤੇ ਮਈ 2024 ਤੱਕ ਹੋਇਆ 67.816 ਟ੍ਰਿਲੀਅਨ ਦੇਸ਼ ਦਾ ਕੁੱਲ ਕਰਜ਼ਾ

**ਇਸਲਾਮਾਬਾਦ, (ਪੰਜਾਬ ਮੇਲ)-** ਗਰੀਬ ਪਾਕਿਸਤਾਨ ਦੀਆਂ ਆਰਥਿਕ ਸਮੱਸਿਆਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਹੁਣ ਪਾਕਿਸਤਾਨ ਦੇ ਬੈਂਕ ਨੇ ਦੇਸ਼ ਦੀ ਮਾੜੀ ਹਾਲਤ ਦਾ ਪਰਦਾਫਾਸ਼ ਕੀਤਾ ਹੈ। ਸਟੇਟ ਬੈਂਕ ਆਫ਼ ਪਾਕਿਸਤਾਨ (ਐੱਸ.ਬੀ.ਪੀ.) ਨੇ ਕਿਹਾ ਹੈ ਕਿ ਦੇਸ਼ ਦਾ ਕੁੱਲ ਕਰਜ਼ਾ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ ਅਤੇ ਮਈ 2024 ਤੱਕ ਦੇਸ਼ ਦਾ ਕੁੱਲ ਕਰਜ਼ਾ 67.816 ਟ੍ਰਿਲੀਅਨ ਰੁਪਏ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ। ਪਾਕਿਸਤਾਨ ਦੇ ਨਿਊਜ਼ ਪੋਰਟਲ ਏ.ਆਰ.ਵਾਈ. ਨਿਊਜ਼ ਦੀ ਰਿਪੋਰਟ 'ਚ ਸੈਂਟਰਲ ਬੈਂਕ ਆਫ਼ ਪਾਕਿਸਤਾਨ ਤੋਂ ਜਾਰੀ ਅੰਕੜਿਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਫੈਡਰਲ ਸਰਕਾਰ ਦਾ ਕੁੱਲ ਕਰਜ਼ਾ ਇਕ ਸਾਲ 'ਚ 15 ਫੀਸਦੀ ਵਧਿਆ ਹੈ। 8852 ਅਰਬ ਰੁਪਏ ਦਾ ਵਾਧਾ ਹੋਇਆ ਹੈ।

ਐੱਸ.ਬੀ.ਪੀ. ਨੇ ਕਿਹਾ ਕਿ 2023 ਵਿਚ ਦੇਸ਼ ਦਾ ਕੁੱਲ ਕਰਜ਼ਾ 58,964 ਅਰਬ ਰੁਪਏ ਸੀ, ਜੋ ਅਪ੍ਰੈਲ 2024 ਵਿਚ ਵਧ ਕੇ 66,086 ਅਰਬ ਰੁਪਏ ਹੋ ਜਾਵੇਗਾ। ਕੇਂਦਰੀ ਬੈਂਕ ਦੇ ਅੰਕੜਿਆਂ ਮੁਤਾਬਕ ਪਾਕਿਸਤਾਨ ਦਾ ਘਰੇਲੂ ਕਰਜ਼ਾ ਵੀ 46,208 ਅਰਬ ਰੁਪਏ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ। ਸਟੇਟ ਬੈਂਕ ਆਫ ਪਾਕਿਸਤਾਨ ਨੇ ਕਿਹਾ ਕਿ ਨਵਾਂ ਪਾਕਿਸਤਾਨ ਸਰਟੀਫਿਕੇਟ 'ਚ ਸਾਲਾਨਾ ਕਰਜ਼ਾ 37.51 ਫੀਸਦੀ ਘਟਿਆ ਹੈ ਅਤੇ ਇਹ 87 ਅਰਬ ਰੁਪਏ ਹੋ ਗਿਆ ਹੈ। ਕੇਂਦਰੀ ਬੈਂਕ ਨੇ ਫੈਡਰਲ ਸਰਕਾਰ ਦੇ ਬਾਹਰੀ ਕਰਜ਼ੇ ਵਿਚ ਵੀ 1.4 ਫੀਸਦੀ ਦੀ ਕਮੀ ਦਰਜ ਕੀਤੀ ਹੈ। ਇਹ 21,908 ਅਰਬ ਰੁਪਏ ਤੋਂ ਘੱਟ ਕੇ 21,608 ਰੁਪਏ ਰਹਿ ਗਿਆ ਹੈ। ਪਾਕਿਸਤਾਨ ਨੇ ਵਿੱਤੀ ਸਾਲ 2023-24 ਦੇ ਪਹਿਲੇ ਨੌਂ ਮਹੀਨਿਆਂ 'ਚ 5.517 ਟ੍ਰਿਲੀਅਨ ਰੁਪਏ ਦਾ ਕਰਜ਼ਾ ਮੋੜਿਆ ਹੈ।

ਵਿੱਤ ਮੰਤਰਾਲੇ ਦੇ ਅਧਿਕਾਰਤ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ, ਏ.ਆਰ.ਵਾਈ. ਨਿਊਜ਼ ਨੇ ਦੱਸਿਆ ਕਿ ਪਾਕਿਸਤਾਨ ਨੇ ਘਰੇਲੂ ਕਰਜ਼ ਸੇਵਾ ਵਿਚ 4807 ਬਿਲੀਅਨ ਰੁਪਏ ਅਤੇ ਅੰਤਰਰਾਸ਼ਟਰੀ ਕਰਜ਼ੇ ਵਿਚ 710 ਬਿਲੀਅਨ ਰੁਪਏ ਦਾ ਭੁਗਤਾਨ ਕੀਤਾ ਹੈ। ਫੈਡਰਲ ਸਰਕਾਰ ਨੂੰ ਜੁਲਾਈ ਤੋਂ ਮਾਰਚ ਦੀ ਮਿਆਦ ਲਈ ਕੁੱਲ 9.1 ਟ੍ਰਿਲੀਅਨ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ, ਜਿਸ ਵਿਚੋਂ ਕੇਂਦਰ ਨੇ ਸੂਬਿਆਂ ਨੂੰ 3.8 ਟ੍ਰਿਲੀਅਨ ਰੁਪਏ ਦਿੱਤੇ। ਇਸ ਤਰ੍ਹਾਂ, ਪਾਕਿਸਤਾਨ ਦੀ ਸੰਘੀ ਸਰਕਾਰ ਨੂੰ 5.3 ਟ੍ਰਿਲੀਅਨ ਰੁਪਏ ਦਾ ਸ਼ੁੱਧ ਮਾਲੀਆ ਹੋਇਆ। ਪਾਕਿਸਤਾਨ ਦੇ ਪੰਜਾਬ ਸੂਬੇ ਨੂੰ ਵਿੱਤੀ ਸਾਲ 2023-24 'ਚ ਜੁਲਾਈ-ਮਾਰਚ ਦੌਰਾਨ ਐੱਨ.ਐੱਫ.ਸੀ. ਅਵਾਰਡ ਦੇ ਤਹਿਤ 1865 ਅਰਬ ਰੁਪਏ ਮਿਲੇ ਹਨ। ਜਦੋਂਕਿ ਸਿੰਧ ਨੂੰ ਵੰਡ ਵਿਚ 946 ਅਰਬ ਰੁਪਏ ਮਿਲੇ ਹਨ। ਖੈਬਰ ਪਖਤੂਨਖਵਾ ਨੂੰ 623 ਅਰਬ ਰੁਪਏ ਅਤੇ ਬਲੋਚਿਸਤਾਨ ਨੂੰ 379 ਅਰਬ ਰੁਪਏ ਦਿੱਤੇ ਗਏ ਹਨ।

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold # 2867, Gem # 375, TV Zon # 6888,
Glow TV # 1828, Tashan # 131, Real TV etc.
You can also watch on our website: PunjabMailUSA.com

For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

# ਯੂ.ਕੇ. ਚੋਣਾਂ 'ਚ ਲੇਬਰ ਪਾਰਟੀ ਦੀ ਸ਼ਾਨਦਾਰ ਜਿੱਤ; ਸੰਸਦ 'ਚ ਪਹੁੰਚੇ 10 ਸਿੱਖ ਸੰਸਦ ਮੈਂਬਰ

**ਲੰਡਨ, (ਪੰਜਾਬ ਮੇਲ)-** ਯੂ.ਕੇ. ਦੀਆਂ ਸੰਸਦੀ ਚੋਣਾਂ ਵਿਚ ਲੇਬਰ ਪਾਰਟੀ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਲੇਬਰ ਪਾਰਟੀ ਦੇ ਉਮੀਦਵਾਰ ਕੀਰ ਸਟਾਰਮਰ ਪ੍ਰਧਾਨ ਮੰਤਰੀ ਬਣ ਗਏ ਹਨ। ਮੀਡੀਆ ਰਿਪੋਪਟਾਂ ਮੁਤਾਬਕ ਸਿੱਖ ਭਾਈਚਾਰੇ ਦੇ 10 ਮੈਂਬਰ, 'ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ' ਸੰਸਦ ਲਈ ਚੁਣੇ ਗਏ ਹਨ। ਸਾਰੇ 10 ਨਵੇਂ ਚੁਣੇ ਗਏ ਸਿੱਖ ਸੰਸਦ ਮੈਂਬਰਾਂ ਵਿਚ ਪੰਜ ਔਰਤਾਂ ਅਤੇ ਪੰਜ ਪੁਰਸ਼ ਸ਼ਾਮਲ ਹਨ, ਜੋ ਲੇਬਰ ਪਾਰਟੀ ਨਾਲ ਸਬੰਧਤ ਹਨ।



10 ਵਿਚੋਂ ਤਨਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗਿੱਲ ਹਨ, ਜੋ ਸਿੱਖ ਅਤੇ ਹੋਰ ਮੁੱਦਿਆਂ 'ਤੇ ਯੂ.ਕੇ. ਦੀ ਸੰਸਦ ਵਿਚ ਆਵਾਜ਼ ਉਠਾਉਂਦੇ ਰਹੇ ਹਨ। ਇਹ ਦੋਵੇਂ ਲਗਾਤਾਰ ਤੀਜੀ ਵਾਰ ਚੁਣੇ ਗਏ ਹਨ, ਬਾਕੀ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ। ਆਪਣੀ ਜਿੱਤ ਤੋਂ ਬਾਅਦ ਢੇਸੀ ਨੇ ਐਕਸ 'ਤੇ ਪੋਸਟ ਕੀਤਾ, "#Slough ਦੇ ਚੰਗੇ ਲੋਕਾਂ ਦੁਆਰਾ ਉਨ੍ਹਾਂ ਦਾ ਐੱਮ.ਪੀ. ਵਜੋਂ ਦੁਬਾਰਾ ਚੁਣੇ ਜਾਣਾ ਬਹੁਤ ਸਨਮਾਨ ਦੀ ਗੱਲ ਹੈ। ਉਹਨਾਂ ਨੇ @UKLabour ਸਰਕਾਰ ਦੇ ਅਧੀਨ ਬਦਲਾਅ, ਏਕਤਾ ਅਤੇ ਤਰੱਕੀ ਲਈ ਵੋਟ ਦਿੱਤਾ, ਜੋ ਕਿ ਮੈਂ ਉਨ੍ਹਾਂ ਨੂੰ ਪ੍ਰਦਾਨ ਕਰਨ ਲਈ ਸਖ਼ਤ ਮਿਹਨਤ ਕਰਾਂਗਾ। ਉਨ੍ਹਾਂ ਸਾਰਿਆਂ ਲਈ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਅਤੇ ਟੀਮ ਵਰਕ ਨੇ ਇਹ ਸੰਭਵ ਕੀਤਾ ਹੈ।

ਪ੍ਰੀਤ ਕੌਰ ਗਿੱਲ ਨੇ ਵੀ ਐਕਸ 'ਤੇ ਲਿਖਿਆ, ਬਰਮਿੰਘਮ ਐਜਬੈਸਟਨ ਲਈ ਐੱਮ.ਪੀ. ਵਜੋਂ ਦੁਬਾਰਾ ਚੁਣੇ ਜਾਣਾ ਇੱਕ ਸਨਮਾਨ ਅਤੇ ਖੁਸ਼ਕਿਸਮਤੀ ਹੈ। ਉਨ੍ਹਾਂ ਸਾਰਿਆਂ ਦਾ ਧੰਨਵਾਦ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕੀਤਾ। ਮੈਂ ਉਨ੍ਹਾਂ ਲੋਕਾਂ ਅਤੇ ਜਗ੍ਹਾ ਦੀ ਸੇਵਾ ਕਰਨਾ ਜਾਰੀ ਰੱਖਾਂਗੀ ਅਤੇ ਜਿਨ੍ਹਾਂ ਨਾਲ ਮੈਂ ਪਿਆਰ ਕਰਦੀ ਹਾਂ।

**ਕਿਰਿਥ ਐਂਟਵਿਸਟਲ**, ਜਿਸ ਨੂੰ ਕਿਰਿਥ ਆਹਲੂਵਾਲੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, 16,000 ਤੋਂ ਵੱਧ ਵੋਟਾਂ ਨਾਲ ਬੋਲਟਨ ਨਾਰਥ ਈਸਟ ਲਈ ਪਹਿਲੀ ਮਹਿਲਾ ਸੰਸਦ ਮੈਂਬਰ ਬਣੀ। **ਸੋਨੀਆ ਕੁਮਾਰ ਡਡਲੇ** ਸੰਸਦੀ ਸੀਟ ਤੋਂ ਪਹਿਲੀ ਮਹਿਲਾ ਸੰਸਦ ਮੈਂਬਰ ਵੀ ਹੈ। ਇਸੇ ਤਰ੍ਹਾਂ **ਹਰਪ੍ਰੀਤ ਕੌਰ ਉੱਪਲ** ਹਡਰਸਫੀਲਡ ਸੰਸਦੀ ਸੀਟ ਜਿੱਤ ਕੇ ਪਹਿਲੀ ਵਾਰ ਸੰਸਦ ਵਿੱਚ ਦਾਖ਼ਲ ਹੋਵੇਗੀ। ਲੇਬਰ ਪਾਰਟੀ ਦੀ **ਸਤਵੀਰ ਕੌਰ** ਨੇ ਸਾਊਥੈਂਪਟਨ ਟੈਸਟ ਸੀਟ ਤੋਂ 15,945 ਵੋਟਾਂ ਨਾਲ ਜਿੱਤ ਦਰਜ ਕੀਤੀ, ਜਦਕਿ ਵੂਲਵਰਹੈਂਪਟਨ ਵੈਸਟ ਸੰਸਦੀ ਸੀਟ ਤੋਂ **ਵਰਿੰਦਰ ਜੱਸ** 8,000 ਵੋਟਾਂ ਨਾਲ ਜਿੱਤ ਕੇ ਪਹਿਲੀ ਵਾਰ ਸੰਸਦ ਵਿਚ ਦਾਖ਼ਲ ਹੋਏ। **ਡਾਕਟਰ ਜੀਵਨ ਸੰਧਰ ਅਤੇ ਜਸ ਅਠਵਾਲ** ਕ੍ਰਮਵਾਰ ਲੌਫਬਰੋ ਅਤੇ ਇਲਫੋਰਡ ਸਾਊਥ ਪਾਰਲੀਮੈਂਟ ਸੀਟਾਂ ਤੋਂ ਜਿੱਤੇ ਹਨ। **ਗੁਰਿੰਦਰ ਸਿੰਘ ਜੋਸਨ** ਨੇ ਸਮੈਥਵਿਕ ਨੂੰ ਜਿੱਤ ਕੇ ਪਹਿਲੀ ਵਾਰ ਐੱਮ.ਪੀ. ਬਣੇ। ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਵਿਰੋਧੀ ਧਿਰ ਵਿਚ ਰਹਿਣ ਤੋਂ ਬਾਅਦ ਬ੍ਰਿਟੇਨ ਦੀ ਲੇਬਰ ਪਾਰਟੀ ਇੱਕ ਖੜੋਤ ਵਾਲੀ ਆਰਥਿਕਤਾ ਅਤੇ ਨਿਰਾਸ਼ ਰਾਸ਼ਟਰ ਵਿਚਕਾਰ ਸੱਤਾ ਵਿਚ ਆਈ ਹੈ। ਹੁਣ ਤੱਕ ਲੇਬਰ ਨੇ 650 ਸੀਟਾਂ ਵਾਲੇ ਹਾਊਸ ਆਫ ਕਾਮਨਜ਼ 'ਚ 410 ਅਤੇ ਕੰਜ਼ਰਵੇਟਿਵਾਂ ਨੇ 118 ਸੀਟਾਂ ਜਿੱਤੀਆਂ ਹਨ।

# ਯੂ.ਕੇ. ਪ੍ਰਧਾਨ ਮੰਤਰੀ ਵੱਲੋਂ ਨਵੀਂ ਕੈਬਨਿਟ ਦੀ ਨਿਯੁਕਤੀ

■ **ਪਾਕਿਸਤਾਨੀ ਮੂਲ ਦੀ ਸ਼ਬਾਨਾ ਮਹਿਮੂਦ ਨਿਆਂ ਸਕੱਤਰ ਤੇ ਭਾਰਤੀ ਮੂਲ ਦੀ ਲੀਜ਼ਾ ਨੰਦੀ ਸੱਭਿਆਚਾਰ, ਖੇਡਾਂ ਅਤੇ ਮੀਡੀਆ ਮੰਤਰੀ ਬਣੇ**



**ਲੰਡਨ, (ਪੰਜਾਬ ਮੇਲ)-** ਕੀਰ ਸਟਾਰਮਰ ਨੇ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਉਨ੍ਹਾਂ ਬਕਿੰਘਮ ਪੈਲੇਸ ਵਿਚ ਕਿੰਗ ਚਾਰਲਸ ਤੀਜੇ ਨਾਲ ਮੁਲਾਕਾਤ ਤੋਂ ਬਾਅਦ 58ਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ ਹੈ। ਲੇਬਰ ਪਾਰਟੀ ਨੇ 650 ਮੈਂਬਰੀ ਹਾਊਸ ਆਫ਼ ਕਾਮਨਜ਼ ਵਿਚ 412 ਸੀਟਾਂ ਹਾਸਲ ਕੀਤੀਆਂ, ਜੋ ਕਿ 2019 ਦੀਆਂ ਪਿਛਲੀਆਂ ਚੋਣਾਂ ਨਾਲੋਂ 211 ਵੱਧ ਹਨ। ਸੂਨਕ ਦੀ ਕੰਜ਼ਰਵੇਟਿਵਜ਼ ਪਾਰਟੀ ਨੇ ਪਿਛਲੀਆਂ ਚੋਣਾਂ ਨਾਲੋਂ 250 ਸੀਟਾਂ ਘੱਟ 121 ਸੀਟਾਂ ਜਿੱਤੀਆਂ ਹਨ। ਪ੍ਰਧਾਨ ਮੰਤਰੀ ਨੇ ਕੈਬਨਿਟ ਮੰਤਰੀਆਂ ਦੀ ਨਿਯੁਕਤੀ ਕਰ ਦਿੱਤੀ ਹੈ, ਜੋ ਇਸ ਤਰ੍ਹਾਂ ਹਨ: ਉਪ ਪ੍ਰਧਾਨ ਮੰਤਰੀ-ਐਂਜੇਲਾ ਰੇਨਰ, ਵਿੱਤ ਸਕੱਤਰ-ਰਾਛਲ ਰੀਵਜ਼; ਗ੍ਰਹਿ ਸਕੱਤਰ : ਯਵੇਟ ਕੂਪਰ, ਰੱਖਿਆ ਸਕੱਤਰ : ਜੌਨ ਹੀਲੀ, ਵਿਦੇਸ਼ ਸਕੱਤਰ-ਡੇਵਿਡ ਲੈਮੀ, ਨਿਆਂ ਸਕੱਤਰ- ਸ਼ਬਾਨਾ ਮਹਿਮੂਦ, ਟਰਾਂਸਪੋਰਟ ਸਕੱਤਰ- ਲੁਈਸ ਹੇਗ, ਵਾਤਾਵਰਣ, ਖੁਰਾਕ ਅਤੇ ਪੇਂਡੂ ਮਾਮਲਿਆਂ ਦੇ ਸਕੱਤਰ-ਸਟੀਵ ਰੀਡ, ਸੱਭਿਆਚਾਰ, ਮੀਡੀਆ, ਖੇਡ ਸਕੱਤਰ- ਲੀਜ਼ਾ ਨੰਦੀ ਨੂੰ

## ਬ੍ਰਿਟੇਨ ਸਰਕਾਰ ਵਲੋਂ 'ਰਵਾਂਡਾ ਦੇਸ਼ ਨਿਕਾਲਾ ਯੋਜਨਾ' ਰੱਦ ਕਰਨ ਦਾ ਫ਼ੈਸਲਾ

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੀ ਨਵੀਂ ਚੁਣੀ ਲੇਬਰ ਸਰਕਾਰ ਨੇ ਰਵਾਂਡਾ ਦੇਸ਼ ਨਿਕਾਲਾ ਯੋਜਨਾ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ, ਇਸ ਯੋਜਨਾ ਨੂੰ ਦਿੱਤੇ ਪੈਸੇ ਤੋਂ ਕਰੋੜਾਂ ਪਾਉਂਡ ਲੈ ਕੇ ਸਰਹੱਦੀ ਸੁਰੱਖਿਆ ਕਮਾਨ ਬਣਾਈ ਜਾਵੇਗੀ। ਸਕਾਈ ਨਿਊਜ਼ ਨੇ ਗ੍ਰਹਿ ਸਕੱਤਰ ਯਵੇਟ ਕੂਪਰ ਦਾ ਹਵਾਲਾ ਦਿੰਦੇ ਹੋਏ ਇਹ ਜਾਣਕਾਰੀ ਦਿੱਤੀ। ਐਤਵਾਰ ਨੂੰ ਰਿਪੋਰਟ 'ਚ ਕਿਹਾ ਗਿਆ ਕਿ ਨਵੀਂ ਕਮਾਨ ਦੇਸ਼ ਦੀਆਂ ਸੁਰੱਖਿਆ ਸੇਵਾਵਾਂ ਦੇ ਨਾਲ-ਨਾਲ ਇਮੀਗ੍ਰੇਸ਼ਨ ਅਤੇ ਸਰਹੱਦ ਕੰਟਰੋਲ ਦੇ ਰਣਨੀਤਕ ਪ੍ਰਬੰਧਨ 'ਚ ਲੱਗੀ ਰਹੇਗੀ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਦੇਸ਼ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਪ੍ਰਵਾਹ ਕਦੋਂ ਘੱਟ ਹੋਣਾ ਸ਼ੁਰੂ ਹੋਵੇਗਾ ਤਾਂ ਕੂਪਰ ਨੇ ਕਿਹਾ ਕਿ ਉਹ ਜਲਦ ਤੋਂ ਜਲਦ ਇਸ ਮਾਮਲੇ 'ਚ ਤਰੱਕੀ ਚਾਹੁੰਦੀ ਹੈ ਪਰ ਉਨ੍ਹਾਂ ਨੇ ਦੱਸਿਆ ਕਿ ਨਵੀਂ ਸਰਕਾਰ ਨੂੰ ਇਹ ਸਮੱਸਿਆ ਕੰਜ਼ਰਵੇਟਿਵ ਤੋਂ ਵਿਰਾਸਤ 'ਚ ਮਿਲੀ ਹੈ। ਬ੍ਰਿਟੇਨ ਅਤੇ ਰਵਾਂਡਾ ਨੇ 2022 'ਚ ਇਕ ਪ੍ਰਵਾਸ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ, ਜਿਸ ਦੇ ਅਧੀਨ ਬ੍ਰਿਟਿਸ਼ ਸਰਕਾਰ ਵਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਜਾਂ ਸ਼ਰਨ ਚਾਹੁਣ ਵਾਲਿਆਂ ਵਜੋਂ ਪਛਾਣੇ ਜਾਣ ਵਾਲੇ ਲੋਕਾਂ ਨੂੰ ਪ੍ਰੋਸੈਸਿੰਗ, ਸ਼ਰਨ ਅਤੇ ਮੁੜ ਵਸੇਬੇ ਲਈ ਰਵਾਂਡਾ ਭੇਜਿਆ ਜਾਵੇਗਾ। ਇਸ ਯੋਜਨਾ ਦੀ ਮਨੁੱਖੀ ਅਧਿਕਾਰ ਸੰਗਠਨਾਂ ਦੇ ਨਾਲ-ਨਾਲ ਯੂ.ਕੇ. ਦੇ ਕਈ ਰਾਜਨੇਤਾਵਾਂ ਅਤੇ ਅਧਿਕਾਰੀਆਂ ਨੇ ਆਲੋਚਨਾ ਕੀਤੀ ਹੈ।

# ਕੇਂਦਰ ਸਰਕਾਰ ਵੱਲੋਂ ਪੰਨੂ ਅਤੇ ਸਿੱਖਸ ਫਾਰ ਜਸਟਿਸ 'ਤੇ ਮੁੜ ਪਾਬੰਦੀ ਲਾਉਣ ਦਾ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)-**ਕੇਂਦਰ ਸਰਕਾਰ ਨੇ ਇਕ ਵਾਰ ਫਿਰ ਸਿੱਖਸ ਫਾਰ ਜਸਟਿਸ 'ਤੇ ਯੂ.ਏ.ਪੀ.ਏ. ਤਹਿਤ ਅਗਲੇ ਪੰਜ ਸਾਲਾਂ ਲਈ ਪਾਬੰਦੀ ਲਾਉਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਰਾਸ਼ਟਰੀ ਪੜਤਾਲੀਆ ਏਜੰਸੀ ਵੱਲੋਂ ਸਿੱਖਸ ਫਾਰ ਜਸਟਿਸ ਸੰਸਥਾ ਅਤੇ ਉਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਖ਼ਿਲਾਫ਼ ਮਿਲੇ ਨਵੇਂ ਸਬੂਤਾਂ ਦੇ ਆਧਾਰ 'ਤੇ ਲਿਆ ਗਿਆ। ਰਾਸ਼ਟਰੀ ਜਾਂਚ ਏਜੰਸੀ ਨੇ ਸੰਸਥਾ ਅਤੇ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੇ ਖ਼ਿਲਾਫ਼ ਤਕਰੀਬਨ 6 ਮਾਮਲੇ ਦਰਜ ਕੀਤੇ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਏਜੰਸੀ ਨੇ ਪੰਜਾਬ ਅਤੇ ਚੰਡੀਗੜ੍ਹ 'ਚ ਪੰਨੂ ਦੀਆਂ ਸੰਪਤੀਆਂ ਨੂੰ ਆਪਣੇ ਕਬਜ਼ੇ 'ਚ ਲੈ ਲਿਆ ਸੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖਸ ਫਾਰ ਜਸਟਿਸ ਨੂੰ ਭਾਰਤ 'ਚ ਅੱਤਵਾਦ ਫੈਲਾਉਣ ਲਈ ਯੂ.ਏ.ਪੀ.ਏ. ਤਹਿਤ ਪਹਿਲੀ ਵਾਰ 10 ਜੁਲਾਈ, 2019 ਨੂੰ ਪੰਜ ਸਾਲਾਂ ਲਈ ਪਾਬੰਦੀ ਲਾਈ ਸੀ। ਐੱਨ.ਆਈ.ਏ. ਦੀ ਜਾਂਚ ਮੁਤਾਬਕ ਗੁਰਪਤਵੰਤ ਸਿੰਘ ਪੰਨੂ ਸਿੱਖਜ਼ ਫਾਰ ਜਸਟਿਸ ਦਾ ਮੁੱਖ ਸੰਚਾਲਕ ਹੈ। ਏਜੰਸੀ ਦਾ ਕਹਿਣਾ ਹੈ ਕਿ ਉਸ ਦੀ ਸੰਸਥਾ 'ਸਿੱਖਸ ਫਾਰ ਜਸਟਿਸ' ਮਾਸੂਮ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਅੱਤਵਾਦੀ ਕਾਰਵਾਈਆਂ ਲਈ ਉਕਸਾਉਣ ਲਈ ਸੋਸ਼ਲ ਮੀਡੀਆ ਦਾ ਇਸਤੇਮਾਲ ਕਰ ਰਹੀ ਹੈ। ਐੱਨ.ਆਈ.ਏ. ਦੀ ਜਾਂਚ 'ਚ ਇਹ ਵੀ ਸਾਹਮਣੇ ਆਇਆ ਕਿ ਪੰਨੂ ਨੌਜਵਾਨਾਂ ਨੂੰ ਇਕ ਵੱਖਰੇ ਦੇਸ਼ ਖ਼ਾਲਿਸਤਾਨ ਬਣਾਉਣ ਦੀ ਲੜਾਈ ਲਈ ਉਕਸਾਉਂਦਾ ਹੈ। ਪੰਨੂ ਨੇ ਜਨਤਕ ਤੌਰ 'ਤੇ ਭਾਰਤ ਦੇ ਵੱਡੇ ਨੇਤਾਵਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਧਮਕੀਆਂ ਵੀ ਦਿੱਤੀਆਂ।

# ਸਾਬਕਾ ਅੱਤਵਾਦੀ ਕਤਲ ਮਾਮਲਾ: ਮੁੱਖ ਹਮਲਾਵਰ ਨੇ ਗ੍ਰਿਫਤਾਰੀ ਤੋਂ ਕੁਝ ਘੰਟੇ ਬਾਅਦ ਪੁਲਿਸ ਹਿਰਾਸਤ ਤੋਂ ਭੱਜਣ ਦੀ ਕੀਤੀ ਸੀ ਕੋਸ਼ਿਸ਼

■ **ਪੁਲਿਸ ਗੋਲੀਬਾਰੀ ਵਿਚ ਹੋਇਆ ਫੱਟੜ; ਦੋ ਹਥਿਆਰ ਬਰਾਮਦ**

■ **ਗ੍ਰਿਫਤਾਰ ਦੋਸ਼ੀ ਸਿਮਰਨਜੀਤ ਉਰਫ਼ ਬੱਬਲੂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦਾ ਹੈ ਮੈਂਬਰ**



**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਕਾਊਂਟਰ ਇੰਟੈਲੀਜੈਂਸ (ਸੀ.ਆਈ.) ਜਲੰਧਰ ਵੱਲੋਂ ਇੱਕ ਵੱਡੀ ਕਾਰਵਾਈ ਕਰਦਿਆਂ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਮੈਂਬਰ ਸਿਮਰਨਜੀਤ ਸਿੰਘ ਉਰਫ਼ ਬਬਲੂ, ਜੋ ਕਿ ਸਾਬਕਾ ਅੱਤਵਾਦੀ ਰਤਨਦੀਪ ਸਿੰਘ ਕਤਲ ਕੇਸ ਵਿਚ ਮੁੱਖ ਹਮਲਾਵਰ ਹੈ, ਜਲੰਧਰ ਸ਼ਹਿਰ ਦੇ ਬਾਹਰਵਾਰ ਪੁਲਿਸ ਹਿਰਾਸਤ 'ਚੋਂ ਭੱਜਣ ਦੀ ਨਾਕਾਮ ਕੋਸ਼ਿਸ਼ ਦੌਰਾਨ, ਦੋਵੇਂ ਲੱਤਾਂ ਤੇ ਗੋਲੀਆਂ ਲੱਗਣ ਕਾਰਨ ਫੱਟੜ ਹੋ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਅੱਤਵਾਦੀ ਰਤਨਦੀਪ ਸਿੰਘ ਦੀ 3 ਅਪ੍ਰੈਲ 2024 ਨੂੰ ਐੱਸ.ਬੀ.ਐੱਸ. ਨਗਰ ਵਿਚ ਦੋ ਬਾਈਕ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦੱਸਿਆ ਕਿ ਉਕਤ ਦੋਸ਼ੀ ਦੀ ਗ੍ਰਿਫਤਾਰੀ ਤੋਂ ਕੁਝ ਘੰਟਿਆਂ ਤੋਂ ਬਾਅਦ ਹੀ ਜਦੋਂ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਮੁਲਜ਼ਮ ਸਿਮਰਨਜੀਤ ਬਬਲੂ ਨੂੰ ਉਸਦੇ ਖੁਲਾਸੇ ਮੁਤਾਬਕ ਦੱਸੇ ਟਿਕਾਣੇ 'ਤੇ ਉਸ ਵੱਲੋਂ ਰਤਨਦੀਪ ਕਤਲ ਕੇਸ ਵਿਚ ਵਰਤੀ ਗਈ ਪਿਸਤੌਲ ਬਰਾਮਦ ਕਰਨ ਲਿਜਾ ਰਹੀ ਸੀ, ਤਾਂ ਉਸਨੇ ਪੁਲਿਸ 'ਤੇ ਹਮਲਾ ਕਰਕੇ ਭੱਜਣ ਦੀ ਕੋਸ਼ਿਸ਼ ਕੀਤੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਦੋਸ਼ੀ ਨੂੰ ਰੋਕਣ ਲਈ ਪੁਲਿਸ ਟੀਮਾਂ ਨੂੰ ਗੋਲੀ ਚਲਾਉਣੀ ਪਈ ਤੇ ਦੋਸ਼ੀ ਫੱਟੜ ਹੋ ਗਿਆ ਅਤੇ ਨਜ਼ਦੀਕੀ ਹਸਪਤਾਲ ਵਿਚ ਜ਼ੇਰੇ ਇਲਾਜ ਹੈ।

ਪੁਲਿਸ ਟੀਮਾਂ ਨੇ ਦੋਸ਼ੀ ਪਾਸੋਂ 2 ਆਧੁਨਿਕ ਹਥਿਆਰ- ਇੱਕ .32 ਵੈਬਲੇ ਰਿਵਾਲਵਰ ਅਤੇ ਇੱਕ .32 ਪਿਸਤੌਲ ਸਮੇਤ ਇੱਕ ਮੈਗਜ਼ੀਨ ਅਤੇ 19 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਮੁਲਜ਼ਮ ਸਿਮਰਨਜੀਤ ਬਬਲੂ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਰਿੰਦਾ ਅਤੇ ਅਮਰੀਕਾ ਸਥਿਤ ਗੋਪੀ ਨਵਾਂਸ਼ਹਿਰ ਦੇ ਨਿਰਦੇਸ਼ਾਂ 'ਤੇ ਕੰਮ ਕਰਦਾ ਸੀ ਅਤੇ ਉਨ੍ਹਾਂ ਦੇ ਕਹਿਣ 'ਤੇ ਹੀ ਆਪਣੇ ਦੂਜੇ ਸਾਥੀ ਹਮਲਾਵਰ, ਜਿਸਦੀ ਪਛਾਣ ਜਸਪ੍ਰੀਤ ਸਿੰਘ ਉਰਫ਼ ਜੱਸੀ ਕੁਲਾਮ ਵਜੋਂ ਹੋਈ ਹੈ, ਨੇ ਸਮਾਜ ਵਿਚ ਦਹਿਸ਼ਤ ਫੈਲਾਉਣ ਲਈ ਸਾਬਕਾ ਖਾੜਕੂ ਰਤਨਦੀਪ ਸਿੰਘ ਦੀ ਮਿੱਥ ਕੇ ਹੱਤਿਆ ਕੀਤੀ ਸੀ। ਜਾਣਕਾਰੀ ਮੁਤਾਬਕ ਦੋਸ਼ੀ ਜੱਸੀ ਕੁਲਾਮ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਵਿਦੇਸ਼ ਭੱਜਣ 'ਚ ਕਾਮਯਾਬ ਹੋ ਗਿਆ ਸੀ।

ਉਨ੍ਹਾਂ ਕਿਹਾ ਕਿ ਪੁਲਿਸ ਨੇ ਆਰਮਜ਼ ਐਕਟ ਅਤੇ ਅਪਰਾਧਿਕ ਸਾਜ਼ਿਸ਼ ਦੀਆਂ ਧਾਰਾਵਾਂ ਨੂੰ ਸ਼ਾਮਲ ਕੀਤਾ ਹੈ ਅਤੇ ਇਸ ਮਾਮਲੇ ਵਿਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਓਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਏ.ਆਈ.ਜੀ. ਕਾਊਂਟਰ ਇੰਟੈਲੀਜੈਂਸ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਖ਼ੁਫੀਆ ਇਤਲਾਹ ਦੇ ਆਧਾਰ 'ਤੇ ਸੀ.ਆਈ. ਜਲੰਧਰ ਦੀਆਂ ਪੁਲਿਸ ਟੀਮਾਂ ਨੇ ਦਿਓਲ ਨਗਰ ਕਲੋਨੀ, ਜਲੰਧਰ ਦੇ ਖੇਤਰ ਵਿਚ ਇੱਕ ਵਿਸ਼ੇਸ਼ ਨਾਕਾ ਲਗਾਇਆ ਅਤੇ ਮੁਲਜ਼ਮ ਸਿਮਰਨਜੀਤ ਸਿੰਘ ਉਰਫ਼ ਬਬਲੂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਕੱਟੜ ਅਪਰਾਧੀ ਹੈ ਅਤੇ ਉਸ ਖ਼ਿਲਾਫ਼ ਕਤਲ, ਇਰਾਦਾ-ਕਤਲ ਅਤੇ ਅਸਲਾ ਐਕਟ ਨਾਲ ਸਬੰਧਤ ਕਈ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਬਬਲੂ ਅੰਮ੍ਰਿਤਸਰ ਪੁਲਿਸ ਦੇ ਇੱਕ ਏ.ਐੱਸ.ਆਈ. ਦੇ ਕਤਲ ਵਿਚ ਵੀ ਸ਼ਾਮਲ ਹੈ।

ਇਸ ਸਬੰਧੀ ਐੱਫ.ਆਈ.ਆਰ. ਨੰ. 39 ਮਿਤੀ 07.07.2024 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ ਭਾਰਤੀ ਨਿਆਏ ਸੰਹਿਤਾ ਦੀ ਧਾਰਾ 61(2) ਅਧੀਨ ਕੇਸ ਦਰਜ ਕੀਤਾ ਗਿਆ ਹੈ।

## ਆਬਕਾਰੀ ਨੀਤੀ ਮਾਮਲਾ: ਈ.ਡੀ. ਵੱਲੋਂ ਕੇਜਰੀਵਾਲ ਖ਼ਿਲਾਫ਼ ਦਾਇਰ ਚਾਰਜਸ਼ੀਟ ਦਾ ਅਦਾਲਤ ਵੱਲੋਂ ਨੋਟਿਸ



**ਨਵੀਂ ਦਿੱਲੀ, (ਪੰਜਾਬ ਮੇਲ)-** ਸਥਾਨਕ ਅਦਾਲਤ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਦਾਇਰ ਈ.ਡੀ. ਦੀ ਸੱਤਵੀਂ ਚਾਰਜਸ਼ੀਟ ਦਾ ਅੱਜ ਨੋਟਿਸ ਲਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਕੇਜਰੀਵਾਲ ਨੂੰ 12 ਜੁਲਾਈ ਲਈ ਸੰਮਨ ਜਾਰੀ ਕੀਤਾ। ਈ.ਡੀ. ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ 21 ਮਾਰਚ ਨੂੰ ਇੱਥੇ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ ਸੀ। ਈ.ਡੀ. ਨੇ ਦੋਸ਼ ਲਾਇਆ ਕਿ ਕੇਜਰੀਵਾਲ ਆਬਕਾਰੀ ਘੁਟਾਲੇ ਦਾ ਮੁੱਖ ਸਾਜ਼ਿਸ਼ਕਰਤਾ ਸੀ। ਦੂਜੇ ਪਾਸੇ ਅਰਵਿੰਦ ਕੇਜਰੀਵਾਲ ਦੀ ਪਤਨੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਨੂੰ ਜਾਣਬੁੱਝ ਕੇ ਇਸ ਮਾਮਲੇ ਵਿਚ ਫਸਾਇਆ ਜਾ ਰਿਹਾ ਹੈ।

# ਡਰੱਗ ਮਾਮਲਾ: ਵਿਸ਼ੇਸ਼ ਜਾਂਚ ਟੀਮ ਨੇ ਮਜੀਠੀਆ ਨੂੰ ਜਾਰੀ ਨੋਟਿਸ ਵਾਪਸ ਲਿਆ

■ **ਬਹੁਤ ਜਲਦੀ ਨਵਾਂ ਸੰਮਨ ਭੇਜਾਂਗੇ : ਆਈ.ਜੀ. ਭੁੱਲਰ**

**ਚੰਡੀਗੜ੍ਹ, (ਪੰਜਾਬ ਮੇਲ)-** ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਬਿਕਰਮ ਸਿੰਘ ਮਜੀਠੀਆ ਨੂੰ ਜਾਰੀ ਸੰਮਨ ਵਾਪਸ ਲਏ ਹਨ, ਜਿਸ ਕਾਰਨ ਸਾਬਕਾ ਮੰਤਰੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਖਲ ਪਟੀਸ਼ਨ ਬੇਅਸਰ ਹੋ ਗਈ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜੀ.ਐੱਸ. ਸੰਧਾਵਾਲੀਆ ਅਤੇ ਜਸਟਿਸ ਵਿਕਾਸ ਬਹਿਲ ਦੇ ਡਿਵੀਜ਼ਨ ਬੈਂਚ ਵੱਲੋਂ ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਦਸਤਾਵੇਜ਼ ਜਾਂ ਕੋਈ ਹੋਰ ਚੀਜ਼ ਪੇਸ਼ ਕਰਨ ਲਈ ਸੰਮਨ ਦੇ ਸਬੰਧ 'ਚ ਅਪਰਾਧਕ ਪ੍ਰਕਿਰਿਆ ਦੀ ਧਾਰਾ 91 ਤਹਿਤ ਆਉਣ ਵਾਲਾ ਨੋਟਿਸ ਵਾਪਸ ਲਿਆ ਗਿਆ ਹੈ। ਹਲਫਨਾਮੇ ਦਾ ਨੋਟਿਸ ਲੈਂਦਿਆਂ ਬੈਂਚ ਨੇ ਸਪੱਸ਼ਟ ਕੀਤਾ ਕਿ ਪਟੀਸ਼ਨ ਨੂੰ ਰੱਦ ਮੰਨਣ ਤੋਂ ਪਹਿਲਾਂ ਸਰਕਾਰ ਇਸ ਸਬੰਧੀ ਹਲਫ਼ਨਾਮਾ ਦੇਣ ਲਈ ਪਾਬੰਦ ਹੋਵੇਗੀ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਸਿਟ ਵੱਲੋਂ ਨੋਟਿਸ ਭੇਜੇ ਜਾਣ ਮਗਰੋਂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਕੀਲਾਂ ਇਸ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਸੀ। ਹਾਲਾਂਕਿ ਹਾਈ ਕੋਰਟ 'ਚ ਪਿਛਲੀ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਸਿਟ ਵੱਲੋਂ 7 ਜੂਨ ਜਾਰੀ ਨੋਟਿਸ ਦੇ ਹਵਾਲੇ ਪੁੱਛ-ਪੜਤਾਲ ਤੇ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਨੂੰ ਲਾਜ਼ਮੀ ਦੱਸਿਆ ਸੀ। ਮਜੀਠੀਆ ਨੇ ਦਲੀਲ ਦਿੱਤੀ ਸੀ ਕਿ ਵਾਰ-ਵਾਰ ਸੰਮਨ ਭੇਜ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹਾਈ ਕੋਰਟ ਨੇ ਉਨ੍ਹਾਂ ਨੂੰ 8 ਜੁਲਾਈ ਤੱਕ ਸਿਟ ਸਾਹਮਣੇ ਪੇਸ਼ ਹੋਣ ਤੋਂ ਰਾਹਤ ਦਿੱਤੀ ਸੀ।



ਕਰੋੜਾਂ ਰੁਪਏ ਦੀ ਡਰੱਗ ਤਸਕਰੀ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਹਾਲੇ ਘਟੀਆਂ ਨਹੀਂ ਹਨ। ਮਾਮਲੇ ਦੀ ਜਾਂਚ ਕਰ ਰਹੀ ਸਿਟ ਦੇ ਇੰਚਾਰਜ ਪਟਿਆਲਾ ਰੇਂਜ ਦੇ ਆਈ.ਜੀ. ਐੱਚ.ਐੱਸ. ਭੁੱਲਰ ਨੇ ਕਿਹਾ ਕਿ ਜਲਦੀ ਹੀ ਬਿਕਰਮ ਸਿੰਘ ਮਜੀਠੀਆ ਨੂੰ ਨਵਾਂ ਸੰਮਨ ਭੇਜਿਆ ਜਾਵੇਗਾ। ਭੁੱਲਰ ਨੇ ਕਿਹਾ, "ਡਰੱਗਜ਼ ਮਾਮਲੇ ਵਿਚ ਪੜਤਾਲ ਹੋਣੀ ਲਾਜ਼ਮੀ ਹੈ ਤੇ ਇਸ ਮਾਮਲੇ 'ਚ ਪੂਰੀ ਪੜਤਾਲ ਕਰਨ ਲਈ ਬਿਕਰਮ ਸਿੰਘ ਮਜੀਠੀਆ ਅਹਿਮ ਕੜੀ ਹਨ, ਜਿਨ੍ਹਾਂ ਕੋਲੋਂ ਪੁੱਛ-ਪੜਤਾਲ ਕਰਨੀ ਲਾਜ਼ਮੀ ਹੈ। ਅਸੀਂ ਬਹੁਤ ਜਲਦੀ ਬਿਕਰਮ ਸਿੰਘ ਮਜੀਠੀਆ ਨੂੰ ਸੰਮਨ ਭੇਜ ਕੇ ਤਲਬ ਕਰਾਂਗੇ, ਤਾਂ ਜੋ ਪੜਤਾਲ ਦੇ ਰਹਿ ਗਏ ਕੁਝ ਤੱਥ ਸਪੱਸ਼ਟ ਕੀਤੇ ਜਾ ਸਕਣ।"

# 14 ਸਾਲਾਂ ਬਾਅਦ ਬਰਤਾਨੀਆ 'ਚ ਲੇਬਰ ਪਾਰਟੀ ਦੀ ਹੂੰਝਾਫੇਰ ਜਿੱਤ



ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਚੋਣਾਂ ਜਿੱਤਣ ਵਾਲੇ ਪੰਜਾਬੀ ਸੰਸਦ ਮੈਂਬਰ।

ਲੰਡਨ, (ਪੰਜਾਬ ਮੇਲ)-ਬਰਤਾਨੀਆ ਦੇ ਚੋਣ ਨਤੀਜਿਆਂ ਵਿਚ ਲੇਬਰ ਪਾਰਟੀ ਦੀ 14 ਸਾਲਾਂ ਬਾਅਦ ਹੋਈ ਹੂੰਝਾਫੇਰ ਜਿੱਤ ਨੇ ਸੰਭਾਵੀ ਨਤੀਜਿਆਂ ਨੂੰ ਸੱਚ ਕਰ ਵਿਖਾਇਆ ਹੈ। ਲੇਬਰ ਪਾਰਟੀ ਦੇ ਮੁਖੀ ਕੀਰ ਸਟਾਰਮਰ ਹੁਣ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਭਾਵੇਂ ਰਿਚਮੰਡ ਐਂਡ ਨੌਰਥਾਲਰਟਨ ਸੀਟ ਤੋਂ 23,059 ਵੋਟਾਂ ਪ੍ਰਾਪਤ ਕਰਕੇ ਜਿੱਤ ਗਏ ਹਨ ਪਰ ਉਨ੍ਹਾਂ ਨੇ ਪਾਰਟੀ ਦੀ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫ਼ਾ ਬਕਿੰਘਮ ਪੈਲੇਸ ਵਿਖੇ ਪਹੁੰਚ ਕੇ ਮਹਾਰਾਜਾ ਚਾਰਲਸ ਨੂੰ ਸੌਂਪਿਆ। ਰਿਸ਼ੀ ਸੁਨਕ ਨੇ ਲੇਬਰ ਨੇਤਾ ਕੀਰ ਸਟਾਰਮਰ ਨੂੰ ਵਧਾਈ ਦਿੰਦਿਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। 650 ਸੀਟਾਂ ਵਿਚੋਂ ਹੁਣ ਤੱਕ 648 ਸੀਟਾਂ ਦੇ ਨਤੀਜੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ 412 ਸੀਟਾਂ ਲੇਬਰ ਪਾਰਟੀ ਨੂੰ , 121 ਸੀਟਾਂ ਕੰਜ਼ਰਵੇਟਿਵ ਨੂੰ , 71 ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ , 9 ਸਕਾਟਿਸ਼ ਨੈਸ਼ਨਲ ਪਾਰਟੀ ਨੂੰ ਅਤੇ ਸਿਨਫਿਨ ਨੂੰ 7 ਸੀਟਾਂ ਮਿਲੀਆਂ ਹਨ, ਜਦਕਿ 35 ਹੋਰ ਜਿੱਤੇ ਹਨ। ਲੇਬਰ ਪਾਰਟੀ ਨੂੰ ਜਿਥੇ 211 ਸੀਟਾਂ ਦਾ ਲਾਭ ਹੋਇਆ ਹੈ, ਉਥੇ ਹੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 63 ਦਾ ਲਾਭ ਹੋਇਆ, ਜਦਕਿ ਕੰਜ਼ਰਵੇਟਿਵ ਪਾਰਟੀ ਨੂੰ 250 ਦਾ ਨੁਕਸਾਨ ਅਤੇ ਸਕਾਟਿਸ਼ ਨੈਸ਼ਨਲ ਪਾਰਟੀ ਨੂੰ 38 ਸੀਟਾਂ ਦਾ ਵੱਡਾ ਨੁਕਸਾਨ ਹੋਇਆ ਹੈ।

ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰੱਸ ਸਮੇਤ ਕੰਜ਼ਰਵੇਟਿਵ ਪਾਰਟੀ ਦੇ ਕਈ ਮੰਤਰੀ ਅਤੇ ਸੀਨੀਅਰ ਨੇਤਾ ਆਪਣੀ ਸੀਟ ਨਹੀਂ ਬਚਾ ਸਕੇ। ਇਥੋਂ ਤੱਕ ਕਿ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਭਾਵੇਂ ਖ਼ੁਦ ਚੋਣ ਨਹੀਂ ਲੜ ਰਹੇ ਸਨ ਪਰ ਉਨ੍ਹਾਂ ਦੀ ਸੀਟ ਵੀ ਲੇਬਰ ਨੇ ਖੋਹ ਲਈ ਹੈ। ਕੰਜ਼ਰਵੇਟਿਵ ਪਾਰਟੀ ਦੇ ਵੱਡੇ ਨੇਤਾ ਅਤੇ ਮੰਤਰੀ ਜੈਕਬ ਰੀਸ ਮੌਗ, ਰੱਖਿਆ ਮੰਤਰੀ ਗ੍ਰਾਂਟ ਸ਼ੈਪਸ, ਅਲੈਕਸ ਚਾਕ, ਗਿਲੀਅਨ ਕੀਗਨ, ਸਾਈਮਨ ਹਾਰਟ, ਜੌਨੀ ਮਰਸਰ, ਪੈਨੀ ਮੋਰਡੌਂਟ, ਮਾਰਕ ਹਾਰਪਰ, ਲੂਸੀ ਫਰੇਜ਼ਰ ਵੀ ਆਪਣੀਆਂ ਸੀਟਾਂ ਨਹੀਂ ਬਚਾ ਸਕੇ।

## ਪੰਜਾਬੀ ਸੰਸਦ ਮੈਂਬਰਾਂ ਦੀ ਗਿਣਤੀ 'ਚ ਹੋਇਆ ਵੱਡਾ ਵਾਧਾ

ਇਹ ਪਹਿਲੀ ਵਾਰ ਹੈ, ਜਦੋਂ 4 ਦਸਤਾਰਧਾਰੀ ਸਿੱਖ ਅਤੇ 5 ਸਿੱਖ ਬੀਬੀਆਂ ਸਮੇਤ 12 ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਨੇ ਲੇਬਰ ਪਾਰਟੀ ਵੱਲੋਂ ਇਤਿਹਾਸਕ ਜਿੱਤ ਦਰਜ ਕੀਤੀ ਹੈ, ਜਿਨ੍ਹਾਂ 'ਚ ਸੰਸਦ ਮੈਂਬਰ ਸੀਮਾ ਮਲਹੋਤਰਾ ਨੇ ਹੈਸਟਨ ਫੈਲਥਮ ਹਲਕੇ ਤੋਂ 16139 ਵੋਟਾਂ ਪ੍ਰਾਪਤ ਕਰਕੇ 7944 ਵੋਟਾਂ ਨਾਲ ਜਿੱਤ ਦਰਜ ਕੀਤੀ। ਤਨਮਨਜੀਤ ਸਿੰਘ ਢੇਸੀ ਤੀਜੀ ਵਾਰ ਸੰਸਦ ਪਹੁੰਚੇ ਹਨ ਅਤੇ ਉਨ੍ਹਾਂ ਨੇ ਸਲੋਹ ਹਲਕੇ ਤੋਂ 14,666 ਵੋਟਾਂ ਪ੍ਰਾਪਤ ਕਰਕੇ 3647 ਵੋਟਾਂ ਨਾਲ ਜਿੱਤ ਹਾਸਲ ਕੀਤੀ। ਪ੍ਰੀਤ ਕੌਰ ਗਿੱਲ ਵੀ ਬਰਮਿੰਘਮ ਐਜ਼ਬਾਸਟਨ ਤੋਂ ਤੀਜੀ ਵਾਰ ਚੋਣ ਜਿੱਤੇ ਹਨ। ਉਨ੍ਹਾਂ 16,599 ਵੋਟਾਂ ਹਾਸਲ ਕੀਤੀਆਂ ਅਤੇ ਆਪਣੇ ਨੇੜਲੇ ਵਿਰੋਧੀ ਨੂੰ 8368 ਵੋਟਾਂ ਦੇ ਫਰਕ ਨਾਲ ਹਰਾਇਆ। ਸਮੈਦਿਕ ਤੋਂ ਗੁਰਿੰਦਰ ਸਿੰਘ ਜੋਸਨ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ, ਜਿਨ੍ਹਾਂ ਨੇ 16,858 ਵੋਟਾਂ ਪ੍ਰਾਪਤ ਕਰਕੇ 11,188 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਇਲਫੋਰਡ ਦੱਖਣੀ ਤੋਂ ਜਸਬੀਰ ਸਿੰਘ ਅਠਵਾਲ ਨੇ 16,537 ਵੋਟਾਂ ਪ੍ਰਾਪਤ ਕਰਕੇ 6894 ਵੋਟਾਂ ਨਾਲ ਕਾਮਯਾਬੀ ਹਾਸਲ ਕੀਤੀ ਹੈ। ਸਾਊਥਹੈਂਪਟਨ ਟੈਸਟ ਤੋਂ ਸਤਵੀਰ ਕੌਰ ਨੇ 15,945 ਵੋਟਾਂ ਹਾਸਲ ਕੀਤੀਆਂ ਅਤੇ ਨੇੜਲੇ ਵਿਰੋਧੀ ਨੂੰ 9333 ਵੋਟਾਂ ਨਾਲ ਹਰਾਇਆ।

ਸਫਾ 1 ਦਾ ਬਾਕੀ

## ਜਲੰਧਰ ਪੱਛਮੀ ਜ਼ਿਮਨੀ ਚੋਣ: ਉਮੀਦਵਾਰਾਂ ਦੀ...

ਚੋਣਾਂ ਦੇ ਨਤੀਜੇ 13 ਜੁਲਾਈ ਨੂੰ ਆਉਣਗੇ। ਉਸ ਸਮੇਂ ਹੀ ਪਤਾ ਲੱਗੇਗਾ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ 'ਚ ਜਨਤਾ ਨੇ ਕਿਸ ਉਮੀਦਵਾਰ ਨੂੰ ਵਿਧਾਇਕ ਦਾ ਤਾਜ ਪਹਿਨਾਇਆ ਹੈ। ਜ਼ਿਕਰਯੋਗ ਹੈ ਕਿ ਸਾਲ 2022 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸ਼ੀਤਲ ਅੰਗੂਰਾਲ ਜਲੰਧਰ ਵੈਸਟ ਤੋਂ ਵਿਧਾਇਕ ਬਣੇ ਸਨ ਪਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ 'ਚ ਸ਼ਾਮਲ ਹੋ ਗਏ। ਇਸ ਦੌਰਾਨ ਉਨ੍ਹਾਂ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ ਸੀ। ਹਾਲਾਂਕਿ ਬਾਅਦ 'ਚ ਉਨ੍ਹਾਂ ਨੇ ਅਸਤੀਫ਼ਾ ਵਾਪਸ ਲੈਣ ਚਾਹਿਆ ਪਰ ਇਸ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਚੁੱਕਾ ਸੀ। ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਉਪਰੰਤ ਅਸਤੀਫ਼ਾ ਦੇਣ ਕਾਰਨ ਇਹ ਸੀਟ ਖਾਲੀ ਹੋਈ ਸੀ। ਇਸ ਲਈ ਇਸ 'ਤੇ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ।

ਸਫਾ 1 ਦਾ ਬਾਕੀ

## 2024 ਦੀ ਪਹਿਲੀ ਛਿਮਾਹੀ ਦੌਰਾਨ ਅਮਰੀਕਾ ਭਰ...

ਸਭ ਤੋਂ ਤਾਜ਼ਾ ਤਿਮਾਹੀ ਦੌਰਾਨ ਹਥਿਆਰਾਂ ਵਾਲੇ ਯਾਤਰੀਆਂ ਦੀ ਦਰ ਪ੍ਰਤੀ 10 ਲੱਖ ਯਾਤਰੀਆਂ 'ਤੇ 7.5 ਹਥਿਆਰ ਸਨ, ਜੋ ਕਿ 2023 ਦੀ ਉਸੇ ਮਿਆਦ ਦੇ ਮੁਕਾਬਲੇ ਥੋੜ੍ਹੀ ਜਿਹੀ ਕਮੀ ਹੈ, ਜਦੋਂ ਖੋਜ ਦੀ ਦਰ ਪ੍ਰਤੀ 10 ਲੱਖ ਯਾਤਰੀਆਂ 'ਤੇ 7.9 ਹਥਿਆਰ ਸਨ।

ਟੀ.ਐੱਸ.ਏ. ਅਨੁਸਾਰ, ਸੁਰੱਖਿਆ ਚੌਕੀਆਂ 'ਤੇ, ਹਵਾਈ ਅੱਡੇ ਦੇ ਸੁਰੱਖਿਅਤ ਖੇਤਰ ਅਤੇ ਇੱਕ ਹਵਾਈ ਜਹਾਜ਼ ਦੇ ਯਾਤਰੀ ਕੈਬਿਨ ਵਿੱਚ ਹਥਿਆਰਾਂ ਦੀ ਮਨਾਹੀ ਹੈ। ਅੰਤਰਰਾਸ਼ਟਰੀ ਤੌਰ 'ਤੇ ਯਾਤਰਾ ਕਰਦੇ ਸਮੇਂ, ਏਅਰਲਾਈਨ ਦੇ ਯਾਤਰੀਆਂ ਨੂੰ ਵਿਦੇਸ਼ੀ ਮੰਜ਼ਿਲ ਦੇ ਕਾਨੂੰਨਾਂ ਤੋਂ ਜਾਣੂ ਹੋਣਾ ਚਾਹੀਦਾ ਹੈ, ਜੋ ਹਥਿਆਰਾਂ ਨਾਲ ਯਾਤਰਾ 'ਤੇ ਪਾਬੰਦੀ ਲਗਾ ਸਕਦੇ ਹਨ ਅਤੇ ਮਹੱਤਵਪੂਰਨ ਅਪਰਾਧਿਕ ਜ਼ੁਰਮਾਨੇ ਹੋ ਸਕਦੇ ਹਨ।

ਸਫਾ 1 ਦਾ ਬਾਕੀ

## ਪੰਜਾਬ 'ਚ ਹੋ ਰਹੀ ਹਿੰਸਾ ਦੀ ਅਮਰੀਕਾ ਦੇ ਉੱਘੇ ਸਿੱਖ...

ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਪਹਿਲੀ ਵਾਰ ਅਜਿਹਾ ਮਸਲਾ ਉਨ੍ਹਾਂ ਦੇ ਸਾਹਮਣੇ ਆਇਆ ਸੀ ਅਤੇ ਉਨ੍ਹਾਂ ਨੇ ਇਸ ਸੰਬੰਧੀ ਮੁੱਦਾ ਚੁੱਕਿਆ। ਅਮਰੀਕਾ ਵਿਚ ਰਹਿੰਦੇ ਸਾਰੇ ਭਾਰਤੀ ਐੱਨ.ਆਰ.ਆਈ. ਭਰਾਵਾਂ ਜਿਨ੍ਹਾਂ ਵਿਚ ਸਿੱਖ ਅਤੇ ਹਿੰਦੂ ਭਾਈਚਾਰਾ ਸ਼ਾਮਲ ਹੈ, ਇੱਥੋਂ ਦੇ ਸਾਰੇ ਹੀ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਕਮੇਟੀ ਮੈਂਬਰਾਂਨ ਅਤੇ ਇੱਥੇ ਵਸਦੇ ਉਨ੍ਹਾਂ ਦੇ ਹੋਰ ਕਲਾਇੰਟ, ਸਭ ਹੀ ਚਾਹੁੰਦੇ ਸਨ ਕਿ ਇਸ ਮੁੱਦੇ ਨੂੰ ਅੱਗੇ ਲਿਆਂਦਾ ਜਾਵੇ। ਜਸਪ੍ਰੀਤ ਸਿੰਘ ਅਟਰਾਨੀ ਨੇ ਕਿਹਾ ਕਿ ਪਹਿਲਾਂ ਵੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਬਾਰੇ ਬੇਨਤੀ ਕੀਤੀ ਗਈ ਸੀ ਅਤੇ ਹੁਣ ਵੀ ਉਹ ਇਹੀ ਬੇਨਤੀ ਕਰਦੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਲਗਾਏ ਗਏ ਇਲਜ਼ਾਮ ਬਿਲਕੁਲ ਗਲਤ ਹਨ, ਉਨ੍ਹਾਂ ਉੱਪਰ ਲਗਾਏ ਕਈ ਇਲਜ਼ਾਮ ਬੇਲ-ਏਬਲ ਅਫੈਂਸ ਹਨ, ਜਿਨ੍ਹਾਂ ਉੱਪਰ ਐੱਨ.ਐੱਸ.ਏ. ਲਗਾਉਣੀ ਸਹੀ ਨਹੀਂ ਬਣਦੀ। ਸੰਵਿਧਾਨ ਦੀ ਸਹੁੰ ਚੁੱਕਣ ਤੇ ਜੇਲ੍ਹ ਵਿਚ ਕੈਦ ਕਿਸੇ ਵੀ ਵਿਅਕਤੀ ਦਾ ਇਹ ਅਧਿਕਾਰ ਬਣਦਾ ਹੈ ਕਿ ਉਹ ਬਾਹਰ ਆ ਕੇ ਉਨ੍ਹਾਂ ਲੋਕਾਂ ਦੀ ਸੇਵਾ ਕਰ ਸਕੇ, ਜਿਨ੍ਹਾਂ ਨੇ ਉਸ ਨੂੰ ਵੋਟਾਂ ਪਾ ਕੇ ਚੁਣ ਕੇ ਆਪਣਾ ਨੁਮਾਇੰਦਾ ਬਣਾਇਆ ਹੈ। ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਮੈਂ ਅੱਗੇ ਤੋਂ ਵੀ ਅਜਿਹੇ ਮੁੱਦਿਆਂ ਸੰਬੰਧੀ ਆਵਾਜ਼ ਚੁੱਕਦਾ ਰਹਾਂਗਾ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਬਰਤਾਨੀਆਂ ਦੀਆਂ ਸੰਸਦੀ ਚੋਣਾਂ ਵਿਚ ਸਿੱਖਾਂ/ਪੰਜਾਬੀਆਂ ਨੇ ਇਤਿਹਾਸ ਸਿਰਜਿਆ












-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬੀ ਸਿੱਖ ਸਿਆਸਤਦਾਨਾਂ ਨੇ ਬਰਤਾਨੀਆਂ ਵਿਚ ਹਾਊਸ ਆਫ਼ ਕਾਮਨ ਦੀਆਂ ਚੋਣਾ ਜਿੱਤਕੇ ਇਤਿਹਾਸ ਸਿਰਜਿਆ ਹੈ ਅਤੇ ਸੰਸਾਰ ਵਿਚ ਸਿੱਖਾਂ ਦੀ ਬੱਲੇ-ਬੱਲੇ ਕਰਵਾ ਦਿੱਤੀ ਹੈ। ਸੰਸਾਰ ਵਿਚ ਸਿੱਖਾਂ ਦੀ ਪਛਾਣ ਨੂੰ ਮਾਨਤਾ ਦਿਵਾ ਦਿੱਤੀ ਹੈ। ਬਰਤਾਨੀਆਂ ਦੇ ਹਾਊਸ ਆਫ਼ ਕਾਮਨ ਦੀਆਂ ਚੋਣਾਂ ਵਿਚ ਵੀ ਪੰਜਾਬ ਦੀ ਤਰ੍ਹਾਂ ਬਦਲਾਅ ਵੇਖਣ ਨੂੰ ਮਿਲਿਆ ਹੈ, ਪਿਛਲੇ 14 ਸਾਲਾਂ ਤੋਂ ਰਾਜ ਕਰ ਰਹੀ ਕੰਜ਼ਰਵੇਟਿਵ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸ ਵਾਰ 334 ਸੰਸਦ ਮੈਂਬਰ ਪਹਿਲੀ ਵਾਰ ਸੰਸਦ ਦੀਆਂ ਪਉੜੀਆਂ ਚੜ੍ਹਨਗੇ। 649 ਮੈਂਬਰਾਂ ਵਿਚ 59 ਫ਼ੀਸਦੀ 386 ਮਰਦ ਅਤੇ 41 ਫ਼ੀਸਦੀ 263 ਇਸਤਰੀ ਮੈਂਬਰ ਚੁਣੇ ਗਏ ਹਨ। ਬਰਤਾਨੀਆਂ ਦੇ 650 ਮੈਂਬਰਾਂ ਵਾਲੇ ਹਾਊਸ ਆਫ਼ ਕਾਮਨਜ਼ ਦੀ ਚੋਣ 4 ਜੁਲਾਈ ਨੂੰ ਹੋਈ ਸੀ। 5 ਜੁਲਾਈ ਨੂੰ ਆਏ ਨਤੀਜਿਆਂ ਵਿਚ ਲੇਬਰ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ ਹੈ। 649 ਆਏ ਨਤੀਜਿਆਂ ਵਿਚੋਂ ਭਾਰੀ ਬਹੁਮਤ ਨਾਲ ਲੇਬਰ ਪਾਰਟੀ ਨੇ 411 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਹੈ। ਕੰਜ਼ਰਵੇਟਿਵ ਪਾਰਟੀ ਨੂੰ ਸਿਰਫ 121 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ, ਜਦੋਂਕਿ 2019 ਵਿਚ 365 ਸੀਟਾਂ ਜਿੱਤੀਆਂ ਸਨ। ਇਸ ਤਰ੍ਹਾਂ ਉਨ੍ਹਾਂ ਨੂੰ 244 ਸੀਟਾਂ ਦਾ ਨੁਕਸਾਨ ਹੋਇਆ ਹੈ। ਲੇਬਰ ਪਾਰਟੀ ਨੇ 2019 ਦੀਆਂ ਚੋਣਾਂ ਵਿਚ 182 ਸੀਟਾਂ ਜਿੱਤੀਆਂ ਸਨ, ਉਸ ਦੇ ਮੁਕਾਬਲੇ 2024 ਵਿਚ 209 ਸੀਟਾਂ ਦਾ ਲਾਭ ਹੋਇਆ ਹੈ। ਵੋਟਾਂ ਭਾਵੇਂ ਲੇਬਰ ਪਾਰਟੀ ਨੂੰ 34 ਫ਼ੀਸਦੀ ਹੀ ਪਈਆਂ ਹਨ ਪ੍ਰੰਤੂ 63 ਫ਼ੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਵੋਟਾਂ ਦੀ ਫ਼ੀਸਦੀ 2019 ਨਾਲੋਂ ਨਾਮਾਤਰ ਹੀ ਥੋੜ੍ਹੀ ਜਿਹੀ ਵੱਧ ਹੈ ਪ੍ਰੰਤੂ ਸੀਟਾਂ ਦੁਗਣੀਆਂ ਜਿੱਤ ਲਈਆਂ ਹਨ। ਇਸ ਵਾਰ ਪਿਛਲੇ 20 ਸਾਲਾਂ ਵਿਚ ਸਭ ਤੋਂ ਘੱਟ 60 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਕੰਜ਼ਰਵੇਟਿਵ ਪਾਰਟੀ ਦੇ ਹਾਰਨ ਦਾ ਕਾਰਨ ਵੋਟਾਂ ਦੀ ਪੋਲਿੰਗ ਘੱਟ ਹੋਣਾ ਵੀ ਹੋ ਸਕਦਾ ਹੈ। ਕੰਜ਼ਰਵੇਟਿਵ ਪਾਰਟੀ ਨੂੰ 244 ਸੀਟਾਂ ਦਾ ਨੁਕਸਾਨ ਹੋਇਆ ਹੈ। ਕੰਜ਼ਰਵੇਟਿਵ ਪਾਰਟੀ ਨੂੰ 200 ਸਾਲ ਬਾਅਦ ਵੱਡੀ ਹਾਰ ਦਾ ਮੂੰਹ ਵੇਖਣਾ ਪਿਆ ਹੈ। ਕੋਵਿਡ ਦੌਰਾਨ ਬਰਤਾਨੀਆ ਦੀ ਆਰਥਿਕਤਾ ਲੜਖੜਾ ਗਈ ਸੀ, ਫਿਰ ਰਿਸ਼ੀ ਸੁਨਕ ਨੂੰ ਪ੍ਰਧਾਨ ਮੰਤਰੀ ਚੁਣਿਆਂ ਗਿਆ ਪ੍ਰੰਤੂ ਉਹ ਵੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਸਫਲ ਨਹੀਂ ਹੋਇਆ। ਕੰਜ਼ਰਵੇਟਿਵ ਪਾਰਟੀ ਨੂੰ ਪਿਛਲੇ 5 ਸਾਲਾਂ ਵਿਚ ਤਿੰਨ ਪ੍ਰਧਾਨ ਮੰਤਰੀ ਬਦਲਨੇ ਪਏ ਪ੍ਰੰਤੂ ਜਿੱਤ ਫਿਰ ਵੀ ਪ੍ਰਾਪਤ ਨਹੀਂ ਹੋਈ। ਭਾਵ 5 ਸਾਲ ਬਰਤਾਨੀਆਂ ਦੇ ਲੋਕਾਂ ਨੂੰ ਸਥਿਰ ਸਰਕਾਰ ਨਹੀਂ ਮਿਲੀ, ਜਿਸ ਦਾ ਇਵਜ਼ਾਨਾ ਕੰਜ਼ਰਵੇਟਿਵ ਪਾਰਟੀ ਨੂੰ ਭੁਗਤਣਾ ਪਿਆ। ਰਿਸ਼ੀ ਸੁਨਕ ਪਹਿਲਾ ਬ੍ਰਿਟਿਸ਼ ਏਸ਼ੀਅਨ ਪ੍ਰਧਾਨ ਮੰਤਰੀ ਸੀ ਪ੍ਰੰਤੂ ਇਨ੍ਹਾਂ ਚੋਣਾਂ ਵਿਚ ਭਾਰਤਵੰਸ਼ੀਆਂ ਨੇ ਲੇਬਰ ਪਾਰਟੀ ਦਾ ਸਾਥ ਦਿੱਤਾ ਹੈ ਪ੍ਰੰਤੂ ਫਿਰ ਵੀ 26 ਭਾਰਤਵੰਸ਼ੀ ਉਮੀਦਵਾਰ ਚੋਣ ਜਿੱਤੇ ਹਨ, ਜਿਨ੍ਹਾਂ ਵਿਚ 14 ਕੰਜ਼ਵੇਟਿਵ ਪਾਰਟੀ ਦੇ ਉਮੀਦਵਾਰ ਤੇ 12 ਪੰਜਾਬੀ ਸਿੱਖ ਲੇਬਰ ਪਾਰਟੀ ਦੇ ਉਮੀਦਵਾਰ ਚੋਣ ਜਿੱਤੇ ਹੋਏ ਸ਼ਾਮਲ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਲੇਬਰ ਪਾਰਟੀ ਨੂੰ ਸਿਰਫ 34 ਫ਼ੀਸਦੀ ਵੋਟਾਂ ਪ੍ਰਾਪਤ ਹੋਈਆਂ ਪ੍ਰੰਤੂ 411 ਸੀਟਾਂ ਜਿੱਤ ਲਈਆਂ ਹਨ। 1997 ਵਿਚ ਟੋਨੀ ਬਲੇਅਰ ਦੀ ਜਿੱਤ ਦੇ ਬਹੁਮਤ ਤੋਂ ਬਾਅਦ ਲੇਬਰ ਪਾਰਟੀ ਨੂੰ 47 ਸਾਲ ਬਾਅਦ ਇੰਨੀ ਵੱਡੀ ਜਿੱਤ ਪ੍ਰਾਪਤ ਹੋਈ ਹੈ। ਕੰਜ਼ਰਵੇਟਿਵ ਪਾਰਟੀ ਦੀਆਂ ਵੋਟਾਂ ਲੇਬਰ ਪਾਰਟੀ ਦੇ ਉਮੀਦਵਾਰਾਂ ਦੀ ਥਾਂ ਦੂਜੀਆਂ ਪਾਰਟੀਆਂ ਨੂੰ ਪੋਲ ਹੋ ਗਈਆਂ ਹਨ, ਜਿਸ ਕਰਕੇ ਉਨ੍ਹਾਂ ਦੀ ਸਰਕਾਰ ਬਣ ਗਈ ਹੈ। ਲਿਬਰਲ ਡੈਮੋਕਮੈਟਸ, ਰਾਈਟ ਵਿੰਗ ਰਿਫਾਰਮ ਯੂ.ਕੇ., ਗਰੀਨ ਪਾਰਟੀ ਤੇ ਹੋਰ ਛੋਟੀਆਂ ਪਾਰਟੀਆਂ ਨੂੰ 40 ਫ਼ੀਸਦੀ ਵੋਟਾਂ ਪੋਲ ਹੋ ਗਈਆਂ, ਜਦੋਂਕਿ ਉਨ੍ਹਾਂ ਨੂੰ ਸਿਰਫ਼ 18 ਫ਼ੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਡੈਮੋਕਰੇਟਸ ਨੂੰ 30 ਲੱਖ 49 ਹਜ਼ਾਰ ਵੋਟਾਂ ਪੋਲ ਹੋਈਆਂ ਹਨ ਪ੍ਰੰਤੂ 60 ਫ਼ੀਸਦੀ ਸੀਟਾਂ ਦਾ ਲਾਭ ਹੋਇਆ ਹੈ ਤੇ 71 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਰੀਫਾਰਮ ਯੂ.ਕੇ. ਪਾਰਟੀ ਜਿਸਦੀ ਅਗਵਾਈ ਨੀਗਲ ਫਾਰਮੇਜ਼ ਕਰ ਰਹੇ ਹਨ, ਨੂੰ 40 ਲੱਖ ਵੋਟਾਂ ਪ੍ਰਾਪਤ ਹੋਈਆਂ ਹਨ ਪ੍ਰੰਤੂ 5 ਸੀਟਾਂ ਜਿੱਤੀਆਂ ਹਨ। ਗਰੀਨ ਪਾਰਟੀ ਆਫ਼ ਇੰਗਲੈਂਡ ਐਂਡ ਵੇਲਜ਼ ਨੂੰ ਸਿਰਫ਼ 10 ਲੱਖ 9 ਹਜ਼ਾਰ ਵੋਟਾਂ ਪੋਲ ਹੋਈਆਂ ਹਨ ਪ੍ਰੰਤੂ 4 ਸੀਟਾਂ ਜਿੱਤ ਲਈਆਂ ਹਨ। ਸਿਨ ਫੀਨ ਪਾਰਟੀ ਨੂੰ 7, ਡੈਮੋਕਰੈਟਿਕ ਯੂਨੀਅਨ ਪਾਰਟੀ ਨੂੰ 5, ਪੇਡ ਸਾਈਮਰੂ ਨੂੰ 4, ਆਜ਼ਾਦ 6 ਅਤੇ ਕੁਝ ਹੋਰ ਪਾਰਟੀਆਂ ਨੂੰ ਇੱਕ-ਇੱਕ ਸੀਟ 'ਤੇ ਜਿੱਤ ਮਿਲੀ ਹੈ। ਸਕਾਟਲੈਂਡ ਦੀਆਂ 57 ਸੀਟਾਂ ਵਿਚੋਂ 37 ਸੀਟਾਂ ਲੇਬਰ ਪਾਰਟੀ ਨੇ ਜਿੱਤੀਆਂ ਹਨ, 2019 ਨਾਲੋਂ ਇੱਕ ਸੀਟ ਵੱਧ ਹੈ। ਕੰਜ਼ਰਵੇਟਿਵ ਪਾਰਟੀ ਨੇ ਸਿਰਫ 5 ਸੀਟਾਂ ਜਿੱਤੀਆਂ ਹਨ। ਵੋਟਾਂ ਦੀ ਫ਼ੀਸਦੀ ਅਨੁਸਾਰ ਲੇਬਰ ਪਾਰਟੀ ਨੂੰ ਬਹੁਤ ਥੋੜ੍ਹੀ ਫ਼ੀਸਦੀ ਵੋਟਾਂ ਵੱਧ ਮਿਲੀਆਂ ਹਨ। ਨੈਸ਼ਨਲ ਸਕਾਟਿਸ਼ ਪਾਰਟੀ ਨੇ 2019 ਦੀਆਂ 48 ਸੀਟਾਂ ਦੇ ਮੁਕਾਬਲੇ ਇਸ ਵਾਰ 39 ਸੀਟਾਂ ਜਿੱਤੀਆਂ ਹਨ। ਇਸ ਤੋਂ ਪਹਿਲਾਂ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਰਿਸ਼ੀ ਸੁਨਕ ਦੀ ਅਗਵਾਈ ਵਿਚ ਚੱਲ ਰਹੀ ਸੀ। 14 ਸਾਲ ਬਾਅਦ ਲੇਬਰ ਪਾਰਟੀ ਦੀ ਸਰਕਾਰ ਕੀਰ ਸਟਾਰਮਰ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਬਣਨ ਜਾ ਰਹੀ ਹੈ। ਕੈਨੇਡਾ ਅਤੇ ਅਮਰੀਕਾ ਤੋਂ ਬਾਅਦ ਬਰਤਾਨੀਆਂ ਵਿਚ ਵੀ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ ਉਥੋਂ ਦੀ ਸੰਸਦੀ ਚੋਣਾਂ ਵਿਚ 26 ਉਮੀਦਵਾਰ ਚੋਣਾਂ ਜਿੱਤ ਕੇ ਸੰਸਦ ਦੇ ਮੈਂਬਰ ਬਣ ਗਏ ਹਨ। ਇਨ੍ਹਾਂ ਵਿਚੋਂ 12 ਸਿੱਖ ਚੋਣ ਜਿੱਤੇ ਹਨ, ਜਿਨ੍ਹਾਂ ਵਿਚ 4 ਦਸਤਾਰਧਾਰੀ ਅਤੇ 5 ਸਿੱਖ ਪਰਿਵਾਰਾਂ ਨਾਲ ਸੰਬੰਧਤ ਇਸਤਰੀਆਂ ਸ਼ਾਮਲ ਹਨ। ਇਹ ਸਾਰੇ ਲੇਬਰ ਪਾਰਟੀ ਦੇ ਮੈਂਬਰ ਹਨ, ਚੋਣ ਜਿੱਤਣ ਵਾਲਿਆਂ ਵਿਚ ਤਨਮਨਜੀਤ ਸਿੰਘ ਢੇਸੀ ਨੇ ਸਲੋਹ, ਪ੍ਰੀਤ ਕੌਰ ਗਿੱਲ ਨੇ ਬਰਮਿੰਘਮ ਐਗਜ਼ਬਾਸਟਨ, ਸਤਵੀਰ ਕੌਰ ਨੇ ਸਾਊਥਹੈਂਪਟਨ, ਹਰਪ੍ਰੀਤ ਕੌਰ ਨੇ ਉਪਲ ਹਰਡਜ਼ਫੀਲਡ, ਵਰਿੰਦਰ ਸਿੰਘ ਜਸ ਨੇ ਵੂਲਵਰਹੈਂਪਟਨ ਪੱਛਵੀਂ, ਗੁਰਿੰਦਰ ਸਿੰਘ ਜੋਸਨ ਨੇ ਸਮੈਦਿਕ, ਡਾ. ਜੀਵਨ ਸਿੰਘ ਸੰਧਰ ਨੇ ਲਾਫਬਾਰੋ, ਕੀਰੀਥ ਆਹਲੂਵਾਲੀਆ ਨੇ ਬੋਲਟਨ ਉਤਰੀ, ਸੋਨੀਆਂ ਕੌਰ ਕੁਮਾਰ ਨੇ ਡੁਡਲੇ, ਜਸ ਅਠਵਾਲ ਨੇ ਇਲਫੋਰਡ ਦੱਖਣੀ ਅਤੇ ਸ਼ੰਕਰ ਨੇ ਡਰਬੀ ਦੱਖਣੀ, ਵਲੇਰੀ ਵਾਜ਼ ਨੇ ਵਾਲਸਲ ਐਂਡ ਬਲੌਕਸਵਿਚ, ਕਿਨਿਸ਼ਕਾ ਨਰਾਇਣ ਨੇ ਵੇਲਜ ਦੀ ਗਲੈਮੋਰਗਨ ਵਾਦੀ ਤੋਂ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਹ ਸਾਰੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਹਨ। ਇਸ ਤੋਂ ਇਲਾਵਾ 14 ਭਾਰਤੀਵੰਸ਼ ਦੇ ਉਮੀਦਵਾਰਾਂ ਨੇ ਚੋਣ ਜਿੱਤੀ ਹੈ, ਜਿਨ੍ਹਾਂ ਵਿਚ ਰਿਸ਼ੀ ਸੁਨਕ ਸਾਬਕ ਪ੍ਰਧਾਨ ਮੰਤਰੀ ਨੇ ਰਿਚਮੰਡ ਐਂਡ ਨੌਰਥ ਬਾਲਟਨ ਪ੍ਰੀਤੀ ਪਟੇਲ ਸਾਬਕਾ ਗ੍ਰਹਿ ਮੰਤਰੀ ਨੇ ਵਿਟਹੈਮ, ਸਿਓਲਾ ਬਰੇਵਰਮੈਨ ਨੇ ਫੇਅਰਹੈਮ, ਸ਼ਿਵਾਨੀ ਰਾਜਾ ਨੇ ਲੈਸਟਰ ਪੱਛਵੀਂ, ਲੀਜ਼ਾ ਨੰਦੀ, ਨਵੇਂਦੂ ਮਿਸ਼ਰਾ ਅਤੇ ਸੋਜਨ ਜੌਫ਼ ਸ਼ਾਮਲ ਹਨ। ਰਿਸ਼ੀ ਸਨਕ ਦੀ ਵਜ਼ਾਰਤ ਦੇ ਬਹੁਤੇ ਮੰਤਰੀ ਚੋਣ ਹਰ ਗਏ ਹਨ। 37 ਸਾਲ ਦੇ ਲੈਸਟਰ ਪੱਛਵੀਂ ਹਲਕੇ ਦੇ ਇਤਿਹਾਸ ਵਿਚ ਪਹਿਲੀ ਵਾਰ ਭਾਰਤੀ ਮੂਲ ਦੀ ਸ਼ਿਵਾਨੀ ਰਾਜਾ ਨੇ ਜਿੱਤ ਪ੍ਰਾਪਤ ਕੀਤੀ ਹੈ। 1950 ਤੋਂ ਬਾਅਦ ਆਜ਼ਾਦ ਮੈਂਬਰਾਂ ਦੀ ਗਿਣਤੀ ਵੀ ਵਧੀ ਹੈ। ਨਵੀਂ ਸਰਕਾਰ ਵਿਚ ਤਨਮਨਜੀਤ ਸਿੰਘ ਢੇਸੀ ਦੇ ਮੰਤਰੀ ਬਣਨ ਦੀ ਉਮੀਦ ਕੀਤੀ ਜਾ ਰਹੀ ਹੈ। ਉਹ ਵਿਰੋਧੀ ਪਾਰਟੀ ਦੇ ਸ਼ੈਡੋ ਰੇਲਵੇ ਵਿਭਾਗ ਦੇ ਮੰਤਰੀ ਸਨ। ਤਨਮਨਜੀਤ ਸਿੰਘ ਢੇਸੀ 9 ਸਾਲ ਦੀ ਉਮਰ ਵਿਚ ਬਰਤਾਨੀਆਂ ਚਲੇ ਗਏ ਸਨ। ਉਹ ਉਥੇ ਹੀ ਪੜ੍ਹੇ ਹਨ। ਉਹ ਪੰਜਾਬ ਦੇ ਜਲੰਧਰ ਨਾਲ ਸੰਬੰਧ ਰੱਖਦੇ ਹਨ। ਢੇਸੀ ਨੂੰ ਕੁਲ ਪੋਲ ਹੋਈਆਂ ਵੋਟਾਂ ਵਿਚੋਂ 57 ਫ਼ੀਸਦੀ ਵੋਟਾਂ ਪਈਆਂ ਹਨ। ਤਨਮਨਜੀਤ ਸਿੰਘ 36 ਸਾਲ ਦੀ ਉਮਰ ਵਿਚ ਹਾਊਸ ਆਫ਼ ਕਾਮਨ ਦੇ ਮੈਂਬਰ ਚੁਣੇ ਗਏ ਸਨ। ਤਨਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗਿੱਲ ਤੀਜੀ ਵਾਰ ਚੋਣ ਜਿੱਤੇ ਹਨ। ਬਾਕੀ ਸਾਰੇ ਪਹਿਲੀ ਵਾਰ ਚੋਣ ਜਿੱਤੇ ਹਨ। ਪ੍ਰੀਤ ਕੌਰ ਗਿੱਲ ਵੀ ਸ਼ੈਡੋ ਪਬਲਿਕ ਹੈਲਥ ਮੰਤਰੀ ਸਨ। ਪ੍ਰੀਤ ਕੌਰ ਗਿੱਲ 42 ਸਾਲ ਦੀ ਉਮਰ ਵਿਚ ਪਹਿਲੀ ਵਾਰ ਸੰਸਦ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੂੰ ਤੇਜ਼ ਤਰਾਰ ਨੇਤਾ ਦੇ ਤੌਰ 'ਤੇ ਜਾਣਿਆਂ ਜਾਂਦਾ ਹੈ। ਇਹ ਦੋਵੇਂ ਸੰਸਦ ਮੈਂਬਰ ਹਾਊਸ ਆਫ ਕਾਮਨ ਵਿਚ ਭਾਰਤੀਆਂ ਖਾਸ ਤੌਰ 'ਤੇ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਸੰਬੰਧੀ ਮਸਲੇ ਉਠਾਉਂਦੇ ਰਹੇ ਹਨ। ਇਨ੍ਹਾਂ ਚੋਣਾਂ ਵਿਚ 107 ਭਾਰਤਵੰਸ਼ੀ ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 26 ਨੂੰ ਸ਼ਫ਼ਲਤਾ ਪ੍ਰਾਪਤ ਹੋਈ ਹੈ।

ਲੇਬਰ ਪਾਰਟੀ ਦੇ ਕੀਰ ਸਟਾਰਮਰ ਪ੍ਰਧਾਨ ਮੰਤਰੀ ਨੇ ਆਪਣੀ ਨਵੀਂ ਸਰਕਾਰ ਲਈ 5 ਮੰਤਰੀਆਂ ਦੇ ਨਾਵਾਂ ਦਾ ਐਲਾਨ ਵੀ ਕਰ ਦਿੱਤਾ ਹੈ। ਇਨ੍ਹਾਂ 5 ਵਿਚ 3 ਇਸਤਰੀਆਂ ਐਂਜਲਾ ਰੇਨਰ ਉਪ ਪ੍ਰਧਾਨ ਮੰਤਰੀ, ਰੇਚਲ ਰੀਵਜ਼ ਵਿਤ ਮੰਤਰੀ, ਵਾਈ ਵੇਟੇ ਕਪੂਰ ਗ੍ਰਹਿ ਮੰਤਰੀ ਹੋਣਗੀਆਂ। ਜੌਹਨ ਹੈਲੇ ਰੱਖਿਆ ਮੰਤਰੀ ਅਤੇ ਡੇਵਿਡ ਲੈਮੀ ਵਿਦੇਸ਼ ਮੰਤਰੀ ਹੋਣਗੇ।

## ਫਰਕ

### ਵਿਚਾਰ ਚਰਚਾ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਓਸ਼ੋ ਦੇ ਇੱਕ ਮਿੱਤਰ ਨੇ ਕਿਹਾ "ਮੈਂ ਤੁਹਾਨੂੰ ਆਪਣੀ ਮਾਂ ਨਾਲ ਮਿਲਵਾਉਣਾ ਚਾਹੁੰਦਾਂ, ਉਹ ਬਹੁਤ ਧਾਰਮਿਕ ਹੈ।"

ਓਸ਼ੋ ਨੇ ਕਿਹਾ "ਠੀਕ ਹੈ, ਵੈਸੈ ਵੀ ਮੈਨੂੰ ਧਾਰਮਿਕ ਲੋਕਾਂ ਨਾਲ ਮਿਲਣਾ ਬਹੁਤ ਪਸੰਦ ਹੈ।"

ਉਹ ਜਦੋਂ ਆਪਣੇ ਮਿੱਤਰ ਦੀ ਮਾਂ ਨੂੰ ਮਿਲੇ ਤਾਂ ਮਾਂ ਨੇ ਪੁੱਛਿਆ ਕਿ "ਤੂੰ ਕਿਤਾਬਾਂ ਬਹੁਤ ਪੜ੍ਹਦਾ, ਅੱਜਕੱਲ੍ਹ ਕੀ ਪੜ੍ਹ ਰਹੇ ?"

ਓਸ਼ੋ ਨੇ ਕਿਹਾ, "ਮੈਂ ਅੱਜਕੱਲ੍ਹ ਕੁਰਾਨ ਪੜ੍ਹ ਰਿਹਾ ਹਾਂ।"

ਇਹ ਸੁਣਦੇ ਹੀ ਦੋਸਤ ਦੀ ਮਾਂ ਨਾਰਾਜ਼ ਹੋ ਗਈ, ਕਹਿਣ ਲੱਗੀ, "ਤੁਸੀਂ ਹਿੰਦੂ ਹੋ ਕੇ ਕੁਰਾਨ ਪੜ੍ਹਦੇ ਹੋ, ਤੈਨੂੰ ਆਪਣੇ ਧਰਮ ਦੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ।"

ਬਾਅਦ ਵਿਚ ਓਸ਼ੋ ਨੇ ਆਪਣੇ ਮਿੱਤਰ ਨੂੰ ਕਿਹਾ, ਤੁਸੀ ਤਾਂ ਕਹਿੰਦੇ ਸੀ ਕਿ ਮਾਂ ਧਾਰਮਿਕ ਹੈ ਪਰ ਉਹ ਧਾਰਮਿਕ ਨਹੀਂ, 'ਸੰਪਰਦਾਇਕ' ਹੈ।'

ਬਹੁਤ ਸਾਰੇ ਲੋਕ ਅੱਜਕੱਲ੍ਹ ਤੁਹਾਨੂੰ ਮਿਲਣਗੇ ਕਿ ਜੋ ਖੁਦ ਨੂੰ ਧਾਰਮਿਕ ਕਹਿੰਦੇ ਹਨ - ਦਰਅਸਲ ਉਹ ਧਾਰਮਿਕ ਹੁੰਦੇ ਹੀ ਨਹੀਂ, ਸੰਪਰਦਾਇਕ ਹੁੰਦੇ ਹਨ। ਇੱਕ ਬੜੀ ਬਰੀਕ ਲਾਈਨ ਹੈ 'ਧਾਰਮਿਕ' ਅਤੇ 'ਸੰਪਰਦਾਇਕ' ਹੋਣ ਦੇ ਵਿਚਾਲੇ, ਇਸਦਾ ਹਮੇਸ਼ਾ ਧਿਆਨ ਰੱਖੋ।

ਧੰਨਵਾਦ ਸਹਿਤ ਓਸ਼ੋ ਦੇ ਵਿਚਾਰਾਂ ਵਿਚੋਂ :-

## ਕਿਸ਼ਤ 2

# ਆਨੰਦਪੁਰ ਸਾਹਿਬ ਦੇ ਮਤੇ ਦਾ ਆਲੋਚਨਾਤਮਕ ਅਧਿਐਨ

## ਰਾਜਸੀ ਨਿਸ਼ਾਨਾ

ਡਾ. ਚਰਨਜੀਤ ਸਿੰਘ ਗੁਮਟਾਲਾ
1-937-573-9812
(ਡੇਟਨ, ਓਹਾਇਓ, ਯੂ.ਐੱਸ.ਏ.),
ਵਟਸਐਪ : 91-94175-33060
ਪੰਜਾਬ ਮੇਲ USA





ਪੰਥਕ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ ’ਤੇ ਸਾਹਿਬ ਦਸਮ ਪਾਤਿਸ਼ਾਹ ਦੇ ਆਦੇਸ਼ਾਂ ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ‘ਮਨ ਮੰਦਰ’ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ‘ਖਾਲਸਾ ਜੀ ਦਾ ਬੋਲ ਬਾਲਾ’ ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।

ਇਸ ਪਰਿਯੋਜਨ ਦੀ ਪੂਰਤੀ ਲਈ: ਸ਼੍ਰੋਮਣੀ ਅਕਾਲੀ ਦਲ ਹਰ ਮੁਸ਼ਕਿਲ ਤਰੀਕੇ ਨਾਲ ਯਤਨ ਤੇ ਜੱਦੋ-ਜਹਿਦ ਕਰੇਗਾ ਕਿ (ੳ) ਜਿਹੜੇ ਰਕਬੇ ਦੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਤੇ ਜਾਣ-ਬੁੱਝ ਕੇ ਪੰਜਾਬ ਤੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿਚੋਂ ਡਲਹੌਜ਼ੀ, ਅੰਬਾਲਾ ਜ਼ਿਲ੍ਹੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ ‘ਦੇਸ਼’ ਨਾਮੀ ਸਿਲਾਕਾ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਤੇ ਹਿਸਾਰ ਜ਼ਿਲ੍ਹੇ ਦੀ ਟੋਹਾਂਨਾ ਸਬ ਤਹਿਸੀਲਾਂ ਰਤੀਆ ਬਲਾਕ ਤੇ ਸਰਸੇ ਦੀ ਤਹਿਸੀਲ ਰਾਜਸਥਾਨ ਤੇ ਗੰਗਾਨਗਰ ਦੇ ਜ਼ਿਲ੍ਹੇ ਦੀਆਂ 9 ਤਹਿਸੀਲਾਂ ਅਤੇ ਇਨ੍ਹਾਂ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜਾਮੀਆ ਇਕਾਈ ਬਣ ਜਾਣ, ਜਿਸ ਵਿਚ ਸਿੱਖੀ ਤੇ ਸਿੱਖਾਂ ਦੇ ਹਿੱਤ ਵਿਸ਼ੇਸ਼ ਸੁਰੱਖਿਅਤ ਰਹਿਣ।

(ਅ) ਇਸ ਨਵੇਂ ਪੰਜਾਬ ਤੇ ਦੇਸ਼ ਅਤੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖਲ ਕੇਵਲ ਦੇਸ਼ ਦੇ ਡੀਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਦੇ ਮਹਿਕਮਿਆਂ ਤੱਕ ਸੀਮਿਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ। ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ। ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨਾਂਸ ਵੀ ਪੰਜਾਬ ਆਪਣਾ ਕੋਟਾ ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆਂ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕਰੇ।

(ੲ) ਪੰਜਾਬੋਂ ਬਾਹਰ ਵੱਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੀ ਮੁਅਸਰ ਤਹੱਫਜ਼ਾਤ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ, ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।

2. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੋਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।

3. ਸ਼੍ਰੋਮਣੀ ਅਕਾਲੀ ਦਲ ਕਾਂਗਰਸ ਸਰਕਾਰ ਦੀ ਉਲੀਕੀ ਹੋਈ ਭਾਰਤ ਦੀ ਮੌਜੂਦਾ ਵਿਦੇਸ਼ੀ ਪਾਲਿਸੀ ਨੂੰ ਸਖਤ ਨਖਿਧ, ਨਿਕੰਮੀ ਅਤੇ ਦੇਸ਼ ਕੌਮ ਤੇ ਇਨਸਾਨੀਅਤ ਲਈ ਹਾਨੀਕਾਰਕ ਸਮਝਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਅਜਿਹੀ ਵਿਦੇਸ਼ੀ ਨੀਤੀ ਦੀ ਹਮਾਇਤ ਕਰੇਗਾ, ਜੋ ਅਮਨ ਪਾਬੰਦੀ ਉਤੇ ਆਧਾਰਿਤ ਅਤੇ ਕੌਮੀ ਮੁਆਫ ਦੇ ਅਨੁਕੂਲ ਹੋਵੇ ਅਤੇ ਖਾਸ ਕਰਕੇ ਭਾਰਤ ਦੇ ਸਾਰੇ ਗੁਆਂਢੀ ਦੇਸ਼ਾਂ ਵੱਲ ਤੇ ਸਿੱਖ ਵਸੋਂ ਵਾਲੇ ਤੇ ਸਿੱਖ ਗੁਰਧਾਮਾਂ ਵਾਲੇ ਦੇਸ਼ਾਂ ਵੱਲ ਪ੍ਰੇਮ ਤੇ ਸਦਭਾਵਨਾ ਵਾਲੀ ਹੋਵੇ। ਸ਼੍ਰੋਮਣੀ ਅਕਾਲੀ ਦਲ ਦੀ ਇਹ ਨੀਤੀ ਕਿ ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ਼ ਦੀ ਨੀਤੀ ਨਾਲ ਗਲਜੋਟੀ ਹੋਈ ਨਾ ਹੋਵੇ।

4. ਕੇਂਦਰੀ ਤੇ ਸੂਬਾ ਸਰਕਾਰਾਂ ਦੇ ਸਾਰੇ ਸਿੱਖ ਤੇ ਹੋਰ ਮੁਲਾਜ਼ਮਾਂ ਨੂੰ ਹਰ ਇਨਸਾਫ ਦਿਵਾਉਣਾ ਅਤੇ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਕੋਈ ਧੱਕਾ ਜਾਂ ਬੇਇਨਸਾਫੀ ਹੋਵੇ, ਉਸ ਵਿਰੁੱਧ ਪੁਰ-ਅਸਰ ਆਵਾਜ਼ ਉਠਾਉਣਾ ਅਤੇ ਜੱਦੋ-ਜਹਿਦ ਕਰਨਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇੱਕ ਖਾਸ ਅੰਗ ਹੈ। ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਮਹਿਕਮਾਂ ਡੀਫੈਂਸ ਦੀ ਹਰ ਬਾਹੀ ਵਿਚ ਸਿੰਘਾਂ ਦੀ ਰਿਵਾਇਤੀ ਪੋਜ਼ੀਸ਼ਨਾਂ ਕਾਇਮ ਰੱਖਣ ਲਈ ਯਤਨ ਕਰੇਗਾ ਅਤੇ ਯਤਨ ਕਰੇਗਾ ਕਿ ਫੌਜੀ ਸਿੰਘਾਂ ਦੀਆਂ ਲੋੜਾਂ ਪੰਥ ਦੇ ਵੱਧ ਤੋਂ ਵੱਧ ਧਿਆਨ ਵਿਚ ਰਹਿਣ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਕਿਰਪਾਨ ਸਿੱਖ ਫੌਜੀਆਂ ਦੀ ਵਰਦੀ ਦਾ ਇੱਕ ਹਿੱਸਾ ਬਣ ਜਾਵੇ।

5. ਮਹਿਕਮਾ ਡੀਫੈਂਸ ਦੇ ਸਾਬਤ ਕਰਮਚਾਰੀਆਂ ਨੂੰ ਸਿਵਲ ਜ਼ਿੰਦਗੀ ਵਿਚ ਮੁੜ ਸ਼ਾਮਲ ਹੋਣ ਲਈ ਬੇਹਤਰ ਹਾਲਾਤ ਪੈਦਾ ਕਰਨੇ ਤੇ ਮਾਕੂਲ ਰਿਆਇਤਾਂ ਅਤੇ ਮੁਨਾਸਬ ਤੁਹੱਫਜਾਂਤ ਦਿਵਾਉਣ ਅਤੇ ਉਨ੍ਹਾਂ ਦੇ ਹੱਕ ਸਵੈ-ਸਤਿਕਾਰ ਅਤੇ ਸਵੈ-ਅਭਿਮਾਨ ਦੀ ਰਾਖੀ ਲਈ ਉਨ੍ਹਾਂ ਨੂੰ ਜਥੇਬੰਦ ਕਰਨਾ ਅਤੇ ਉਨ੍ਹਾਂ ਦੀ ਆਪਣੀ ਆਵਾਜ਼ ਨੂੰ ਪੁਰ ਅਸਰ ਬਣਾਉਣ ਲਈ ਯਤਨ ਕਰਨਾ ਸ਼੍ਰੋਮਣੀ ਅਕਾਲੀ ਦਲ ਆਪਣਾ ਪਰਮ ਕਰਤੱਵ ਸਮਝਦਾ ਹੈ।

6. ਸ਼੍ਰੋਮਣੀ ਅਕਾਲੀ ਦਾ ਵਿਚਾਰ ਹੈ ਕਿ ਹਰ ਇਸਤਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਖੀ ਜ਼ੁਰਮ ਵਿਚ ਅਦਾਲਤ ਵਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਸ਼ਸਤਰ, ਰਿਵਾਲਵਰ, ਬੰਦੂਕ ਤਥਾ ਪਿਸਤੌਲ ਰਾਈਫਲ ਤੇ ਕਾਰਬਾਈਨ ਤੇ (ਸਮਾਲ ਆਰਮਜ਼) ਆਦਿ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਇਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟਰੇਸ਼ਨ ਕਾਫੀ ਸਮਝੀ ਜਾਵੇ।

7. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ ’ਤੇ ਨਸ਼ਿਆਂ ਦੀ ਵਰਤੋਂ ਤੇ ਤੰਬਾਕੂ ਪੀਣ ਦੀ ਮਨਾਹੀ ਦਾ ਮੁੱਦਈ ਹੈ ਅਤੇ ਇਸ ’ਤੇ ਪਾਬੰਦੀ ਲਈ ਯਤਨ ਕਰੇਗਾ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਸ਼੍ਰੋਮਣੀ ਅਕਾਲੀ ਦਲ ਨੇ ਕਦੇ ਇਨ੍ਹਾਂ ਮੁਦਿਆਂ ਨੂੰ ਪਾਰਲੀਮੈਂਟ ਜਾਂ ਕੇਂਦਰ ਪਾਸ ਉਠਾਇਆ ਹੈ? ਸ. ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਰਹੇ, ਕੀ ਉਨ੍ਹਾਂ ਨੇ ਕਦੇ ਸੂਬਾਈ ਖ਼ੁਦਮੁਖਤਾਰੀ ਦੀ ਗੱਲ ਕੀਤੀ? ਸਾਡਾ ਉਤਰ ਹੈ ਨਹੀਂ? ਬੰਗਾਲ, ਤਾਮਿਲਨਾਡੂ, ਕੇਰਲਾ ਤੇ ਦੱਖਣੀ ਭਾਰਤ ਦੇ ਸੂਬੇ ਸੂਬਾਈ ਖ਼ੁਦਮੁਖਤਾਰੀ ਦੀ ਮੰਗ ਕਰ ਰਹੇ ਹਨ ਪਰ ਕੇਂਦਰ ਇਸ ਪਾਸੇ ਧਿਆਨ ਨਹੀਂ ਦੇ ਰਿਹਾ। ਅਮਰੀਕਾ, ਕੈਨੇਡਾ, ਇੰਗਲੈਂਡ, ਫ਼ਰਾਂਸ ਆਦਿ ਦੇ ਸੂਬੇ ਖ਼ੁਦਮੁਖਤਾਰ ਹਨ। ਹਰੇਕ ਸੂਬੇ ਦਾ ਆਪਣਾ ਝੰਡਾ, ਆਪਣਾ ਸੈਂਸਰ ਬੋਰਡ, ਆਪਣਾ ਪੰਛੀ, ਆਪਣੀ ਟੈਕਸ ਪ੍ਰਣਾਲੀ ਹੈ। ਭਾਜਪਾ ਦਾ ਏਜੰਡਾ ਬਿਲਕੁਲ ਉਲਟ ਹੈ। ਉਨ੍ਹਾਂ ਦਾ ਨਿਸ਼ਾਨਾ ਹਿੰਦੂ ਰਾਸ਼ਟਰ ਬਨਾਉਣਾ। ਇਕ ਦੇਸ਼, ਇਕ ਝੰਡਾ, ਇਕ ਚੋਣ, ਇਕ ਕਾਨੂੰਨ ਆਦਿ ਹਨ। ਉਨ੍ਹਾਂ ਦੀ ਟੈਕਸ ਪ੍ਰਣਾਲੀ ਵੀ ਆਪੋ-ਆਪਣੀ ਹੈ। ਬਾਕੀ ਨੁਕਤਿਆਂ ਵੱਲ ਵੀ ਅਕਾਲੀ ਦਲ ਨੇ ਕੋਈ ਧਿਆਨ ਨਹੀਂ ਦਿੱਤਾ। ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਦੀ ਧਾਰਾ 370 ਨੂੰ ਖ਼ਤਮ ਕਰ ਦਿੱਤਾ। ਅਕਾਲੀ ਦਲ ਚੁੱਪ ਰਿਹਾ।

ਆਨੰਦਪੁਰ ਸਾਹਿਬ ਦਾ ਮਤਾ ਤਿਆਰ ਕਰਨ ਵਾਲਿਆਂ ਦੀ ਦੂਰਦ੍ਰਿਸ਼ਟੀ ਦੀ ਦੇਣ ਬਣਦੀ ਹੈ ਕਿ ਉਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਮਤੇ ਨੂੰ ਤਿਆਰ ਕੀਤਾ ਪਰ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਤੇ ਨੂੰ ਲਾਗੂ ਕਰਾਉਣ ਲਈ ਉਹ ਯਤਨ ਜੋ ਕਰਨੇ ਚਾਹੀਦੇ ਸਨ, ਨਹੀਂ ਕੀਤੇ। ਭਾਰਤ ਦੇ ਬਹੁਤ ਸਾਰੇ ਸੂਬਾਈ ਖੁਦਮੁਖਤਾਰੀ ਦੀ ਮੰਗ ਕਰ ਰਹੇ ਹਨ, ਸ਼੍ਰੋਮਣੀ ਅਕਾਲੀ ਦਲ ਨੂੰ ਚਾਹੀਦਾ ਸੀ ਕਿ ਉਹ ਇਨ੍ਹਾਂ ਸੂਬਿਆਂ ਦੀਆਂ ਰਾਜਨੀਤਿਕ ਪਾਰਟੀਆਂ ਨੂੰ ਤਾਲਮੇਲ ਕਰਕੇ ਇਕ ਸਾਂਝਾ ਮੁਹਾਜ ਬਣਾਉਂਦੇ, ਜੋ ਕਿ ਉਨ੍ਹਾਂ ਨਹੀਂ ਬਣਾਇਆ। ਉਨ੍ਹਾਂ ਨੇ ਇਸ ਮਤੇ ਵਿਚ ਦਿੱਤੇ ਗਏ ਪੰਜਾਬੀ ਇਲਾਕਿਆਂ ਨੂੰ ਪ੍ਰਾਪਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ। ਏਸੇ ਤਰ੍ਹਾਂ ਉਨ੍ਹਾਂ ਨੇ ਦੂਜੇ ਸੂਬਿਆਂ ਵਿਚ ਵਸਦੇ ਸਿੱਖਾਂ ਲਈ ਯੋਗ ਉਪਰਾਲੇ ਨਹੀਂ ਕੀਤੇ, ਇਸ ਦਾ ਸਿੱਟਾ ਇਹ ਨਿਕਲਿਆ ਕਿ ਵੱਖ-ਵੱਖ ਸੂਬਿਆਂ ਦੇ ਸਿੱਖਾਂ ਨੇ ਵੱਖ-ਵੱਖ ਅਕਾਲੀ ਦਲ ਬਣਾ ਲਏ। ਇਸ ਮਤੇ ਵਿਚ ਆਲ ਇੰਡੀਆ ਗੁਰਦੁਆਰਾ ਬਣਾਉਣ ਦੀ ਗੱਲ ਕੀਤੀ ਗਈ ਹੈ, ਤਾਂ ਜੋ ਸਾਰੇ ਦੇਸ਼ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਕਤੀਸ਼ਾਲੀ ਬਣ ਸਕੇ। ਜੇ ਸ਼੍ਰੋਮਣੀ ਅਕਾਲੀ ਦਲ ਨੇ ਦੂਜੇ ਸੂਬਿਆਂ ਦੇ ਸਿੱਖਾਂ ਦੀਆਂ ਮੰਗਾਂ ਵੱਲ ਬਿਆਨ ਦਿੱਤਾ ਹੁੰਦਾ, ਤਾਂ ਵੇਖ-ਵੇਖ ਸੂਬਿਆਂ ਵਿਚ ਬਣੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਹੀਂ ਸਨ ਬਣੀਆਂ। ਇਸੇ ਤਰ੍ਹਾਂ ਨੁਕਤਾ ਨੰ. 4 ਵਿਚ ਫੌਜੀਆਂ ਬਾਰੇ ਜੋ ਕੁਝ ਕਿਹਾ ਗਿਆ ਹੈ, ਉਹ ਸਿੱਖੀ ਨੁਕਤੇ ਤੋਂ ਬੜਾ ਮਹੱਤਵਪੂਰਨ ਹੈ, ਕਿਰਪਾਣ ਵਰਦੀ ਦਾ ਅੰਗ ਬਣੇ। ਇਹ ਤਾਂ ਹੀ ਹੋ ਸਕਦਾ ਹੈ ਕਿ ਸਿੱਖ ਫੌਜੀ ਅੰਮ੍ਰਿਤਧਾਰੀ ਹੋਣ। ਭਾਰਤ ਸਰਕਾਰ ਵਲੋਂ ਜੋ ਅਗਨੀਵੀਰ ਸਕੀਮ ਬਣਾਈ ਗਈ ਸੀ, ਉਸਦਾ ਸ਼੍ਰੋਮਣੀ ਅਕਾਲੀ ਦਲ ਨੂੰ ਵਿਰੋਧ ਕਰਨਾ ਚਾਹੀਦਾ ਸੀ ਤੇ ਸਾਬਕਾ ਫੌਜੀਆਂ ਨੂੰ ਨਾਲ ਲੈ ਕੇ ਸੰਘਰਸ਼ ਕਰਨਾ ਚਾਹੀਦਾ ਸੀ, ਜੋ ਕਿ ਇਨ੍ਹਾਂ ਨੇ ਨਹੀਂ ਕੀਤਾ। ਇਕ ਜੁਲਾਈ 2024 ਨੂੰ ਲੋਕ ਸਭਾ ਵਿਚ ਸ਼੍ਰੀ ਰਾਹੁਲ ਗਾਂਧੀ ਨੇ ਅਗਨੀਵੀਰ ਦਾ ਮਸਲਾ ਬੜੇ ਜ਼ੋਰ-ਸ਼ੋਰ ਨਾਲ ਉਠਾਇਆ ਤੇ ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਨੂੰ ਸਰਕਾਰ ਵਲੋਂ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਉਹ ਪੰਜਾਬ ਦੇ ਇਕ ਅਗਨੀਵੀਰ ਸ਼ਹੀਦ ਨੌਜਵਾਨ ਦੇ ਘਰ ਗਏ ਤੇ ਉਨ੍ਹਾਂ ਨੂੰ ਘਰ ਨੇ ਦੱਸਿਆ ਕਿ ਪਰਿਵਾਰ ਨੂੰ ਕੋਈ ਸਹਾਇਤਾ ਨਹੀਂ ਮਿਲੀ। ਕੇਂਦਰੀ ਮੰਤਰੀ ਰਾਜਨਾਥ ਨੇ ਕਿਹਾ ਕਿ ਅਗਨੀਵੀਰ ਨੂੰ ਇਕ ਕਰੋੜ ਰੁਪਏ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਦਾ ਇਸ ਗੱਲ ’ਤੇ ਜ਼ੋਰ ਸੀ ਕਿ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਗਿਆ ਤੇ ਜੋ ਸਹੂਲਤਾਂ ਸ਼ਹਾਦਿਤ ਫ਼ੌਜੀ ਨੂੰ ਮਿਲਦੀਆਂ ਹਨ, ਉਹ ਅਗਨੀਵੀਰ ਨੂੰ ਮਿਲਦੀਆਂ। ਉਨ੍ਹਾਂ ਇਹ ਵੀ ਕਿਹਾ ਕਿ ਜਦ ਸਾਡੀ ਸਰਕਾਰ ਬਣੀ, ਤਾਂ ਅਸੀਂ ਇਸ ਨੂੰ ਬੰਦ ਕਰਾਂਗੇ। ਸਾਬਕਾ ਫ਼ੌਜੀ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਅਗਨੀਵੀਰ ਸਕੀਮ ਦੇ ਵਿਰੁੱਧ ਇਕ ਲੇਖ ਲਿਖਿਆ ਹੈ।

ਜਿੱਥੋਂ ਤੱਕ ਨਸ਼ਿਆਂ ਦਾ ਸੰਬੰਧ ਹੈ, ਸਿੱਖ ਰਹਿਤ ਮਰਿਆਦਾ ਵਿਚ ਸਿੱਖਾਂ ਨੂੰ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਦੀ ਮਨਾਹੀ ਹੈ ਪਰ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਸ਼ਰਾਬ ਤੇ ਹੋਰ ਨਸ਼ਿਆਂ ਵਿਰੁੱਧ ਜਨਤਕ ਲਹਿਰ ਉਸਾਰਨ ਦੀ ਖੇਚਲ ਨਹੀਂ ਕੀਤੀ। ਨਸ਼ਿਆਂ ਨੇ ਪਿੰਡ-ਪਿੰਡ ਪੈਰ ਪਸਾਰੇ ਹਨ, ਜਿਸ ਦਾ ਨਤੀਜਾ ਹੁਣ ਸਾਡੇ ਸਾਹਮਣੇ ਹੈ।

ਸਾਡੀ ਰਾਇ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮੌਜੂਦਾ ਸੰਕਟ ਵਿਚੋਂ ਜਲਦੀ ਤੋਂ ਜਲਦੀ ਨਿਕਲਣਾ ਚਾਹੀਦਾ ਹੈ ਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਮੁੜ ਸੋਚ ਵਿਚਾਰ ਕੇ ਮੌਜੂਦਾ ਹਾਲਾਤਾਂ ਅਨੁਸਾਰ ਇਸ ਵਿਚ ਸੁਧਾਈ ਕਰਨੀ ਚਾਹੀਦੀ ਹੈ।

ਆਨੰਦਪੁਰ ਸਾਹਿਬ ਦੇ ਮਤੇ ਬਾਰੇ ਸਾਬਕਾ ਪਾਰਲੀਮੈਂਟ ਮੈਂਬਰ ਅਤਿੰਦਰਪਾਲ ਸਿੰਘ ਖਾਲਸਤਾਨੀ ਦੀ ਇੱਕ ਪੁਸਤਕ ਜਿਸਦਾ ਸਿਰਲੇਖ ਹੈ : ਆਨੰਦਪੁਰ ਸਾਹਿਬ ਦਾ ਮਤਾ, ਇਤਿਹਾਸਕ ਵਿਸ਼ਲੇਸ਼ਣ, ਸ਼੍ਰੋਮਣੀ ਅਕਾਲੀ ਦਲ ਦੀਆਂ ਗ਼ੱਦਾਰੀਆਂ ਦੇ ਸਨਮੁੱਖ ਫਰਵਰੀ 2013 ਵਿਚ ਛਾਪੀ ਗਈ ਸੀ। ਹੁਣ ਇਸਦੀ ਚੌਥੀ ਐਡੀਸ਼ਨ ਗੀਥਿੰਕ ਫਾਊਂਡੇਸ਼ਨ, ਪਿੰਡ ਫਤਹਿਗੜ੍ਹ ਛਨਾ, ਡਾਕਖਾਨਾ ਦੇਹ-ਕਲਾਂ ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ਵੱਲੋਂ ਛਾਪੀ ਗਈ ਹੈ। ਪ੍ਰਕਾਸ਼ਕ ਦਾ ਫੋਨ ਨੰ. 919468-95424 ਹੈ। ਇਸ ਮਤੇ ਦੀ ਵਧੇਰੇ ਜਾਣਕਾਰੀ ਲੈਣ ਲਈ ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਸ ਪੁਸਤਕ ਵਿਚ ਲੇਖਕ ਨੇ ਇਸ ਮਤੇ ਦੇ ਪਿਛੋਕੜ ਵਿਚ ਜਾਣਕਾਰੀ ਦਿੰਦੇ ਹੋਏ ਇਸ ਮਤੇ ਦੀਆਂ ਵੱਖ-ਵੱਖ ਮੁੱਦਿਆਂ ਦਾ ਆਲੋਚਨਤਮਕ ਅਧਿਐਨ ਪੇਸ਼ ਕੀਤਾ ਹੈ। ਲੇਖਕ ਦਾ ਕਹਿਣਾ ਹੈ ਕਿ, “ਆਨੰਦਪੁਰ ਸਾਹਿਬ ਦਾ ਮਤਾ ਅਸਲ ਵਿਚ ਅਕਾਲੀ ਦਲ ਵੱਲੋਂ ਸਿੱਖ ਕੌਮ ਨਾਲ ਕੀਤਾ ਗਿਆ ਇੱਕ “ਵਚਨ ਪੱਤਰ” ਹੈ ਜਾਂ ਕੌਲ ਇਕਰਾਰ ਅਥਵਾ ਇੱਕ ਅਜਿਹਾ “ਅਹਿਦਨਾਮਾ” ਹੈ, ਜਿਸ ਨੂੰ ਅਕਾਲੀ ਦਲ ਨੇ ਖੁਦ ਆਪ ਆਪਣੀ ਇੱਛਾ ਨਾਲ ਅੰਗੀਕਾਰ ਕੀਤਾ ਹੈ। ਮਤੇ ਵਿਚਲੀਆਂ ਸਾਰੀਆਂ ਮੰਗਾਂ ਦੀ ਪੂਰਤੀ ਲਈ ਦਲ ਦੀ ਜ਼ਿੰਮੇਵਾਰੀ ਇਸ ਨੇ ਆਪਣੇ ’ਤੇ ਲਈ ਹੈ ਕਿ ਇਸ ਮਤੇ ਨੂੰ ‘ਅਕਾਲੀ ਦਲ’ ਨੇ ਹੀ ਪਾਸ ਕੀਤਾ। ਕੁੱਲ 60 ਅਜਿਹੀਆਂ ਮੁੱਦੇ ਜਾਂ ਮੰਗਾਂ ਇਸ ਵਿਚ ਲਿਖੀਆਂ ਗਈਆਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਦੀ ਪਹਿਲੀ ਅਤੇ ਅੰਤਿਮ ਜ਼ਿੰਮੇਵਾਰੀ ਲਈ ਹੀ ਅਕਾਲੀ ਦਲ ਵੀ ਹੈ।

# ਬਦਲ ਰਹੇ ਸਿਆਸੀ ਸਮੀਕਰਣ ਪੰਜਾਬ ਦੇ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA



ਸੂਬੇ ਪੰਜਾਬ ਦੇ ਸਿਆਸੀ ਹਾਲਾਤ ਨਿੱਤ ਪ੍ਰਤੀ ਬਦਲ ਰਹੇ ਹਨ। ਪਾਰਲੀਮੈਂਟ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਤ ਕੁਝ ਗੁਆ ਲਿਆ ਹੈ, ਹੁਣ ਉਹ ਵੋਟ ਪ੍ਰਤੀਸ਼ਤ ਸ਼੍ਰੋਮਣੀ ਅਕਾਲੀ ਦੇ ਪੱਲੇ ਨਹੀਂ ਰਹੀ, ਜੋ ਕਦੇ ਉਸਦਾ ਇੱਕ ਇਲਾਕਾਈ ਪਾਰਟੀ ਦੇ ਤੌਰ 'ਤੇ ਪ੍ਰਭਾਵੀ ਸਿਆਸੀ ਪਾਰਟੀ ਵਾਲਾ ਅਕਸ ਉਭਾਰਦੀ ਸੀ।

ਪਾਰਲੀਮੈਂਟ ਚੋਣਾਂ ਉਪਰੰਤ ਪੰਜਾਬ 'ਚ ਪੰਜ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਭਿਆਲੀ ਪਾਈ ਹੈ ਅਤੇ ਜਲੰਧਰ ਪੱਛਮੀ, ਚੱਬੇਵਾਲ (ਦੋਵੇਂ ਰਾਖਵੇਂ ਹਲਕੇ) ਚੋਣ ਹਲਕੇ ਤੋਂ ਬਸਪਾ ਚੋਣ ਲੜੇਗੀ ਅਤੇ ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਬਾਹਾ ਤੋਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਚੋਣ ਲੜਨਗੇ। ਇਹ ਜ਼ਿਮਨੀ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣਗੀਆਂ। ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਇਹ ਸਾਂਝ ਭਿਆਲੀ ਜਾਰੀ ਰਹੇ ਅਤੇ ਸਾਰੀਆਂ ਰਾਖਵੀਆਂ ਸੀਟਾਂ ਬਸਪਾ ਅਤੇ ਅਣਰਾਖਵੀਆਂ ਸੀਟਾਂ ਉਤੇ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਖੜ੍ਹੇ ਹੋਣ। ਪਰ ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਹੁਣ ਨਾ ਬਸਪਾ ਦਾ ਰਾਖਵੀਆਂ ਸੀਟਾਂ ਉਤੇ ਕੋਈ ਵੱਡਾ ਬੋਲਬਾਲਾ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਆਪਣਾ ਆਧਾਰ ਬਚਾਕੇ ਰੱਖ ਸਕਿਆ ਹੈ।

ਪਿਛਲੀਆਂ ਦੋ-ਤਿੰਨ ਚੋਣਾਂ 'ਚ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਉਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਉਸ ਦੀ ਪਾਰਟੀ ਦੇ ਵੱਡੇ ਨੇਤਾ ਉਸਦਾ ਸਾਥ ਛਡ ਰਹੇ ਹਨ। ਬਾਗੀ ਹੋ ਰਹੇ ਹਨ। ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਤੋਂ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਕਾਟੋ-ਕਲੇਸ਼ ਇਥੋਂ ਤੱਕ ਵਧ ਚੁੱਕਾ ਹੈ ਕਿ ਜਲੰਧਰ ਪੱਛਮੀ ਤੋਂ ਸੁਖਬੀਰ ਸਿੰਘ ਬਾਦਲ ਨੇ ਬੀਬੀ ਸੁਰਜੀਤ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਥਾਪਿਆ ਸੀ, ਇਹ ਨਾਂਅ ਬੀਬੀ ਜਗੀਰ ਕੌਰ ਨੇ ਸੁਝਾਇਆ ਸੀ ਪਰ ਕਿਉਂਕਿ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਵਿਰੋਧੀਆਂ ਦੇ ਖੇਮੇ ਦੀ ਮੁੱਖ ਨੇਤਾ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੇ ਸੁਰਜੀਤ ਕੌਰ ਨੂੰ ਆਪਣੇ ਉਮੀਦਵਾਰ ਵਜੋਂ ਹਿਮਾਇਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਐਲਾਨ ਕੀਤਾ ਹੈ। ਇਸ ਸਥਿਤੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਤੀ ਪਾਰਟੀ ਦੇ ਵਿਰੋਧੀ ਖੇਮੇ 'ਚ ਵੱਡਾ ਰੋਸ ਹੈ।

ਖਡੂਰ ਸਾਹਿਬ ਅਤੇ ਫਰੀਦਕੋਟ ਪਾਰਲੀਮਾਨੀ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਉਪਰੰਤ ਉਤਸ਼ਾਹਤ ਹੋਈਆਂ ਪੰਥਕ ਧਿਰਾਂ ਵਲੋਂ ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ ਗਿੱਦੜਬਾਹਾ, ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਅਤੇ ਕੁਲਵੰਤ ਸਿੰਘ ਰਾਊਕੇ ਬਰਨਾਲਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜਨਗੇ। ਚੱਬੇਵਾਲ ਰਾਖਵਾਂ ਹਲਕਾ ਹੈ, ਇਸ ਧਿਰ ਵਲੋਂ ਇਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਹੈ।

ਇਥੇ ਵੇਖਣਯੋਗ ਗੱਲ ਇਹ ਵੀ ਹੋਵੇਗੀ ਕਿ ਕੀ ਸ਼੍ਰੋਮਣੀ ਅਕਾਲੀ ਦਲ (ਬ) ਦੋ ਫਾੜ ਹੋ ਜਾਏਗਾ ਤੇ ਇੱਕ ਹੋਰ ਨਵਾਂ ਅਕਾਲੀ ਦਲ ਬਣੇਗਾ। ਇਹ ਅਕਾਲੀ ਦਲ ਦੀ ਦੂਜੀਆਂ ਪੰਥਕ ਧਿਰਾਂ ਨਾਲ ਹੱਥ ਮਿਲਾਏਗਾ? ਸਿਮਰਨਜੀਤ ਸਿੰਘ ਮਾਨ ਦਾ ਧੜਾ ਵੀ ਪਹਿਲਾਂ ਦੀ ਤਰ੍ਹਾਂ ਆਪਣੇ ਉਮੀਦਵਾਰ ਖੜ੍ਹੇ ਕਰੇਗਾ। ਖੱਬੀਆਂ ਧਿਰਾਂ ਵੀ ਮੈਦਾਨ 'ਚ ਆਉਣਗੀਆਂ, ਕਿਉਂਕਿ ਪੰਜਾਬ 'ਚ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਪਾਰਲੀਮਾਨੀ ਚੋਣਾਂ ਸਮੇਂ ਕੁਝ ਨਾ ਕੁਝ ਖੱਟਿਆ ਹੈ, ਇਸ ਕਰਕੇ ਕਿ ਚੋਣਾਂ ਆਹਮੋ-ਸਾਹਮਣੇ ਨਹੀਂ, ਪੰਜ ਕੌਣੀਆਂ ਲੜੀਆਂ ਗਈਆਂ।

ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਹਾਰ ਉਪਰੰਤ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਪੰਜਾਬ 'ਚ ਅਗਲੀਆਂ ਚੋਣਾਂ 'ਚ 'ਆਪ' ਨਾਲ ਉਹ ਕੋਈ ਭਾਈਵਾਲੀ ਨਹੀਂ ਕਰਨਗੇ। ਪੰਜਾਬ ਵਿਚ ਵੱਖਰੀਆਂ ਚੋਣਾਂ ਲੜਕੇ ਕਾਂਗਰਸ ਨੇ ਕੁਝ ਖੱਟਿਆ ਹੀ ਹੈ, ਗੁਆਇਆ ਨਹੀਂ।

ਭਾਰਤੀ ਜਨਤਾ ਪਾਰਟੀ ਪੰਜਾਬ 'ਚ ਪਾਰਲੀਮਾਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਵੋਟ ਪ੍ਰਤੀਸ਼ਤ ਪ੍ਰਾਪਤ ਕਰਕੇ ਉਤਸ਼ਾਹਿਤ ਹੈ ਅਤੇ ਜ਼ਿਮਨੀ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਵਲੋਂ ਦੂਜੇ ਖੇਮਿਆਂ 'ਚ ਸੰਨ੍ਹ ਲਾਉਣ ਦੀਆਂ ਤਰਤੀਬਾਂ ਲਗਾਤਾਰ ਜਾਰੀ ਹਨ। ਸਿਆਸੀ ਹਲਕੇ ਤਾਂ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਮੌਜੂਦਾ ਭੰਨ-ਤੋੜ ਵੀ ਆਰ.ਐੱਸ.ਐੱਸ., ਭਾਜਪਾ ਦੀ ਸ਼ਹਿ ਉਤੇ ਹੋ ਰਹੀ ਹੈ।

ਆਮ ਆਦਮੀ ਪਾਰਟੀ ਦਾ ਚੋਣ ਗ੍ਰਾਫ ਘਟਿਆ ਹੈ। ਵੋਟ ਪ੍ਰਤੀਸ਼ਤ ਵੀ ਗੜਬੜ ਹੋਈ ਹੈ ਅਤੇ ਪਾਰਲੀਮੈਂਟ 'ਚ ਉਸਦੇ ਸਿਰਫ਼ ਤਿੰਨ ਉਮੀਦਵਾਰ ਜੇਤੂ ਰਹੇ ਹਨ, ਹਾਲਾਂਕਿ ਉਸ ਵਲੋਂ ਆਪਣੇ ਕੰਮ ਦੇ ਆਧਾਰ 'ਤੇ 13 ਸੀਟਾਂ ਜਿੱਤਣ ਦਾ ਦਾਅਵਾ ਸੀ। ਇਹ ਦਾਅਵਾ ਉਂਝ ਕਾਂਗਰਸ ਵਲੋਂ ਵੀ ਕੀਤਾ ਗਿਆ ਸੀ। ਪੰਜਾਬ ਦੀ ਹਾਕਮ ਧਿਰ ਪੰਜਾਬ 'ਚ ਪੂਰੀਆਂ ਸੀਟਾਂ ਜਿੱਤਣ ਦੇ ਮਾਮਲੇ 'ਚ ਉਸੇ ਤਰ੍ਹਾਂ ਭਰੋਸੇ 'ਚ ਸੀ, ਜਿਵੇਂ ਦਿੱਲੀ ਦਾ ਹਾਕਮ 400 ਸੀਟਾਂ ਜਿੱਤਣ ਦੀ ਗੱਲ, ਦੇਸ਼ 'ਚ ਵਿਕਾਸ, ਲੋਕ ਹਿਤੂ ਕਾਰਜਾਂ ਅਤੇ ਧਾਰਮਿਕ ਪੱਤਾ ਖੇਲ੍ਹਣ ਉਪਰੰਤ ਕਰ ਰਿਹਾ ਸੀ।

ਪਰ ਉਪਰ ਦਿੱਲੀ 'ਚ ਵੀ ਅਤੇ ਇਥੇ ਪੰਜਾਬ 'ਚ ਵੀ ਹਾਕਮ ਧਿਰ ਦੀ ਕਾਰਗੁਜ਼ਾਰੀ ਨੇ ਦਰਸਾ ਦਿੱਤਾ ਕਿ ਲੋਕ ਕੰਮ ਚਾਹੁੰਦੇ ਹਨ, ਰੁਜ਼ਗਾਰ ਚਾਹੁੰਦੇ ਹਨ, ਚੰਗਾ ਜੀਵਨ ਚਾਹੁੰਦੇ ਹਨ, ਸਿਰਫ਼ ਮੁਫ਼ਤ ਬਿਜਲੀ, ਪਾਣੀ ਜਾਂ ਕੁਝ ਲੋਕ ਲਭਾਊ ਨਾਹਰੇ ਜਾਂ ਸਹੂਲਤਾਂ ਤੱਕ ਸੀਮਤ ਨਹੀਂ ਰਹਿ ਸਕਦੇ।

ਪੰਜਾਬ ਇਸ ਵੇਲੇ ਸਿਆਸੀ ਦੁਬਿਧਾ ਵਿਚ ਹੈ। ਪੰਜਾਬ ਧੱਕਾ ਨਹੀਂ ਚਾਹੁੰਦਾ। ਪੰਜਾਬ ਵਾਸੀ ਫਰੇਬ ਵਾਲੀ ਰਾਜਨੀਤੀ ਨਹੀਂ ਚਾਹੁੰਦੇ। ਸਿੱਧਾ ਸਾਦਾ ਉਨ੍ਹਾਂ ਦਾ ਸਵਾਲ ਹੈ ਕਿ ਪੰਜਾਬ ਮੌਜੂਦਾ ਸਥਿਤੀ ਵਿਚੋਂ ਨਿਕਲੇਗਾ ਕਿਵੇਂ? ਕਿਵੇਂ ਪੰਜਾਬ ਬਚਿਆ ਰਹੇਗਾ ਪ੍ਰਵਾਸ ਤੋਂ? ਇਸ ਧਰਤੀ ਦੇ ਉਜਾੜੇ ਤੋਂ? ਆਰਥਿਕ ਮੰਦਹਾਲੀ ਤੋਂ? ਪੰਜਾਬ ਨਾਲ ਜੋ ਨਿਰੰਤਰ ਧੱਕਾ ਹੋਇਆ ਹੈ, ਉਸ ਦਾ ਇਨਸਾਫ ਕੌਣ ਕਰੇਗਾ?

ਜਦੋਂ ਇਨ੍ਹਾਂ ਸਵਾਲਾਂ ਦੇ ਜਵਾਬ ਜਾਂ ਆਸ ਕਿਸੇ ਸਿਆਸੀ ਧਿਰ ਵਲੋਂ ਮਿਲਦਾ ਹੈ ਜਾਂ ਉਸਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਆਸ ਬੱਝਦੀ ਹੈ, ਉਹ ਉਸ ਵੱਲ ਹੀ ਉਲਰ ਪੈਂਦਾ ਹੈ। ਮਿਸਾਲ ਆਮ ਆਦਮੀ ਪਾਰਟੀ ਦੀ ਪਿਛਲੀ ਸਰਕਾਰ ਦੀ ਹੈ, ਜਦੋਂ 2022 'ਚ 92 ਵਿਧਾਨ ਸਭਾ ਪ੍ਰਤੀਨਿਧ ਉਸਦੇ ਹੀ ਪੰਜਾਬੀਆਂ ਚੁਣ ਦਿੱਤੇ ਤੇ ਧੁਰੰਤਰ ਸਿਆਸਤਦਾਨਾਂ ਨੂੰ ਸਮੇਤ ਪ੍ਰਕਾਸ਼ ਸਿੰਘ ਬਾਦਲ ਦੇ ਉਨ੍ਹਾਂ ਨੂੰ ਚਿੱਤ ਕਰ ਦਿੱਤਾ। ਪਰ ਦੋ ਵਰ੍ਹੇ ਹੀ ਬੀਤੇ ਹਨ, ਹਾਲਾਤ ਮੁੜ ਗੇੜ ਖਾ ਗਏ ਹਨ, ਉਲਾਰੂ ਸਿਆਸਤ ਨੇ ਫਿਰ ਖੰਭ ਫੈਲਾ ਲਏ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ। ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ?

ਹੁਣ ਸਵਾਲ ਉਠਦੇ ਹਨ। ਫ਼ਰੀਦਕੋਟ ਤੇ ਖਡੂਰ ਸਾਹਿਬ ਤੋਂ ਉੱਠਦੀਆਂ ਗਰਮ ਹਵਾਵਾਂ ਕੀ ਪੰਜਾਬ ਵਿਚ ਭਗਵਿਆਂ ਨੂੰ ਆਪਣੀ ਸਿਆਸਤ ਜਰਖੇਜ਼ ਕਰਨ ਦਾ ਕਾਰਨ ਨਹੀਂ ਬਣੇਗੀ? ਤਾਂ ਫਿਰ ਪੰਜਾਬ ਦਾ ਭਵਿੱਖ ਕੀ ਹੋਵੇਗਾ? ਜੇਕਰ ਇੰਜ ਨਹੀਂ ਹੁੰਦਾ, ਤਾਂ ਕੀ ਪੰਜਾਬ ਵੀ ਜੰਮੂ-ਕਸ਼ਮੀਰ ਵਾਂਗਰ ਤਿੰਨ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ 'ਚ ਵੰਡਿਆ ਜਾਏਗਾ?

ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋ ਕੇ ਸਜ਼ਾਵਾਂ ਲਗਵਾਕੇ ਆਪ ਦੁੱਧ ਧੋਤੇ ਹੋ ਜਾਣਗੇ? ਕੀ ਸੁਖਬੀਰ ਸਿੰਘ ਬਾਦਲ ਪਿਛਲੇ ਕੀਤਿਆਂ ਦੀਆਂ ਭੁੱਲਾਂ ਬਖ਼ਸ਼ਾ ਕੇ ਸਾਫ਼-ਸੁਥਰਾ ਹੋ ਗਿਆ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ 'ਚ ਰਾਜਾਂ ਲਈ ਵਧ ਅਧਿਕਾਰ ਲੈ ਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁੱਦਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਣਾਉਣ ਦੇ ਚੱਕਰ 'ਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜ੍ਹੇ ਹੋ ਗਏ ਹਨ।

ਪੰਜਾਬ ਦੇ ਕੁਝ ਵਿਰਾਸਤੀ ਮੁੱਦੇ ਹਨ। ਇਹ ਮੁੱਦੇ ਪੰਜਾਬ ਦੇ ਅਣਖੀਲੇ ਲੋਕਾਂ ਦੀ ਸੋਚ ਨਾਲ ਜੁੜੇ ਹੋਏ ਹਨ। ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪਿਛਲੇ ਕੁਝ ਦਹਾਕਿਆਂ ਤੋਂ ਇਨ੍ਹਾਂ ਦੇ ਹੱਲ ਲਈ ਯਤਨਸ਼ੀਲ ਨਹੀਂ ਰਹੀ। ਸਿਆਸੀ ਧਿਰਾਂ ਬੱਸ ਓਪਰੇ-ਓਪਰੇ ਇਨ੍ਹਾਂ ਮੁੱਦਿਆਂ ਨੂੰ ਹੱਥ ਤਾਂ ਲਾਉਂਦੀਆਂ ਰਹੀਆਂ, ਪਰ ਇਨ੍ਹਾਂ ਦੇ ਹੱਲ ਕਰਨ ਲਈ ਹੌਂਸਲਾ ਨਹੀਂ ਕਰ ਰਹੀਆਂ। ਸਗੋਂ ਕਈ ਹਾਲਤਾਂ 'ਚ ਇਨ੍ਹਾਂ ਮੁੱਦਿਆਂ ਨੂੰ ਉਲਝਾ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਸਮਾਜਿਕ, ਸੱਭਿਆਚਾਰਕ, ਆਰਥਿਕ ਸਥਿਤੀ ਪੇਚੀਦਾ ਹੁੰਦੀ ਜਾ ਰਹੀ ਹੈ। ਪੰਜਾਬ 'ਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਨ੍ਹਾਂ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।





ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ





Dr. Bindra Clinic
Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਿਟਾਇਰਡ ਬੰਦੇ ਦੀ ਜ਼ਿੰਦਗੀ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA





ਰਾਮ ਸਿੰਘ ਨੇ ਸਾਰੀ ਉਮਰ ਖੇਤੀਬਾੜੀ ਦਾ ਕੰਮ ਕੀਤਾ ਸੀ। ਉਸ ਦੇ ਦੋ ਮੁੰਡੇ ਤੇ ਇੱਕ ਕੁੜੀ ਸੀ ਤੇ ਸਾਰੇ ਵਿਆਹੇ ਹੋਏ ਸਨ। ਨੂੰਹਾਂ ਨੇਕ ਸਨ ਤੇ ਘਰ ਦਾ ਇਕੱਠ ਨਿਭਦਾ ਜਾ ਰਿਹਾ ਸੀ। ਜਦੋਂ ਉਹ 70-75 ਸਾਲਾਂ ਦਾ ਹੋ ਗਿਆ, ਤਾਂ ਮੁੰਡਿਆਂ ਨੇ ਸਲਾਹ ਬਣਾਈ ਕਿ ਬਾਪੂ ਨੇ ਸਾਰੀ ਉਮਰ ਰੱਜ ਕੇ ਕੰਮ ਕੀਤਾ ਹੈ। ਹੁਣ ਇਸ ਨੂੰ ਲਟੈਰ (ਰਿਟਾਇਰ) ਕਰ ਦੇਈਏ, ਤਾਂ ਜੋ ਇਹ ਮੌਜਾਂ ਮਾਣ ਸਕੇ। ਉਹ ਰਾਮ ਸਿੰਘ ਕੋਲ ਗਏ ਤੇ ਵੱਡਾ ਮੁੰਡਾ ਬੋਲਿਆ, "ਬਾਪੂ, ਅੱਜ ਤੋਂ ਬਾਅਦ ਤੂੰ ਕੋਈ ਕੰਮ ਨਈਂ ਕਰਨਾ। ਸਾਰਾ ਕੰਮ ਅਸੀਂ ਦੋਵੇਂ ਭਰਾ ਕਰਿਆ ਕਰਾਂਗੇ। ਤੂੰ ਬੱਸ ਹੁਣ ਨਵਾਬਾਂ ਵਾਂਗ ਚਿੱਟੇ ਕੱਪੜੇ ਪਾ ਕੇ ਸੱਥ 'ਚ ਗੱਪਾਂ ਮਾਰਿਆ ਕਰ ਤੇ ਤਾਸ਼ ਖੇਡਿਆ ਕਰ।" ਮੁੰਡਿਆਂ ਦੀ ਗੱਲ ਸੁਣ ਕੇ ਰਾਮ ਸਿੰਘ ਫੁੱਲ ਕੇ ਕੁੱਪਾ ਹੋ ਗਿਆ ਕਿ ਹੁਣ ਆਊ ਜ਼ਿੰਦਗੀ ਦਾ ਸਵਾਦ। ਅਗਲੇ ਦਿਨ ਸਵੇਰੇ ਮੁੰਡੇ ਬਲਦ ਲੈ ਕੇ ਪੈਲੀ ਵਾਹੁਣ ਲਈ ਚੱਲਣ ਲੱਗੇ, ਤਾਂ ਰਾਮ ਸਿੰਘ ਨੂੰ ਛੋਟਾ ਜਿਹਾ ਕੰਮ ਦੱਸ ਦਿੱਤਾ, "ਬਾਪੂ ਹੁਣ ਤੂੰ ਕੰਮ ਕੋਈ ਨਈਂ ਕਰਨਾ। ਅਸੀਂ ਖੇਤ ਚੱਲੇ ਆਂ ਤੂੰ ਬੱਸ 2-3 ਘੰਟਿਆਂ ਤੱਕ ਸਾਡੀ ਰੋਟੀ ਫੜਾ ਆਈਂ। ਮੌਜਾਂ ਲੈ ਮੌਜਾਂ।"

ਰਾਮ ਸਿੰਘ ਬੜਾ ਖੁਸ਼ ਹੋਇਆ ਕਿ ਚਲੋ ਹਲ਼ ਵਾਹੁਣ ਤੋਂ ਜਾਨ ਛੁੱਟੀ ਤੇ ਉਹ 2 ਕੁ ਘੰਟਿਆਂ ਬਾਅਦ ਰੋਟੀ ਲੈ ਕੇ ਖੇਤ ਪਹੁੰਚ ਗਿਆ। ਵੱਡਾ ਮੁੰਡਾ ਹਲ਼ ਵਾਹ ਰਿਹਾ ਸੀ ਤੇ ਛੋਟਾ ਕਹੀ ਨਾਲ ਵੱਟਾਂ ਛਾਂਗ ਰਿਹਾ ਸੀ। ਰਾਮ ਸਿੰਘ ਨੂੰ ਵੇਖ ਕੇ ਉਹ ਨਹਿਰ ਦੇ ਚੱਲਦੇ ਖਾਲ ਤੋਂ ਹੱਥ ਮੂੰਹ ਧੋ ਕੇ ਟਾਹਲੀ ਦੀ ਸੰਘਣੀ ਛਾਵੇਂ ਉਸ ਦੇ ਕੋਲ ਆ ਕੇ ਬੈਠ ਗਏ। ਰੋਟੀ ਖਾ ਕੇ ਵੱਡਾ ਬੋਲਿਆ, "ਬਾਪੂ, ਅਸੀਂ ਸਵੇਰ ਦੇ ਕੰਮ ਕਰ-ਕਰ ਕੇ ਥੱਕੇ ਪਏ ਆਂ। ਤੂੰ ਜ਼ਰਾ ਹਲ਼ ਦੇ ਚਾਰ ਕੁ ਸਿਆੜ ਕੱਢ ਦੇ ਤੇ ਅਸੀਂ ਜ਼ਰਾ ਲੱਕ ਸਿੱਧਾ ਕਰ ਲਈਏ। ਕੰਮ ਤੂੰ ਕੋਈ ਨਹੀਂ ਕਰਨਾ, ਬੱਸ ਵਿਹਲਾ ਰਿਹਾ ਕਰ।" ਰਾਮ ਸਿੰਘ ਨੇ ਸੋਚਿਆ ਕਿ ਚਲੋ ਚਾਰ ਸਿਆੜ ਖਿੱਚਣ ਨਾਲ ਕੀ ਹੁੰਦਾ ਹੈ? ਇਹ ਵੀ ਤਾਂ ਵਿਚਾਰੇ ਮੇਰੇ ਬਾਰੇ ਐਨਾ ਸੋਚ ਰਹੇ ਹਨ। ਉਧਰ ਮੁੰਡੇ ਘੁਰਾੜੇ ਮਾਰਨ ਲੱਗ ਪਏ ਤੇ ਐਧਰ ਹਲ਼ ਵਾਹ-ਵਾਹ ਕੇ ਰਾਮ ਸਿੰਘ ਦਾ ਆਪਣਾ ਹੀ ਵਾਹਣ ਹੋ ਗਿਆ। ਉਹ ਉਦੋਂ ਉੱਠੇ, ਜਦੋਂ ਛੋਟੇ ਦੀ ਪਤਨੀ ਦੁਪਹਿਰ ਦੀ ਰੋਟੀ ਲੈ ਕੇ ਆ ਗਈ। ਉਸ ਨੂੰ ਹਲ਼ ਵਾਹੁੰਦਾ ਵੇਖ ਕੇ ਛੋਟਾ ਭੱਜ ਕੇ ਉਸ ਦੇ ਵੱਲ ਗਿਆ, "ਬਾਪੂ ਆ ਕੀ ਕਰੀ ਜਾਨਾ? ਬੱਸ ਮੌਜ ਕਰ ਮੌਜ।" ਮੁੜਕੋ ਮੁੜਕੀ ਹੋਏ ਰਾਮ ਸਿੰਘ ਦਾ ਦਿਲ ਕੀਤਾ ਕਿ ਬਲਦ ਹਿੱਕਣ ਵਾਲੇ ਛਾਂਟੇ ਨਾਲ ਦੋਵਾਂ ਦੇ ਪਿਛਵਾੜੇ ਲਾਲ ਕਰ ਦਿਆਂ। ਪਰ ਉਹ ਚੁੱਪ ਹੀ ਰਿਹਾ।

ਰੋਟੀ ਖਾ ਕੇ ਵੱਡਾ ਬੋਲਿਆ, "ਬਾਪੂ ਐਂ ਕਰ, ਪੰਡ ਕੁ ਪੱਠਿਆਂ ਦੀ ਵੱਢ ਲੈ। ਅਸੀਂ ਆਏ ਬੱਸ ਥੋੜ੍ਹਾ ਜਿਹਾ ਕੰਮ ਨਿਬੇੜ ਕੇ।" ਸੜੇ ਬਲੇ ਰਾਮ ਸਿੰਘ ਨੇ ਦਾਤਰੀ ਚੁੱਕੀ ਤੇ ਪੱਠੇ ਵੱਢਣ ਲੱਗ ਪਿਆ। ਸ਼ਾਮ ਜਿਹੀ ਨੂੰ ਮੁੰਡਿਆਂ ਨੇ ਆ ਕੇ ਪੱਠੇ ਕੁਤਰ ਦਿੱਤੇ ਤੇ ਵੱਡਾ ਬੋਲਿਆ, "ਬਾਪੂ ਆਹ ਪੱਠੇ ਘਰ ਲੈ ਜਾ, ਮੱਝਾਂ ਭੁੱਖੀਆਂ ਅੜਿੰਗਦੀਆਂ ਹੋਣੀਆਂ। ਅਸੀਂ ਆਏ ਤੇਰੇ ਮਗਰੇ ਮਗਰ, ਬੱਸ ਮੌਜਾਂ ਲੈ ਮੌਜਾਂ।" ਉਨ੍ਹਾਂ ਨੇ ਕੁਤਰੇ ਪੱਠਿਆਂ ਦੀ ਵੱਡੀ ਸਾਰੀ ਪੰਡ ਰਾਮ ਸਿੰਘ ਦੇ ਸਿਰ 'ਤੇ ਰੱਖ ਦਿੱਤੀ ਤੇ ਉਹ ਪਿੰਡ ਵੱਲ ਚੱਲ ਪਿਆ। ਸਿਰ 'ਤੇ ਭਾਰੀ ਪੱਠਿਆਂ ਦੀ ਪੰਡ ਤੇ ਉੱਪਰੋਂ ਲੋਹੜੇ ਦੀ ਗਰਮੀ, ਰਾਮ ਸਿੰਘ ਚੱਕਰ ਖਾ ਕੇ ਡਿੱਗ ਪਿਆ ਤੇ ਪੰਡ ਦੇ ਥੱਲੇ ਦੱਬਿਆ ਗਿਆ। ਦਸਾਂ ਕੁ ਮਿੰਟਾਂ ਬਾਅਦ ਉਸ ਦੇ ਲੜਕੇ ਵੀ ਉਸ ਜਗ੍ਹਾ 'ਤੇ ਪਹੁੰਚ ਗਏ। ਉਨ੍ਹਾਂ ਵੇਖਿਆ ਕਿ ਕੋਈ ਬੰਦਾ ਪੰਡ ਥੱਲੇ ਦੱਬਿਆ ਪਿਆ ਹੈ। ਇੱਕ ਬੋਲਿਆ, "ਲੱਖ ਲਾਹਨਤ ਇਹੋ ਜਿਹੇ ਲੋਕਾਂ ਦੇ ਜਿਹੜੇ ਬੁੱਢੇ ਬੰਦੇ ਨੂੰ ਐਨੀ ਭਾਰੀ ਪੰਡ ਦੇ ਕੇ ਤੋਰ ਦਿੰਦੇ ਨੇ। ਵੱਡੇ ਛੋਟੇ ਦੀ ਕੋਈ ਸ਼ਰਮ ਹਯਾ ਈ ਨਈਂ। ਇੱਕ ਸਾਡਾ ਬਾਪੂ, ਵੇਖ ਲੈ ਮੌਜਾਂ ਮਾਰਦਾ ਮੌਜਾਂ।" ਰਾਮ ਸਿੰਘ ਨੇ ਥੱਲਿਆਂ ਹੀ ਪੰਜ-ਸੱਤ ਮੋਟੀਆਂ ਮੋਟੀਆਂ ਗਾਲ੍ਹਾਂ ਕੱਢੀਆਂ, "ਉਏ ਕੰਜਰੋ, ਮੈਂ ਆਂ ਥੱਲੇ, ਧਾਡਾ ਪਿਉ। ਦੂਰ ਫਿਟੇ ਮੂੰਹ ਇਹੋ ਜਿਹੀ ਗੰਦੀ ਔਲਾਦ ਦੇ।" ਦੋਵਾਂ ਨੇ ਹੈਰਾਨ ਹੋ ਕੇ ਇੱਕ ਦੂਸਰੇ ਦਾ ਮੂੰਹ ਵੇਖਿਆ ਤੇ ਗਾਲ੍ਹਾਂ ਕੱਢ ਰਹੇ ਰਾਮ ਸਿੰਘ ਦੀਆਂ ਲੱਤਾਂ ਫੜ ਕੇ ਬਾਹਰ ਨੂੰ ਖਿਚਣ ਲੱਗ ਪਏ।

# ਦਾਸਤਨ-ਏ-ਖ਼ੁਦ

ਰਿਵਿਊ ਕਰਤਾ: ਡਾ. ਡੀ.ਪੀ. ਸਿੰਘ
ਟੋਰਾਂਟੋ, ਕੈਨੇਡਾ
ਪੰਜਾਬ ਮੇਲ USA











(ਰਿਵਿਊ ਕਰਤਾ- ਡਾ. ਡੀ.ਪੀ. ਸਿੰਘ, ਅਤੇ ਸੰਪਾਦਕ - ਰਾਬਿੰਦਰ ਸਿੰਘ ਬਾਠ)
ਪੁਸਤਕ ਦਾ ਨਾਮ: ਦਾਸਤਨ-ਏ-ਖ਼ੁਦ
ਲੇਖਕ: ਗਿਆਨੀ ਰਘਬੀਰ ਸਿੰਘ ਹੁੱਡਿਆਰਾ
ਸੰਪਾਦਕ: ਸ. ਰਾਬਿੰਦਰ ਸਿੰਘ ਬਾਠ
ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਇੰਡੀਆ।
ਪ੍ਰਕਾਸ਼ ਸਾਲ : 2024, ਕੀਮਤ: ਅੰਕਿਤ ਨਹੀਂ।
ਪੰਨੇ: 136
ਰਿਵਿਊ ਕਰਤਾ: ਡਾ. ਡੀ.ਪੀ. ਸਿੰਘ, ਡਾਇਰੈਕਟਰ, ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ, ਮਿਸੀਸਾਗਾ, ਓਨਟਾਰੀਓ, ਕੈਨੇਡਾ।

ਸੁਤੰਤਰਤਾ ਸੰਗ੍ਰਾਮੀ ਗਿਆਨੀ ਰਘਬੀਰ ਸਿੰਘ ਹੁੱਡਿਆਰਾ ਇਕ ਬਹੁਪੱਖੀ ਸ਼ਖਸ਼ੀਅਤ ਦਾ ਨਾਂ ਹੈ, ਜਿਨ੍ਹਾਂ ਨੇ ਆਪਣੀ ਵਿਲੱਖਣ ਜੀਵਨ ਯਾਤਰਾ ਦੌਰਾਨ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਯੋਗਦਾਨ ਪਾਣ ਦੇ ਨਾਲ-ਨਾਲ, ਸੁਦ੍ਰਿੜ ਸਿੱਖ ਮਿਸ਼ਨਰੀ, ਪ੍ਰਮਾਣਿਤ ਪੰਥ ਪ੍ਰਚਾਰਕ, ਨਾਮਵਰ ਕਥਾਵਾਚਕ ਅਤੇ ਮਾਂ-ਬੋਲੀ ਪੰਜਾਬੀ ਦੇ ਸੁਹਿਰਦ ਅਧਿਆਪਕ ਵਜੋਂ ਬਾਖ਼ੂਬੀ ਸੇਵਾ ਨਿਭਾਈ ਹੈ। ਉਨ੍ਹਾਂ ਦੀਆਂ ਦੇਸ਼ ਪ੍ਰੇਮ ਵਿਚ ਲਬਰੇਜ਼ ਕਾਵਿਕ ਰਚਨਾਵਾਂ ਤੇ ਮਨਮੋਹਕ ਭਾਸ਼ਣ ਸ਼ੈਲੀ ਲੋਕਾਂ ਵਿਚ ਬਹੁਤ ਹੀ ਮਕਬੂਲ ਰਹੀ ਹੈ। "ਦਾਸਤਨ-ਏ-ਖ਼ੁਦ" ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੀ ਸਵੈਜੀਵਨੀ ਹੈ, ਜੋ ਨਾ ਸਿਰਫ਼ ਸਾਂਝੇ ਪੰਜਾਬ ਵਿਖੇ ਲਗਭਗ ਇਕ ਸਦੀ ਦੇ ਅਰਸੇ ਦੌਰਾਨ ਮੌਜੂਦ ਹਾਲਾਤਾਂ ਦੀ ਹੀ ਦੱਸ ਪਾਉਂਦੀ ਹੈ, ਸਗੋਂ ਬਹੁਤ ਸਾਰੀਆਂ ਅੱਖੀ ਦੇਖੀਆਂ ਇਤਿਹਾਸਿਕ ਘਟਨਾਵਾਂ ਦਾ ਅਹਿਮ ਦਸਤਾਵੇਜ਼ ਵੀ ਹੈ।

'ਦਾਸਤਨ-ਏ-ਖ਼ੁਦ' ਕਿਤਾਬ ਦਾ ਸੰਪਾਦਨ ਗਿਆਨੀ ਰਘਬੀਰ ਸਿੰਘ ਹੁਡਿਆਰਾ ਦੇ ਸਪੁੱਤਰ ਸ. ਰਵਿੰਦਰ ਸਿੰਘ ਬਾਠ ਨੇ ਕੀਤਾ ਹੈ। ਸ. ਰਾਬਿੰਦਰ ਸਿੰਘ ਬਾਠ ਇਕ ਅਜਿਹੀ ਸ਼ਖਸੀਅਤ ਰਹੀ ਹੈ, ਜਿਸ ਨੇ ਵਿਭਿੰਨ ਭਾਸ਼ਾਵਾਂ ਦੇ ਨਾਮਵਰ ਲਿਖਾਰੀਆਂ ਦੀਆ ਰਚਨਾਵਾਂ (ਨਾਵਲ ਤੇ ਕਹਾਣੀ ਸੰਗ੍ਰਹਿਾਂ) ਦਾ ਸੰਪਾਦਨ ਅਤੇ ਪੰਜਾਬੀ ਅਨੁਵਾਦ ਕਰਦੇ ਹੋਏ ਹੁਣ ਤੱਕ ਲਗਭਗ ਡੇਢ ਦਰਜਨ ਕਿਤਾਬਾਂ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿਚ ਪਾਈਆਂ ਹਨ। ਕਿੱਤੇ ਵਜੋਂ ਪ੍ਰਸ਼ਾਸ਼ਨੀ ਵਿਭਾਗ ਦੇ ਕਾਰਕੁੰਨ ਵਜੋਂ ਬੇਸ਼ੱਕ ਉਸ ਦਾ ਸਾਹਿਤ ਨਾਲ ਦੂਰ-ਦੂਰ ਦਾ ਵੀ ਰਿਸ਼ਤਾ ਨਹੀਂ ਸੀ, ਪਰ ਕਾਲਜੀ ਦਿਨਾਂ ਵਿਚ ਮਨ ਨੂੰ ਲੱਗੀ ਸਾਹਿਤਕ ਚੇਟਕ ਨੇ ਉਸ ਦੇ ਜੀਵਨ ਵਿਚ ਪੰਜਾਬੀ ਸਾਹਿਤ ਨਾਲ ਉਸ ਦਾ ਬਹੁਤ ਹੀ ਕਰੀਬੀ ਰਿਸ਼ਤਾ ਕਾਇਮ ਕਰੀ ਰੱਖਿਆ। ਇਸੇ ਚੇਟਕ ਕਾਰਣ ਉਸ ਨੇ ਵਿਭਿੰਨ ਭਾਸ਼ਾਵਾਂ (ਜਿਵੇਂ ਕਿ ਉਰਦੂ, ਅਸਾਮੀ, ਬੰਗਾਲੀ ਤੇ ਹਿੰਦੀ) ਦੇ ਮਾਨਵਰ ਲੇਖਕਾਂ (ਜਿਵੇਂ ਕਿ ਮਹਰਉੱਦੀਨ ਖਾਂ, ਤਹਿਮੀਨਾ ਦੁੱਰਾਨੀ, ਜ਼ਾਹਿਦਾ ਹਿਨਾ ਆਬਦ ਸੁਰਤੀ, ਇੰਦਰਾ ਗੋਸਵਾਮੀ, ਦੂਧਨਾਥ ਸਿੰਘ, ਸੁਚਿੱਤਰਾ ਭੱਟਾਚਾਰੀਆ, ਮੋਹਨ ਚੋਪੜਾ, ਉਦੈ ਪ੍ਰਕਾਸ਼, ਤੇ ਮੰਨੂ ਭੰਡਾਰੀ ਆਦਿ) ਦੇ ਨਾਵਲਾਂ/ਕਹਾਣੀ ਸੰਗ੍ਰਹਾਂ ਦਾ ਸਫਲਤਾਪੂਰਣ ਸੰਪਾਦਨ ਅਤੇ ਪੰਜਾਬੀ ਅਨੁਵਾਦ ਕੀਤਾ। ਰਾਬਿੰਦਰ ਸਿੰਘ ਬਾਠ ਇਕ ਅਜਿਹੀ ਨਿਆਰੀ ਸ਼ਖਸੀਅਤ ਰਹੀ ਹੈ, ਜਿਸ ਨੇ ਆਪਣਾ ਸਮੁੱਚਾ ਜੀਵਨ ਵਿਭਿੰਨ ਭਾਸ਼ਾਵਾਂ ਦੇ ਸ੍ਰੇਸ਼ਟ ਸਾਹਿਤ ਦੇ ਪਠਨ ਕਾਰਜਾਂ ਲਈ ਅਤੇ ਅਜਿਹੇ ਉੱਚ ਪਾਏ ਦੇ ਸਾਹਿਤ ਦੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਾਰਜਾਂ ਲਈ ਅਰਪਣ ਕੀਤਾ ਹੋਇਆ ਸੀ।

ਦਾਸਤਨ-ਏ-ਖ਼ੁਦ ਦੇ ਮੁੱਖਬੰਧ ਦਾ ਲੇਖਕ ਡਾ. ਡੀ.ਪੀ. ਸਿੰਘ, ਗਿਆਨੀ ਰਘਬੀਰ ਸਿੰਘ ਹੁੱਡਿਆਰਾ ਨੂੰ ਬਿਖੜੇ ਰਾਹਾਂ ਦਾ ਪਾਂਧੀ ਵਜੋਂ ਬਿਆਨ ਕਰਦੇ ਹੋਏ ਉਸ ਦੇ ਜੀਵਨ ਉੱਤੇ ਪੰਛੀ ਝਾਤ ਪੁਆਂਦਾ ਹੈ। ਵਰਨਣਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੁਆਰਾ ਰਚਿਤ "ਦਾਸਤਨ-ਏ-ਖ਼ੁਦ" ਤਿੰਨ ਮਹਾਂਦੀਪਾਂ ਅਤੇ ਪੰਜ ਪੁਸ਼ਤਾਂ ਤੱਕ ਫੈਲੀ ਪਰਿਵਾਰਕ ਗਾਥਾ ਹੈ, ਜੋ ਆਪਣੇ ਅੰਦਰ ਸੌ ਸਾਲਾਂ ਤੋਂ ਵੀ ਵਧੇਰੇ ਅਰਸੇ ਦਾ ਇਤਿਹਾਸ ਸਮੋਈ ਬੈਠੀ ਹੈ। ਬ੍ਰਿਟਿਸ਼ ਇੰਡੀਆਂ ਦੇ ਪਿੰਡ ਹੁੱਡਿਆਰਾ, ਤਹਿਸੀਲ ਲਾਹੌਰ (ਹੁਣ ਪਾਕਿਸਤਾਨ), ਤੋਂ ਸ਼ੁਰੂ ਹੋ ਕੇ ਇਹ ਗਾਥਾ, ਭਾਰਤ, ਇੰਗਲੈਂਡ ਅਤੇ ਕੈਨੇਡਾ ਦੇ ਸਰਸ਼ਬਜ਼ ਕਿੱਸਿਆਂ ਨਾਲ ਭਰਪੂਰ ਤਾਂ ਹੈ ਹੀ, ਪਰ ਇਹ ਭਾਰਤ-ਪਾਕਿਸਤਾਨ ਵੰਡ ਦੇ ਦਰਦਨਾਕ ਹਾਲਾਤਾਂ ਦਾ ਅੱਖੀਂ ਦੇਖਿਆ ਹਾਲ ਵੀ ਬੇਬਾਕੀ ਨਾਲ ਪੇਸ਼ ਕਰਦੀ ਹੈ।

ਇਸ ਕਿਤਾਬ ਦਾ ਪਹਿਲਾ ਕਾਂਡ ਲੇਖਕ ਦੇ ਪਿੰਡ ਦੇ ਬਿਰਤਾਂਤ ਦੇ ਨਾਲ-ਨਾਲ ਉਸ ਦੇ ਪੂਰਵਜ਼ਾਂ ਦਾ ਦਿਲਚਸਪ ਵਰਨਣ ਕਰਦਾ ਹੈ। ਲੇਖਕ ਦਾ ਪਿਛੋਕੜ ਵੱਡ-ਵਡੇਰੇ ਬਾਬਾ ਰਾ ਸਿੰਘ ਨਾਲ ਜੁੜਦਾ ਹੈ, ਜਿਸ ਦੇ ਬਜ਼ੁਰਗਾਂ ਨੇ ਬਾਬਾ ਦੀਪ ਸਿੰਘ ਕੋਲੋਂ ਅੰਮ੍ਰਿਤ ਛੱਕਿਆ ਸੀ ਤੇ ਪੰਜਾਬ ਦੇ ਇਤਿਹਾਸ ਵਿਚ ਮਿਸਲਾਂ ਦੇ ਯੁੱਗ ਅੰਦਰ ਅਹਿਮ ਭੂਮਿਕਾ ਨਿਭਾਈ ਸੀ। ਗੁਰਮੁਖ ਸਰੂਪ ਬਾਬਾ ਭਾਈ ਚੂਹੜ ਸਿੰਘ, ਉਨ੍ਹਾਂ ਦੇ ਵੱਡੇ ਭਰਾ ਫ਼ੌਜੀ ਬਾਬਾ ਠਾਕਰ ਸਿੰਘ, ਸੰਜਮ ਤੇ ਸਲੀਕੇ ਦੀ ਮੂਰਤ ਦਾਦੀ ਰਾਮ ਕੌਰ ਅਤੇ ਸਿਦਕਵਾਨ ਲਾਲਾ ਮੰਗਲ ਦਾਸ ਦੇ ਕਿਰਦਾਰਾਂ ਦਾ ਚਿੱਤਰਣ ਲੇਖਕ ਨੇ ਬਾਖ਼ੂਬੀ ਕੀਤਾ ਹੈ।

ਪਿਤਾ ਸ. ਹਰਨਾਮ ਸਿੰਘ ਦਾ ਗੁਰੂ ਕਾ ਬਾਗ ਦੇ ਮੋਰਚੇ ਵਿਚ ਭਾਗ ਲੈਣਾ, ਸ਼ਰੀਕਾਬਾਜ਼ੀ ਕਾਰਣ ਸਰਕਾਰੀ ਨੌਕਰੀ ਤੋਂ ਖੁੰਝਣਾ, ਪੰਥਕ-ਕਾਰਜਾਂ ਵਿਚ ਸ਼ਮੂਲੀਅਤ, ਸ਼ਾਇਰੀ, ਕਵੀਸ਼ਰੀ ਤੇ ਹਕੀਮੀ ਵਿਚ ਨਿਪੁੰਨਤਾ ਪ੍ਰਾਪਤੀ, ਅਚਾਨਕ ਮੌਤ ਉਪਰੰਤ ਘਰੇਲੂ ਸੰਕਟ ਤੇ ਜੱਦੋਜਹਿਦ ਦਾ ਵਰਨਣ ਜਾਣਕਾਰੀ ਭਰਪੂਰ ਹੈ।

ਲੇਖਕ ਨੇ ਸੰਨ 1920 ਵਿਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਰਚਨਾ, ਸ਼੍ਰੋਮਣੀ ਅਕਾਲੀ ਦਲ ਦਾ ਜਨਮ, ਗੁਰਦੁਆਰਾ ਸੁਧਾਰ ਲਹਿਰ, ਸਿੱਖ ਜਗਤ ਵਲੋਂ ਦੁਸ਼ਟ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਮੋਰਚੇ ਲਗਾਉਣਾ, ਸ੍ਰੀ ਨਨਕਾਣਾ ਸਾਹਿਬ ਦਾ ਮੋਰਚਾ, ਜੈਤੋ ਦਾ ਮੋਰਚਾ, ਅਤੇ ਗੁਰੂ ਕੇ ਬਾਗ ਦਾ ਮੋਰਚਾ, ਆਦਿ ਘਟਨਾਵਾਂ ਦਾ ਚਸ਼ਮਦੀਦ ਗਵਾਹਾਂ ਦੁਆਰਾ ਸੁਣਾਇਆ ਹਾਲ ਵੀ ਦਰਜ਼ ਕੀਤਾ ਹੈ। ਪਿਤਾ ਪੁਰਖੀ ਮਿਲੇ ਸੰਸਕਾਰਾਂ ਕਾਰਣ ਬਾਲਕ ਰਘਬੀਰ ਵਿਚ ਧਾਰਮਿਕ ਤੇ ਰਾਜਸੀ ਕਾਰਜਾਂ ਪ੍ਰਤਿ ਲਗਾਉ ਸਹਿਜੇ ਹੀ ਪੁੰਗਰ ਪਿਆ। ਵਿਦਿਆਰਥੀ ਦਿਨਾਂ ਵਿਚ ਕਾਂਗਰਸ ਦੁਆਰਾ ਦੇਸ਼ ਦੀ ਆਜ਼ਾਦੀ ਲਈ ਚਲਾਈ ਨਾ-ਮਿਲਵਰਤਣ ਲਹਿਰ ਵਿਚ ਸ਼ਮੂਲੀਅਤ ਕਾਰਣ ਜੇਲ ਯਾਤਰਾ ਵੀ ਕੀਤੀ।

ਸੰਨ 1935 ਵਿਚ ਗੁਰਦੁਆਰਾ ਸ਼ਹੀਦ-ਗੰਜ ਸਿੰਘਣੀਆਂ ਦੀ ਦੁਸ਼ਕਰਮੀ ਮਹੰਤਾਂ ਤੋਂ ਆਜ਼ਾਦੀ ਲਈ ਲਗਾਏ ਅਕਾਲੀ ਦਲ ਦੇ ਮੋਰਚੇ ਵਿਚ ਸ਼ਮੂਲੀਅਤ ਲਈ ਦੁਬਾਰਾ ਜੇਲ੍ਹ ਯਾਤਰਾ ਕੀਤੀ। ਦਸੰਬਰ 1937 ਵਿਚ ਪੰਡਿਤ ਜਵਾਹਰ ਲਾਲ ਦੇ ਲਾਹੌਰ ਜਲਸੇ ਵਿਚ ਕ੍ਰਾਂਤੀਕਾਰੀ ਨਜ਼ਮ ਪੜ੍ਹਣ ਕਾਰਣ ਫਿਰ ਦੋ ਮਹੀਨੇ ਕੈਦ ਕੱਟੀ। ਪੰਜਾਬ ਕਿਸਾਨ ਲਹਿਰ ਦੀ ਪੰਜਾਬ ਵਿਚ ਚੜ੍ਹਤ, ਨੌਜਆਨ ਰਘਬੀਰ ਵਲੋਂ ਕਿਸਾਨ ਲਹਿਰ ਦੇ ਸਮਾਗਮਾਂ 'ਚ ਸਰਗਰਮ ਸ਼ਮੂਲੀਅਤ, 23 ਮਾਰਚ 1939 ਨੂੰ ਕਿਸਾਨ ਸਤਿਆਗ੍ਰਹਿ ਦੇ ਪਹਿਲੇ ਜਥੇ ਨਾਲ ਲੇਖਕ ਦੀ ਗ੍ਰਿਫਤਾਰੀ, ਦੂਜੀ ਵਿਸ਼ਵ ਜੰਗ ਸਮੇਂ ਦੇ ਹਾਲਾਤ, ਤੇ ਜੇਲਾਂ ਦੇ ਨਿਜ਼ਾਮ ਬਾਰੇ ਭਾਵਪੂਰਣ ਬਿਰਤਾਂਤ ਇਸੇ ਕਾਂਡ ਵਿਚ ਮੌਜੂਦ ਹੈ। ਜਨਵਰੀ 1940 ਵਿਚ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਰਾਜਸੀ ਕਾਰਗੁਜ਼ਾਰੀ ਦਸੰਬਰ 1940 ਤੱਕ ਚਲਦੀ ਰਹੀ। ਉਪਰੰਤ ਘਰੇਲੂ ਹਾਲਤਾਂ ਕਾਰਣ ਘਰ ਸੰਭਾਲਣ ਦੀ ਜ਼ਿੰਮੇਵਾਰੀ ਸਿਰ ਆ ਪਈ।

ਤਦ ਹੀ ਨੌਜਵਾਨ ਰਘਬੀਰ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ। ਇੰਝ ਉਹ ਕਾਮਰੇਡ ਤੋਂ ਢਾਡੀ ਬਣ ਗੁਪਾਲ ਸਿੰਘ ਮੈਦੀਪੁਰ ਦੇ ਢਾਡੀ ਜੱਥੇ ਨਾਲ ਜਾ ਮਿਲਿਆ ਤੇ ਅਕਾਲੀ ਕਾਨਫਰੰਸਾਂ/ਸਮਾਗਮਾਂ ਦਾ ਅਨਿੱਖੜਵਾਂ ਅੰਗ ਬਣ ਗਿਆ। ਜਲਦੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਆਨਰੇਰੀ ਪ੍ਰਚਾਰਕ ਦੀ ਨੌਕਰੀ ਮਿਲ ਗਈ। ਅਗਸਤ 1942 ਤੋਂ ਮਾਰਚ 1943 ਤਕ ਇਹ ਸੇਵਾ ਨਿਭਾਉਂਦਿਆਂ ਸਿੱਖੀ ਪ੍ਰੇਮ ਦੀ ਅਜਿਹੀ ਲਗਨ ਲੱਗੀ ਕਿ ਅਪ੍ਰੈਲ 1943 ਦੌਰਾਨ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਖੇ ਦੋ ਸਾਲਾ ਪ੍ਰਚਾਰਕ ਤੇ ਗ੍ਰੰਥੀ ਕਲਾਸ ਵਿਚ ਦਾਖ਼ਲਾ ਲੈ ਲਿਆ। ਸੰਨ 1945 ਵਿਚ ਸ਼ਾਦੀ ਦੀ ਦਿਲਚਸਪ ਘਟਨਾ, ਅਤੇ ਗਿਆਨੀ ਹੁੱਡਿਆਰਾ ਦੀ ਪ੍ਰੇਰਨਾ ਸਦਕਾ ਮਿਸ਼ਨਰੀ ਕਾਲਜ ਦੇ ਕੋਰਸ ਦੇ ਨਾਲ ਹੀ ਗਿਆਨੀ ਦਾ ਇਮਤਿਹਾਨ ਪਾਸ ਕਰਨ ਦਾ ਬਿਰਤਾਂਤ ਵੀ ਕਾਫ਼ੀ ਰੌਚਕ ਤੇ ਉਤਸ਼ਾਹਮਈ ਹੈ। ਸੰਨ 1946 ਵਿਚ ਕੋਰਸ ਪੂਰਾ ਹੁੰਦਿਆਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸਿੱਖ ਪ੍ਰਚਾਰਕ ਦੀ ਨੌਕਰੀ ਦੁਬਾਰਾ ਮਿਲ ਗਈ। ਪ੍ਰਚਾਰਕ ਵਜੋਂ ਫ਼ਿਲੌਰ ਤਹਿਸੀਲ, ਤੇ ਪਾਕਪਟਨ ਤਹਿਸੀਲ ਵਿਖੇ ਸੇਵਾ ਨਿਭਾਉਣ ਪਿੱਛੋਂ, ਜਲਦੀ ਹੀ ਖਾਲਸਾ ਹਾਈ ਸਕੂਲ, ਖਾਲੜਾ ਮੰਡੀ ਵਿਖੇ ਪੰਜਾਬੀ ਅਧਿਆਪਕ ਵਜੋਂ ਕਾਰਜ ਭਾਰ ਆ ਸੰਭਾਲਿਆ।

ਇਸੇ ਕਿਤਾਬ ਵਿਚ, ਪਾਕਿਸਤਾਨ ਦੀ ਮੰਗ ਦਾ ਮਸਲਾ, ਸੰਨ 1940 ਤੋਂ ਦੇਸ਼ ਦੇ ਆਜ਼ਾਦ ਹੋਣ ਤੱਕ ਦੇ ਹਾਲਾਤ, ਦੂਜੀ ਵਿਸ਼ਵ ਜੰਗ ਦਾ ਖ਼ਾਤਮਾ, ਪੰਜਾਬ ਦਾ ਬਟਵਾਰਾ ਅਤੇ ਆਬਾਦੀ ਦਾ ਤਬਾਦਲਾ ਆਦਿ ਦਾ ਬਿਰਤਾਂਤ ਇਤਿਹਾਸਕ ਪੱਖੋਂ ਕਾਫ਼ੀ ਜਰਖੇਜ਼ ਹੈ। ਜੋ ਦੇਸ਼ ਦੀ ਵੰਡ ਕਾਰਣ ਪੰਜਾਬ ਦੇ ਲੋਕਾਂ ਦੇ ਉਜਾੜੇ ਦੀ ਦਰਦਨਾਕ ਹਾਲਾਤ ਨੂੰ ਬੇਬਾਕੀ ਨਾਲ ਬਿਆਨ ਕਰਦਾ ਹੈ। ਉੜਮੁੜ ਵਿਖੇ ਵਾਸਾ ਤੇ ਜੀਵਨ ਦੇ ਨਵੇਂ ਦੌਰ ਦਾ ਆਰੰਭ, ਡੀ.ਏ.ਵੀ. ਹਾਈ ਸਕੂਲ ਵਿਖੇ ਪੰਜਾਬੀ ਅਧਿਆਪਨ ਕਾਰਜ, ਸਰਕਾਰ ਵਲੋਂ ਸੁੰਤਤਰਤਾ ਸੰਗਰਾਮੀਆਂ ਦਾ ਸਨਮਾਨ ਮੁਹਿੰਮ ਹੇਠ ਮਾਨ ਪੱਤਰ ਪ੍ਰਾਪਤੀ, ਬੱਚਿਆਂ ਲਈ ਵਜ਼ੀਫੇ ਦੀ ਮਨਜ਼ੂਰੀ, ਤਾਮਰ ਪੱਤਰ ਮਿਲਣਾ, ਸਰਕਾਰੀ ਮਿਡਲ ਸਕੂਲ, ਬੱਢਲਾਂ ਵਿਖੇ ਤਾਇਨਤੀ ਤੇ ਅਧਿਆਪਨ ਕਾਰਜ, ਫਰੀਡਮ ਫਾਇਟਰ ਦੀ ਪੈਨਸ਼ਨ ਲੱਗਣਾ, ਅਤੇ ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਦਾ ਖੁਲਾਸਾ ਵੀ ਕਾਫ਼ੀ ਰੌਚਕਮਈ ਹੈ। ਕੁਝ ਖਾਸ ਯਾਦਾਂ ਦੇ ਨਾਮ ਹੇਠ ਵਰਨਿਤ ਡਾ. ਅੰਬੇਦਕਰ ਦੇ ਧਰਮ ਪਰਿਵਰਤਨ ਦਾ ਕਿੱਸਾ ਇਤਿਹਾਸਿਕ ਮਹੱਤਤਾ ਵਾਲਾ ਹੈ।

ਲੰਡਨ ਦੀ ਯਾਤਰਾ ਕਾਂਡ ਵਿਚ ਲੇਖਕ ਨੇ 1994-95 ਦੌਰਾਨ ਆਪਣੀ ਲੰਡਨ ਯਾਤਰਾ ਦਾ ਬਿਰਤਾਂਤ ਬਹੁਤ ਹੀ ਵਿਸਥਾਰਪੂਰਨ ਲਿਖਿਆ ਹੈ। ਇਸ ਬਿਰਤਾਂਤ ਵਿਚ ਲੇਖਕ ਨੇ ਇੰਡੀਆ ਵਿਖੇ ਆਪਣੇ ਮੁਕਾਮ ਤੋਂ ਚੱਲਣ ਤੋਂ ਲੈ ਕੇ ਮਾਸਕੋ ਰਾਹੀਂ ਇੰਗਲੈਂਡ ਪੁੱਜਣ, ਉੱਥੇ ਰਿਹਾਇਸ਼ ਤੇ ਕਾਰਗੁਜ਼ਾਰੀ ਉਪਰੰਤ ਵਾਪਸੀ ਦਾ ਵਰਨਣ ਕੀਤਾ ਹੈ। ਲੇਖਕ ਦੀ ਪੈਨੀ ਦ੍ਰਿਸ਼ਟੀ "ਗੋਰੇ ਲੋਕਾਂ ਦੀ ਕਾਲੀ ਧਰਤੀ" ਕਾਂਡ ਵਿਚ ਇੰਗਲੈਂਡ ਦੇਸ਼ ਦੀਆਂ ਚੰਗੀਆਂ ਮੰਦੀਆਂ ਗੱਲਾਂ ਦਾ ਜ਼ਿਕਰ ਬਣ ਜਾਂਦੀ ਹੈ।

"ਦਾਸਤਨ-ਏ-ਖ਼ੁਦ" ਦਾ ਆਖ਼ਰੀ ਕਾਂਡ ਲੇਖਕ ਦੀ ਕੈਨੇਡਾ ਫ਼ੇਰੀ ਦਾ ਜ਼ਿਕਰ ਕਰਦਾ ਹੈ। ਜੋ ਉਸ ਦੁਆਰਾ ਸਤੰਬਰ 2003 ਤੋਂ ਮਾਰਚ 2004 ਦੇ ਅਰਸੇ ਦੌਰਾਨ ਕੀਤੀ ਗਈ। ਇਸ ਕਾਂਡ ਵਿਚ ਵੀ ਲੇਖਕ ਨੇ ਆਪਣੀ ਲੰਡਨ ਯਾਤਰਾ ਦੇ ਬਿਰਤਾਂਤ ਵਾਂਗ ਹੀ ਕੈਨੇਡਾ ਦੀ ਧਰਤੀ ਉੱਤੇ ਆਪਣੇ ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕੀਤਾ ਹੈ। ਕੈਨੇਡਾ ਦੇਸ਼ ਬਾਰੇ ਜਾਣਕਾਰੀ, ਇਥੋਂ ਦਾ ਨਿਜ਼ਾਮ, ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ, ਕੈਨੇਡਾ ਵਿਖੇ ਸਾਫ਼-ਸੁਥਰਾ ਵਾਤਾਵਰਣ, ਭਾਈਚਾਰਕ ਮਾਹੌਲ, ਲੋਕਾਂ ਦੀ ਗੁਰਬਾਣੀ ਤੇ ਗੁਰ-ਇਤਿਹਾਸ ਜਾਨਣ ਦੀ ਚਾਹਤ ਅਤੇ ਪਰਿਵਾਰਕ ਮੇਲ-ਮਿਲਾਪ ਦੇ ਕਿੱਸੇ ਇਸ ਕਾਂਡ ਨੂੰ ਰੌਚਕਤਾ ਬਖ਼ਸ਼ਦੇ ਹਨ।

ਬੇਸ਼ਕ "ਦਾਸਤਨ-ਏ-ਖ਼ੁਦ" ਗਿਆਨੀ ਰਘਬੀਰ ਸਿੰਘ ਹੁੱਡਿਆਰਾ ਦੀ ਪਲੇਠੀ ਦੀ ਰਚਨਾ ਹੈ, ਜੋ ਉਨ੍ਹਾਂ ਦੇ ਸਪੁੱਤਰ ਸ. ਰਾਬਿੰਦਰ ਸਿੰਘ ਬਾਠ ਦੇ ਉੱਦਮ ਨਾਲ ਸਾਹਿਤਕ ਖੇਤਰ ਦਾ ਅੰਗ ਬਣੀ। ਪਰ ਇਸ ਨਿਵੇਕਲੀ ਸਵੈ-ਜੀਵਨੀ ਦੇ ਵਿਸ਼ਿਆਂ ਦਾ ਫੈਲਾਅ ਨਿੱਜੀ ਪੀੜਾਂ ਦੇ ਪਾਰ ਮਾਨਵੀ ਦੁੱਖਾਂ-ਦਰਦਾਂ ਦੇ ਖਿਤਿਜ਼ ਤੱਕ ਫੈਲਿਆ ਹੋਇਆ ਹੈ। ਜੋ ਇਸ ਪੁਸਤਕ ਨੂੰ ਕਦਰਾਂ-ਕੀਮਤਾਂ ਪੱਖੋਂ ਸਥਾਈਪਣ ਬਖ਼ਸ਼ਦਾ ਹੈ। ਆਸ ਹੈ ਕਿ ਪੰਜਾਬੀ ਪਾਠਕ ਗਿਆਨੀ ਰਘਬੀਰ ਸਿੰਘ ਹੁੱਡਿਆਰਾ ਜੀ ਦੀ ਇਸ ਭੇਂਟ ਨੂੰ ਜੀ ਆਇਆਂ ਆਖਦੇ ਹੋਏ, ਇਸ ਦੀ ਵਿਸ਼ਾ-ਵਸਤੂ ਨਾਲ ਇਕਸੁਰਤਾ ਮਹਿਸੂਸ ਕਰਣਗੇ ਤੇ ਅਮਨ-ਭਰਪੂਰ ਨਵ-ਮਾਨਵੀ ਸਮਾਜ ਸਿਰਜਣ ਲਈ ਸੇਧ ਪ੍ਰਾਪਤ ਕਰ ਸਕਣਗੇ।

(ਨੋਟ: ਸ. ਰਵਿੰਦਰ ਸਿੰਘ ਬਾਠ ਮਿਤੀ 16 ਜੂਨ 2024 ਨੂੰ ਅਕਾਲ ਚਲਾਣਾ ਕਰ ਗਏ। "ਦਾਸਤਨ-ਏ-ਖ਼ੁਦ" ਸਵੈਜੀਵਨੀ ਪੁਸਤਕ ਦਾ, ਮਿਤੀ 23 ਜੂਨ 2024 ਨੂੰ ਸ. ਰਵਿੰਦਰ ਸਿੰਘ ਬਾਠ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਪਿੱਛੋਂ ਸ. ਵਰਿਆਮ ਸਿੰਘ ਸੰਧੂ, ਬੀਬੀ ਨਿਰੰਜਨ ਕੌਰ ਬਾਠ (ਸੁਪਤਨੀ ਸ. ਰਵਿੰਦਰ ਸਿੰਘ ਬਾਠ), ਬੀਬੀ ਕੰਵਲਜੀਤ ਕੌਰ ਬੈਂਸ, ਸ. ਜਸਬੀਰ ਸਿੰਘ ਘੁੰਮਣ, ਸ. ਰਣਧੀਰ ਸਿੰਘ ਘੁੰਮਣ, ਸ. ਸੁਖਦੇਵ ਸਿੰਘ ਝੰਡ, ਸ. ਅਜਾਇਬ ਸਿੰਘ ਚੱਠਾ, ਡਾ. ਡੀ.ਪੀ. ਸਿੰਘ, ਸ. ਸ਼ਰਨਜੀਤ ਸਿੰਘ ਬਾਠ ਤੇ ਸ. ਕਿਰਨਜੀਤ ਸਿੰਘ ਬਾਠ ਦੁਆਰਾ ਲੋਕ-ਅਰਪਣ ਕੀਤਾ ਗਿਆ।)

# ਸਥਾਨਕ ਸਰਕਾਰਾਂ ਦੀ ਹੋਂਦ ਨੂੰ ਖ਼ਤਰਾ ਚਿੰਤਾਜਨਕ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA



ਪੰਜਾਬ 'ਚ ਲੋਕਾਂ ਵਲੋਂ ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਲਈ ਤਾਰੀਖ ਉਡੀਕੀ ਜਾ ਰਹੀ ਹੈ। ਇਨ੍ਹਾਂ ਦੀ ਪੰਜ ਸਾਲ ਦੀ ਮਿਆਦ ਪੂਰੀ ਹੋ ਚੁੱਕੀ ਹੈ। ਪਿੰਡਾਂ 'ਚ ਸਥਾਨਕ ਸਰਕਾਰ ਕਹਾਉਂਦੀਆਂ ਪੰਚਾਇਤਾਂ ਦੀ ਇਸ ਸਮੇਂ ਅਣਹੋਂਦ ਕਾਰਨ ਵਿਕਾਸ ਕਾਰਜ ਠੱਪ ਪਏ ਹਨ, ਪੇਂਡੂ ਆਮਦਨ ਦਾ ਮੁੱਖ ਸਰੋਤ ਪੰਚਾਇਤ ਜ਼ਮੀਨਾਂ ਦੇ ਠੇਕੇ ਸਿਰੇ ਨਾ ਚੜ੍ਹਨ ਕਾਰਨ ਪਹਿਲਾਂ ਹੀ ਵਿੱਤੀ ਤੌਰ 'ਤੇ ਕਮਜ਼ੋਰ ਪੰਚਾਇਤਾਂ ਦੀ ਆਮਦਨ ਸੁੰਗੜ ਗਈ ਹੈ। ਸਫ਼ਾਈ ਪ੍ਰਬੰਧ ਤੇ ਬੁਨਿਆਦੀ ਢਾਂਚੇ ਦੀ ਸੰਭਾਲ ਚਰਮਰਾ ਗਈ ਹੈ। ਲੋਕਾਂ ਦੇ ਆਪਣੇ ਰੋਜ਼ਾਨਾ ਕੰਮਾਂ ਲਈ ਤਸਦੀਕ ਕਰਾਉਣ ਦੇ ਕੰਮ 'ਚ ਵਿਘਨ ਪੈ ਰਿਹਾ ਹੈ।

ਬਾਵਜੂਦ ਇਸ ਗੱਲ ਦੇ ਕਿ ਪਿੰਡ ਪੰਚਾਇਤਾਂ ਦੇ ਲਗਭਗ ਸਮੁੱਚੇ ਅਧਿਕਾਰ ਪੰਚਾਇਤ ਅਧਿਕਾਰੀਆਂ, ਸਥਾਨਕ ਵਿਧਾਇਕਾਂ, ਕਰਮਚਾਰੀਆਂ ਨੇ ਆਪਣੇ ਹੱਥ ਕਰਕੇ ਪੰਚਾਇਤਾਂ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪੰਗੂ ਬਣਾ ਦਿੱਤਾ ਹੋਇਆ ਹੈ, ਫਿਰ ਵੀ ਲੋਕ ਸਥਾਨਕ ਸਰਕਾਰ ਭਾਵ ਪੰਚਾਇਤ ਦੀ ਲੋੜ ਮਹਿਸੂਸ ਕਰਦੇ ਹਨ, ਕਿਉਂਕਿ ਪੰਚਾਇਤਾਂ ਮਾਨਸਿਕ ਤੌਰ 'ਤੇ ਉਨ੍ਹਾਂ ਦੇ ਦਿਲੋ-ਦਿਮਾਗ ਨਾਲ ਜੁੜੀਆਂ ਹੋਈਆਂ ਹਨ ਤੇ ਉਹ ਕਿਸੇ ਵੀ ਮੁਸੀਬਤ ਵੇਲੇ ਇਸ ਤੋਂ ਆਸਰਾ ਭਾਲਦੇ ਹਨ।

ਪੰਜਾਬ 'ਚ ਸ਼ਹਿਰੀ ਸੰਸਥਾਵਾਂ ਨਗਰ ਕਾਰਪੋਰੇਸ਼ਨਾਂ ਮਿਆਦ ਪੁੱਗਣ ਉਪਰੰਤ ਚੋਣਾਂ ਉਡੀਕ ਰਹੀਆਂ ਹਨ ਤੇ ਇਨ੍ਹਾਂ ਸ਼ਹਿਰਾਂ ਜਲੰਧਰ, ਫਗਵਾੜਾ, ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਦੇ ਵਿਕਾਸ ਕਾਰਜ ਵੀ ਸਰਕਾਰੀ ਅਫ਼ਸਰਾਂ ਦੇ ਰਹਿਮੋ-ਕਰਮ 'ਤੇ ਹਨ।

ਦੇਸ਼ ਦੇ ਲੋਕਤੰਤਰੀ ਢਾਂਚੇ ਵਿਚ ਸਥਾਨਕ ਸਰਕਾਰਾਂ ਦਾ ਰੋਲ ਅਤੇ ਮਹੱਤਵ ਕਿਸੇ ਸਮੇਂ ਵੱਡਾ ਗਿਣਿਆ ਜਾਂਦਾ ਸੀ। ਸਿਆਸੀ ਧਿਰਾਂ ਤੇ ਹਾਕਮ, ਆਮ ਲੋਕਾਂ ਦੇ ਸਥਾਨਕ ਨੁਮਾਇੰਦਿਆਂ ਨੂੰ ਸਿਰ ਅੱਖਾਂ 'ਤੇ ਬਿਠਾਇਆ ਕਰਦੇ ਸਨ, ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕਰਿਆ ਕਰਦੇ ਸਨ ਅਤੇ ਨੀਤੀਗਤ ਫ਼ੈਸਲਿਆਂ 'ਚ ਉਨ੍ਹਾਂ ਦਾ ਵੱਡਾ ਹਿੱਸਾ ਹੋਇਆ ਕਰਦਾ ਸੀ।

ਦੇਸ਼ 'ਚ ਵੋਟ ਰਾਜਨੀਤੀ ਨੇ ਜਿਵੇਂ-ਜਿਵੇਂ ਤਾਕਤ ਦਾ ਕੇਂਦਰੀਕਰਨ ਕਰਕੇ ਤਾਕਤਾਂ ਕੁਝ ਹੱਥਾਂ 'ਚ ਸਮੇਟ ਦਿੱਤੀਆਂ, ਤਿਵੇਂ-ਤਿਵੇਂ ਪਹਿਲਾਂ ਰਾਜਾਂ ਦੇ ਅਧਿਕਾਰਾਂ ਨੂੰ ਛਾਂਗਿਆ ਗਿਆ ਅਤੇ ਫਿਰ ਸਥਾਨਕ ਸਰਕਾਰਾਂ ਭਾਵ ਮਿਊਂਸਪਲ ਕਾਰਪੋਰੇਸ਼ਨਾਂ, ਮਿਊਂਸਪਲ ਕੌਂਸਲਾਂ, ਕਮੇਟੀਆਂ, ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧਿਕਾਰਾਂ ਨੂੰ ਹਥਿਆ ਲਿਆ ਗਿਆ। ਅੱਜ ਦੇਸ਼ ਦੇ ਬਹੁਤੇ ਸੂਬਿਆਂ 'ਚ ਸਥਾਨਕ ਸਰਕਾਰਾਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਇਹ ਹਾਲਤ ਬਨਾਉਣ ਲਈ ਜ਼ਿੰਮੇਵਾਰ ਹਨ, ਸੰਸਦ ਮੈਂਬਰ ਅਤੇ ਵਿਧਾਇਕ, ਜਿਨ੍ਹਾਂ ਨੇ ਪੰਚਾਇਤਾਂ ਨੂੰ ਆਪਣੇ ਸਿਆਸੀ ਮੰਤਵ ਲਈ ਵਰਤਿਆ, ਉਨ੍ਹਾਂ ਦੇ ਵਧੇਰੇ ਅਧਿਕਾਰ ਸਰਕਾਰੀ ਅਧਿਕਾਰੀਆਂ ਰਾਹੀਂ ਆਪਣੀ ਮੁੱਠੀ 'ਚ ਕਰ ਲਏ।




ਸਾਲ 1992 'ਚ ਸੰਵਿਧਾਨ 'ਚ 73ਵੀਂ ਸੋਧ ਕਰਦਿਆਂ ਪਿੰਡ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਮੰਨਦਿਆਂ, ਸਰਕਾਰੀ ਮਹਿਕਮਿਆਂ ਦੇ ਕੰਮਕਾਰ ਨੂੰ ਚੈੱਕ ਕਰਨ, ਆਦਿ ਦੇ ਅਧਿਕਾਰ ਤਾਂ ਦਿੱਤੇ ਹੀ, ਗ੍ਰਾਮ ਸਭਾ ਦੀ ਸਥਾਪਨਾ ਸਮੇਤ ਤਿੰਨ ਟਾਇਰੀ ਪੰਚਾਇਤ ਸੰਸਥਾਵਾਂ ਦੀ ਵਿਵਸਥਾ ਵੀ ਕਰ ਦਿੱਤੀ, ਤਾਂ ਕਿ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀ ਕੰਮਕਾਰ ਕਰਨ ਲਗਭਗ 29 ਮਹਿਕਮੇ ਵੀ ਇਨ੍ਹਾਂ ਪੰਚਾਇਤੀ ਸੰਸਥਾਵਾਂ ਦੇ ਅਧੀਨ ਕਰ ਦਿੱਤੇ ਅਤੇ ਇਹ ਵੀ ਤਹਿ ਹੋਇਆ ਕਿ ਪੰਚਾਇਤ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਾਂਗਰ ਹਰ ਪੰਜ ਵਰ੍ਹਿਆਂ ਬਾਅਦ ਕਰਵਾਈਆਂ ਜਾਣ।

ਇਸ ਤਰ੍ਹਾਂ ਕਰਨ ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤ ਸੰਸਥਾਵਾਂ ਦਾ ਸੰਵਿਧਾਨਿਕ ਆਧਾਰ ਬਣ ਗਿਆ। ਇਸ ਅਧੀਨ ਸਥਾਨਕ ਸਰਕਾਰਾਂ ਵਿਚ ਔਰਤਾਂ, ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਕਰ ਦਿੱਤਾ ਗਿਆ। ਕਰਨਾਟਕ, ਆਂਧਰਾ ਪ੍ਰਦੇਸ਼, ਪੰਜਾਬ ਆਦਿ ਦੇਸ਼ ਦੇ ਕਈ ਸੂਬਿਆਂ ਨੇ ਇਸ ਸੋਧ ਨੂੰ ਪ੍ਰਵਾਨ ਕਰਦਿਆਂ ਇਸ ਸੋਧ 'ਤੇ ਅਮਲ ਸ਼ੁਰੂ ਕੀਤਾ। ਪਰ ਇਹ ਅਮਲ ਅਸਲ ਅਰਥਾਂ (ਘੱਟੋ-ਘੱਟ ) 'ਚ ਪੰਜਾਬ ਚ ਅੱਜ ਕਾਗਜੀ ਵੱਧ ਪਰ ਜ਼ਮੀਨੀ ਪੱਧਰ ਉਤੇ ਘੱਟ ਜਾਪਦਾ ਹੈ।

ਇਸ ਪੰਚਾਇਤੀ ਐਕਟ ਸੋਧ ਦੇ ਪਾਸ ਹੁੰਦਿਆਂ, ਗ੍ਰਾਮ ਸਭਾ (ਭਾਵ ਪਿੰਡ ਦਾ ਹਰ ਵੋਟਰ ਇਸਦਾ ਮੈਂਬਰ ਗਿਣਿਆ ਜਾਂਦਾ ਹੈ) ਨੂੰ ਦਿੱਤੇ ਅਧਿਕਾਰਾਂ ਨਾਲ ਪਿੰਡ ਪੰਚਾਇਤਾਂ ਦਾ ਰੁਤਬਾ ਵੀ ਵਧਿਆ, ਕਿਉਂਕਿ ਗ੍ਰਾਮ ਸਭਾ ਵਿਚੋਂ ਹੀ ਪਿੰਡ ਪੰਚਾਇਤ ਚੁਣੀ ਜਾਂਦੀ ਹੈ ਪਰ ਸਮਾਂ ਰਹਿੰਦਿਆਂ ਜਦੋਂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੇ ਆਪਣੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ, ਤਾਂ ਉਹ ਸਿਆਸਤਦਾਨਾਂ, ਵਿਧਾਇਕਾਂ, ਇਥੋਂ ਤੱਕ ਕਿ ਸਰਕਾਰੀ ਕਾਰਕੁੰਨਾਂ, ਅਫ਼ਸਰਸ਼ਾਹੀ, ਨੌਕਰਸ਼ਾਹੀ ਨੂੰ ਰਾਸ ਨਹੀਂ ਆਇਆ। ਇਨ੍ਹਾਂ ਸੰਸਥਾਵਾਂ ਨੂੰ ਨੱਥ ਪਾਉਣ ਲਈ ਸਥਾਨਕ ਸਰਕਾਰ ਦੀ ਮੁੱਢਲੀ ਇਕਾਈ ਗ੍ਰਾਮ ਪੰਚਾਇਤ ਦੇ ਕੰਮਾਂ 'ਚ ਸਿੱਧਾ ਦਖ਼ਲ ਦੇ ਕੇ ਸਰਕਾਰਾਂ ਵਲੋਂ ਸਰਪੰਚਾਂ ਦਾ ਹਰ ਅਧਿਕਾਰ ਹਥਿਆ ਲਿਆ ਗਿਆ।

ਸਥਾਨਕ ਸਰਕਾਰਾਂ ਬਣਾਉਣ ਅਤੇ ਚਲਾਉਣ ਦਾ ਮੁੱਖ ਉਦੇਸ਼ ਅਸਲ ਅਰਥਾਂ ਵਿਚ ਲੋਕ ਨੁਮਾਇੰਦਗੀ ਅਤੇ ਪ੍ਰਸ਼ਾਸਨ ਵਿਚ ਲੋਕਾਂ ਦੀ ਹਿੱਸੇਦਾਰੀ ਤਹਿ ਕਰਨਾ ਸੀ। ਇਸ ਦਾ ਉਦੇਸ਼ ਸਮਾਜਿਕ ਨਿਆਂ ਦੀ ਪ੍ਰਾਪਤੀ ਲੋਕਾਂ ਵਲੋਂ, ਲੋਕਾਂ ਹੱਥੀਂ ਪ੍ਰਦਾਨ ਕਰਨਾ ਵੀ ਸੀ।

ਭਾਵੇਂ ਕਿ ਆਜ਼ਾਦੀ ਉਪਰੰਤ ਇਸ ਸਬੰਧੀ ਵੱਡੇ ਕਦਮ ਚੁੱਕੇ ਗਏ, ਪਰ 73ਵੀਂ ਤੇ 74 ਵੀਂ ਸੰਵਿਧਾਨਕ ਸੋਧ ਰਾਹੀਂ ਔਰਤਾਂ ਨੂੰ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ 'ਚ ਇੱਕ ਤਿਹਾਈ ਨੁਮਾਇੰਦਗੀ ਨਿਸ਼ਚਿਤ ਕੀਤੀ ਗਈ। ਵਿੱਤੀ ਅਧਿਕਾਰ ਵੀ ਤਹਿ ਹੋਏ। ਪੰਚਾਇਤਾਂ ਨੂੰ ਵੱਧ ਵਿੱਤੀ ਸਹਾਇਤਾ ਅਤੇ ਅਧਿਕਾਰਾਂ ਦੇ ਵਿਕੇਂਦਰੀਕਰਨ ਦੀ ਗੱਲ ਤਹਿ ਕੀਤੀ ਗਈ ਪਰ ਇਹ ਪਿਛਲੇ 32 ਸਾਲਾਂ ਵਿਚ ਕਿਸੇ ਵੀ ਢੰਗ ਨਾਲ ਲੋੜੀਂਦੇ ਸਿੱਟਿਆਂ 'ਤੇ ਨਾ ਪੁੱਜ ਸਕੀ। ਕਥਿਤ ਤੌਰ 'ਤੇ ਵਧ ਅਧਿਕਾਰਾਂ ਦੀਆਂ ਗੱਲਾਂ ਹੋਈਆਂ, ਪਰ ਇਹ ਹਕੀਕਤ ਨਾ ਬਣ ਸਕੀਆਂ।

ਭਾਰਤ ਵਿਚ ਅੱਜ ਸਿਆਸੀ ਸੱਤਾ ਦਾ ਕੇਂਦਰੀਕਰਣ ਵਧ ਰਿਹਾ ਹੈ। ਦੇਸ਼ ਵਿਚ ਲੋਕਤੰਤਰੀ ਢਾਂਚੇ ਨੂੰ ਬਣਾਈ ਰੱਖਣ ਲਈ, ਲੋਕਤੰਤਰੀ ਪ੍ਰਣਾਲੀ ਵਿਚ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੁੰਦਾ ਹੈ ਪਰ ਇਹ ਗਾਇਬ ਹੈ। ਲੋਕਤੰਤਰ ਦੀ ਸਫ਼ਲਤਾ ਨਾਗਰਿਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਪਰ ਨਾਗਰਿਕਾਂ ਦੀ ਪੁੱਛ-ਗਿੱਛ ਘੱਟ ਰਹੀ ਹੈ। ਸਥਾਨਕ ਸੰਸਥਾਵਾਂ, ਕਿਉਂਕਿ ਸਥਾਨਕ ਮਾਮਲਿਆਂ ਨੂੰ ਆਸਾਨੀ ਨਾਲ ਹੱਲ ਕਰਨ ਦੇ ਯੋਗ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਮਜ਼ਬੂਤ ਹੋਣਾ ਸਮੇਂ ਦੀ ਲੋੜ ਹੈ ਪਰ ਇਸ ਤੱਥ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ।

ਇਹ ਸਮਝਣ ਦੀ ਲੋੜ ਹੈ ਕਿ ਪੰਚਾਇਤੀ ਰਾਜ ਹੀ ਇੱਕ ਇਹੋ ਜਿਹਾ ਦੁਆਰ ਹੈ, ਜੋ ਹਰ ਇਕ ਪਿੰਡ ਦੀ ਲੋਕਤੰਤਰੀ ਇਕਾਈ ਬਣ ਸਕਦਾ ਹੈ, ਜੋ ਪਿੰਡਾਂ ਨੂੰ ਆਤਮ ਨਿਰਭਰ ਵੀ ਬਣਾ ਸਕਦਾ ਹੈ। ਜੇਕਰ ਸਥਾਨਕ ਸਰਕਾਰਾਂ ਭਾਵ ਦਿਹਾਤੀ ਤੇ ਸ਼ਹਿਰੀ ਸੰਸਥਾਵਾਂ ਨੂੰ ਜ਼ਿਆਦਾ ਪ੍ਰਸ਼ਾਸਨੀ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਜਾਵੇ, ਤਾਂ ਇਹ ਕੇਂਦਰ ਅਤੇ ਰਾਜ ਸਰਕਾਰਾਂ ਨਾਲੋਂ ਵੱਧ ਸੁਯੋਗਤਾ ਨਾਲ ਕੰਮ ਕਰ ਸਕਦੀਆਂ ਹਨ, ਬਸ਼ਰਤੇ ਸਰਕਾਰੀ ਕਰਮਚਾਰੀਆਂ ਦਾ ਸਹਿਯੋਗ ਅਤੇ ਤਾਲਮੇਲ ਇਨ੍ਹਾਂ ਨੂੰ ਬਕਾਇਦਗੀ ਨਾਲ ਮਿਲਦਾ ਰਹੇ।

ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਥਾਨਕ ਸਰਕਾਰਾਂ ਉਤੇ ਸਿਆਸੀ ਦਖ਼ਲ ਵਧ ਗਿਆ ਹੈ। ਦਿਹਾਤੀ, ਸ਼ਹਿਰੀ ਸੰਸਥਾਵਾਂ ਲਈ ਹੁੰਦੀ ਚੋਣ ਵੇਲੇ ਚੰਗੇ ਸੂਝਵਾਨ ਲੋਕਾਂ ਦੀ ਚੋਣ ਦੀ ਬਜਾਏ, ਧੜੇਬੰਦਕ ਪਹੁੰਚ ਅਪਨਾਈ ਜਾਂਦੀ ਹੈ, ਆਪਣੇ ਪਾਰਟੀ ਹਿੱਤਾਂ ਨੂੰ ਧਿਆਨ 'ਚ ਰੱਖਿਆ ਜਾਂਦਾ ਹੈ। ਅਸਰ ਰਸੂਖ ਵਾਲੇ ਲੋਕ ਇਨ੍ਹਾਂ ਸੰਸਥਾਵਾਂ 'ਤੇ ਕਾਬਜ਼ ਹੋ ਜਾਂਦੇ ਹਨ। ਜਿਹੜੇ ਸਥਾਨਕ ਲੋਕਾਂ ਦੇ ਹਿੱਤਾਂ ਦੀ ਪੂਰਤੀ ਦੀ ਥਾਂ ਆਪਣੇ ਹਿੱਤ ਪੂਰਦੇ ਹਨ।

ਸਿੱਟੇ ਵਜੋਂ ਮਾਫੀਆ, ਦਿਹਾਤੀ, ਸ਼ਹਿਰੀ, ਸੰਸਥਾਵਾਂ ਤੇ ਕਾਬਜ਼ ਹੋ ਕੇ ਪਿੰਡ ਪੰਚਾਇਤਾਂ ਦੀਆਂ ਸ਼ਾਮਲਾਟ ਜ਼ਮੀਨਾਂ 'ਤੇ ਕਾਬਜ਼ ਹੁੰਦਾ ਹੈ। ਸਰਕਾਰੀ ਗ੍ਰਾਂਟਾਂ ਪ੍ਰਾਪਤ ਕਰਕੇ ਸਿਆਸੀ ਤੇ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਭ੍ਰਿਸ਼ਟਾਚਾਰ ਕਰਦਾ ਹੈ। ਪਿੰਡਾਂ 'ਚ ਧੱਕੇਸ਼ਾਹੀ ਵਧਦੀ ਹੈ ਅਤੇ ਕਚਿਹਰੀ ਥਾਣਿਆਂ 'ਚ ਵੀ ਆਮ ਲੋਕ ਇਨਸਾਫ ਤੋਂ ਵਿਰਵੇ ਹੋ ਜਾਂਦੇ ਹਨ।

ਨਿੱਤ ਦਿਹਾੜੇ ਅਖ਼ਬਾਰੀ ਖ਼ਬਰਾਂ ਛਪਦੀਆਂ ਹਨ ਕਿ ਕਿਸੇ ਖ਼ਾਸ ਪਿੰਡ ਦੀ ਪੰਚਾਇਤ ਦੇ ਸਰਪੰਚ ਨੇ ਲੱਖਾਂ ਦਾ ਗਬਨ ਕਰ ਲਿਆ। ਇਹ ਗਬਨ ਪੰਚਾਇਤੀ-ਸਰਕਾਰੀ ਕਰਿੰਦਿਆਂ ਦੀ ਮਿਲੀਭੁਗਤ ਤੋਂ ਬਿਨ੍ਹਾਂ ਸੰਭਵ ਨਹੀਂ ਹੋ ਸਕਦਾ, ਕਿਉਂਕਿ ਇਕੱਲੇ ਸਰਪੰਚ ਜਾਂ ਪੰਚਾਇਤਾਂ ਨੂੰ 5000 ਰੁਪਏ ਤੋਂ ਵੱਧ ਚੈੱਕ ਰਾਹੀਂ ਰਕਮ ਕਢਾਉਣ ਦਾ ਅਧਿਕਾਰ ਹੀ ਨਹੀਂ ਹੈ।

ਇਹ ਵੀ ਖ਼ਬਰਾਂ ਮਿਲਦੀਆਂ ਹਨ ਕਿ ਕਿ ਸ਼ਾਮਲਾਟ ਜ਼ਮੀਨ ਉਤੇ ਰਸੂਖ਼ਵਾਨ ਕਬਜ਼ਾ ਕਰੀ ਬੈਠੇ ਹਨ। ਕੀ ਇਹ ਸਰਕਾਰੀ ਸਰਪ੍ਰਸਤੀ ਬਿਨ੍ਹਾਂ ਸੰਭਵ ਹੈ? ਪੰਜਾਬ ਵਿਚ ਕਈ ਇਹੋ ਜਿਹੇ ਕਬਜ਼ਾਧਾਰੀਆਂ ਦੇ ਮਾਮਲੇ ਹਨ, ਜਿਹੜੇ ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੀਆਂ ਅਦਾਲਤਾਂ 'ਚ ਵਰ੍ਹਿਆਂਬੱਧੀ ਲਟਕੇ ਹੋਏ ਹਨ, ਜਿਨ੍ਹਾਂ 'ਤੇ ਫ਼ੈਸਲੇ ਹੀ ਨਹੀਂ ਹੁੰਦੇ। ਪੰਚਾਇਤਾਂ ਦੀ ਮਿਆਦ ਖ਼ਤਮ ਹੋ ਜਾਂਦੀ ਹੈ, ਇਹ ਮੁਕੱਦਮੇ ਖ਼ਤਮ ਹੀ ਨਹੀਂ ਹੰਦੇ।

ਸਥਾਨਕ ਸਵੈ-ਸ਼ਾਸਨ ਵਿਵਸਥਾ ਭਾਰਤੀ ਪ੍ਰਸ਼ਾਸਨ ਦਾ ਅਨਿੱਖੜਵਾਂ ਅਤੇ ਮੌਲਿਕ ਅੰਗ ਨਹੀਂ ਬਨਣ ਦਿੱਤੀ ਜਾ ਰਹੀ, ਇਸਦੀਆਂ ਲਗਾਮਾਂ ਕੇਂਦਰੀ ਅਤੇ ਸੂਬਾ ਸਰਕਾਰਾਂ ਦੇ ਹੱਥ 'ਚ ਹਨ। ਜਿਵੇਂ ਕੇਂਦਰੀ ਹਾਕਮ ਸੂਬਾ ਸਰਕਾਰਾਂ ਦੀ ਸੰਘੀ ਘੁੱਟਦੇ ਹਨ, ਸਿਆਸੀ ਵਿਰੋਧੀ ਸਰਕਾਰਾਂ ਦੇ ਅਧਿਕਾਰ ਹਥਿਆਉਂਦੇ ਹਨ, ਇਵੇਂ ਹੀ ਸੂਬਾ ਸਰਕਾਰਾਂ ਦਿਹਾਤੀ ਤੇ ਸ਼ਹਿਰੀ ਸਥਾਨਕ ਸਰਕਾਰਾਂ ਦੇ ਕੰਮਾਂਕਾਰਾਂ ਉਤੇ ਵਾਹ ਲਗਦਿਆਂ ਆਪ ਹੀ ਕਾਬਜ਼ ਰਹਿੰਦੀਆਂ ਹਨ। ਇਹੋ ਅਸਲ 'ਚ ਚਿੰਤਾ ਦਾ ਵਿਸ਼ਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਸਥਾਨਕ ਸਰਕਾਰਾਂ ਨੂੰ ਆਪਣੇ ਖੇਤਰ ਦੀਆਂ ਲੋੜਾਂ ਅਤੇ ਵਾਤਾਵਰਨ ਦੇ ਅਨੁਕੂਲ ਕਾਰਜ ਕਰਨ ਦੀ ਆਜ਼ਾਦੀ ਹੋਵੇ। ਉਹ ਸਮਾਜਿਕ ਕਲਿਆਣ ਸੇਵਾਵਾਂ ਪ੍ਰਸ਼ਾਸਕੀ ਲਚਕੀਲੇਪਨ ਨਾਲ ਮੌਜੂਦਾ ਭਿੰਨਤਾਵਾਂ ਨੂੰ ਧਿਆਨ 'ਚ ਰੱਖਕੇ ਚਲਾਉਣ। ਇਸ ਨਾਲ ਹੀ ਦੇਸ਼ ਦਾ ਬਹੁਪੱਖੀ ਵਿਕਾਸ ਹੋਏਗਾ ਅਤੇ ਦੇਸ਼ ਕਲਿਆਣਕਾਰੀ ਰਾਜ ਦੀ ਸਥਾਪਨਾ ਵੱਲ ਯੋਜਨਾਬੱਧ ਢੰਗ ਨਾਲ ਅੱਗੇ ਵੱਧ ਸਕੇਗਾ।

## ਪੰਜਾਬੀ ਫਿਲਮ ਦੀ ਪੜਚੋਲ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਅਸੀਂ ਪੰਜਾਬੀ ਜਾਂ ਤਾਂ ਕਿਸੇ ਨੂੰ ਅਰਸ਼ 'ਤੇ ਬਿਠਾਉਂਦੇ ਹਾਂ ਜਾਂ ਫਰਸ਼ 'ਤੇ। ਵਿੱਚ ਵਿਚਾਲੇ ਕੋਈ ਥਾਂ ਨਹੀਂ, ਸਾਡੇ ਕੋਲ ਸੰਘ ਪਾੜ-ਪਾੜ ਕੇ ਮਸ਼ਹੂਰੀ ਕੀਤੀ ਫਿਲਮ ਦੀ ਨਾਮ ਜੱਟ ਐਂਡ ਜੂਲੀਅਟ, ਜਿਸ ਦਾ ਗਾਣਾ ਸੀ, ਜੇ ਤੂੰ ਨੱਚੀ ਨਾ ਮੇਰੇ ਨਾਲ ਗੋਰੀਏ, ਨੀ ਲਹਿੰਗੇ ਤੇ ਸ਼ਰਾਬ ਡੋਲ੍ਹ ਦਊਂ!! ਇਹ ਕਿਹੜਾ ਪੰਜਾਬੀ ਸੱਭਿਆਚਾਰ ਅਤੇ ਕਿਹੜੀ ਮਾਂ ਬੋਲੀ ਦੀ ਸੇਵਾ ਹੈ, ਕੀ ਇਹ ਸ਼ਰਾਬ ਦੀ ਪ੍ਰਮੋਸ਼ਨ ਨਹੀਂ? ਇਸ ਤੋਂ ਵੀ ਵੱਡੀ ਚਵਲ ਮਾਰੀ ਉਹਨੇ, ਜਿਹੜਾ ਕਹਿੰਦਾ ਹੁੰਦਾ ਹੈ, ਮੈਂ ਆਊਂ ਕਰਦਾਂ ਆਊਂ ਨਹੀਂ..., ਹਰ ਫ਼ਿਲਮ ਵਿਚ ਸਿੱਖ ਕੌਮ ਦਾ ਜਲੂਸ ਕੱਢਦਾ ਹੈ। ਆਉ ਆਪਣੇ ਅੰਦਰ ਝਾਤੀ ਮਾਰੀਏ, ਇਸ ਤਰ੍ਹਾਂ ਦੇ ਹੁੰਦੇ ਨੇ ਸਿੱਖ? ਇਸ ਵਾਰ ਤਾਂ ਰਾਵਲਪਿੰਡੀ ਅਤੇ ਪਿਸ਼ਾਵਰ ਦੇ ਰਹਿਣ ਵਾਲੇ ਲੋਕਾਂ 'ਤੇ ਜੋ ਪੋਠੋਹਾਰੀ ਬੋਲੀ ਬੋਲਦੇ ਹਨ, ਬੋਲਣ ਵਾਲਿਆਂ 'ਤੇ ਸਿੱਧਾ ਅਟੈਕ ਕੀਤਾ ਹੈ। ਇਸ ਨੂੰ ਪਤਾ ਨਹੀਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜ਼ਿਆਦਾ ਬੋਲੀ ਪੋਠੋਹਾਰੀ ਹੈ ਅਤੇ ਪ੍ਰੋਫੈਸਰ ਮੋਹਣ ਸਿੰਘ ਜੀ ਦੀਆਂ ਸਾਰੀਆਂ ਕਵਿਤਾਵਾਂ ਪੋਠੋਹਾਰੀ ਟੱਚ ਵਿਚ ਹਨ, ਇਹ ਉਨ੍ਹਾਂ ਦਾ ਨਿਰਾਦਰ ਨਹੀਂ ਹੈ? ਕਹਾਣੀ ਲਿਖਣ ਵਾਲੇ ਨੇ ਇੱਕ ਯਭਲੀ ਹੋਰ ਕੁੱਟੀ, ਅਖੇ ਮੇਰਾ ਪਿਉ ਗੁਜਰ ਗਿਆ, ਤਾਂ ਸਾਨੂੰ ਉਸ ਦੇ ਸਸਕਾਰ ਵਾਸਤੇ ਲੱਕੜਾਂ ਨਹੀਂ ਮਿਲੀਆਂ, ਮੰਜੇ ਦੀਆਂ ਬਾਹੀਆਂ ਪਾੜ ਕੇ ਸਸਕਾਰ ਕੀਤਾ, ਮਾਤਾ ਦੀਆਂ ਵਾਲੀਆਂ ਵੇਚ ਕੇ ਸਸਕਾਰ ਕੀਤਾ। ਕੀ ਇਹ ਗੱਲ ਪੰਜਾਬੀਆਂ ਦਾ ਜਲੂਸ ਨਹੀਂ ਕੱਢਦੀ, ਕੋਈ ਬੰਦਾ ਕਹਿ ਸਕਦਾ ਹੈ ਕਿ ਪੰਜਾਬ ਵਿਚ ਕੋਈ ਮ੍ਰਿਤਕ ਦੇਹ ਦਾ ਇਸ ਤਰ੍ਹਾਂ ਅਪਮਾਨ ਹੋਇਆ ਹੋਵੇ, ਪੰਜਾਬ ਵਿਚ ਤਾਂ ਲਾਵਾਰਿਸ ਲਾਸ਼ਾਂ ਦਾ ਵੀ ਅਦਬ ਨਾਲ ਸਸਕਾਰ ਕੀਤਾ ਜਾਂਦਾ ਹੈ। ਕੁੱਲ ਮਿਲਾ ਕੇ ਕਾਫੀ ਕੁਝ ਅਜਿਹਾ ਸੀ, ਜੋ ਪੰਜਾਬ ਦੇ ਹਾਣ ਮੇਲ ਦਾ ਨਹੀਂ ਸੀ, ਲਿਹਾਜ਼ਾ ਜ਼ਰੂਰੀ ਨਹੀਂ ਕਿ ਫਿਲਮ 'ਤੇ ਫਿਲਮ ਬਣਾ-ਬਣਾ ਰੱਖੀ ਜਾਈਏ, ਸਗੋਂ ਫਿਲਮਾਂ ਪਾਏਦਾਰ ਹੋਣ, ਵਧੀਆ ਹੋਣ, ਬੇਸ਼ਕ ਗਿਣਤੀ ਵਿਚ ਘੱਟ ਹੀ ਹੋਣ।

# ਕਾਮੇਡੀ ਕਿੰਗ ਜਸਵਿੰਦਰ ਭੱਲਾ



ਰਜਵਿੰਦਰ ਪਾਲ ਸ਼ਰਮਾ
70873-67969
ਪੰਜਾਬ ਮੇਲ USA



ਆਪਣੀ ਅਦਾਕਾਰੀ ਅਤੇ ਕਾਮੇਡੀ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੇ ਜਸਵਿੰਦਰ ਭੱਲਾ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ, ਦੇਸ਼ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਵੋ, ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਲੱਭੇ, ਜੋ ਜਸਵਿੰਦਰ ਭੱਲਾ ਨੂੰ ਨਾ ਜਾਣਦਾ ਹੋਵੇ।

ਪੰਜਾਬੀ ਫ਼ਿਲਮ ਜਗਤ ਨੂੰ ਕਾਮੇਡੀ ਦੇ ਖ਼ੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਜਸਵਿੰਦਰ ਭੱਲਾ ਦਾ ਜਨਮ 4 ਮਈ, 1960 ਨੂੰ ਪਿਤਾ ਮਾਸਟਰ ਬਹਾਦੁਰ ਸਿੰਘ ਭੱਲਾ ਅਤੇ ਮਾਤਾ ਸਤਵੰਤ ਕੌਰ ਦੇ ਘਰ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਨੇ ਮੁੱਢਲੀ ਸਿੱਖਿਆ ਪਿੰਡ ਤੋਂ ਹੀ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਲਈ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਪਹੁੰਚੇ, ਜਿਥੇ ਉਨ੍ਹਾਂ ਨੇ ਬੀ.ਐੱਸ.ਸੀ., ਐੱਮ.ਐੱਸ.ਸੀ. ਅਤੇ ਫ਼ਿਰ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਖੇਤੀਬਾੜੀ ਵਿਭਾਗ ਵਿਚ ਬਤੌਰ ਕੁੱਝ ਸਮਾਂ ਏ.ਡੀ.ਓ. ਕੰਮ ਕੀਤਾ ਅਤੇ ਫ਼ਿਰ 1989 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਆ ਕੇ ਖੇਤੀਬਾੜੀ ਪ੍ਰਸਾਰ ਵਿਭਾਗ ਵਿਚ ਲੈਕਚਰਾਰ ਦੀ ਪਦਵੀ 'ਤੇ ਭਰਤੀ ਹੋ ਕੇ 2020 ਵਿਚ ਵਿਭਾਗ ਦੇ ਮੁਖੀ ਬਣ ਕੇ ਸੇਵਾਮੁਕਤ ਹੋਏ।

ਉਨ੍ਹਾਂ ਦਾ ਵਿਆਹ ਫਾਈਨ ਆਰਟਸ ਦੇ ਅਧਿਆਪਕ ਪਰਮਦੀਪ ਭੱਲਾ ਨਾਲ ਹੋਇਆ। ਉਨ੍ਹਾਂ ਦੇ ਇੱਕ ਪੁੱਤਰ ਪੁਖਰਾਜ ਭੱਲਾ ਅਤੇ ਧੀ ਅਰਸ਼ਪ੍ਰੀਤ ਭੱਲਾ ਹਨ। ਪੁਖਰਾਜ ਭੱਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੜ੍ਹਾਈ ਕਰਕੇ ਸਿਨੇਮਾ ਜਗਤ ਨਾਲ ਜੁੜ ਚੁੱਕੇ ਹਨ, ਜਿਨ੍ਹਾਂ ਨੂੰ ਜਿਨ੍ਹੇ ਜੰਮੇ ਸਾਰੇ ਨਿਕੰਮੇ, ਹੈਟਰਜ, ਮਾਹੀ ਮੇਰਾ ਨਿੱਕਾ ਜਿਹਾ ਫ਼ਿਲਮ ਅਤੇ ਵੈੱਬ ਸੀਰੀਜ਼ ਯਾਰ ਜਿਗਰੀ ਕਸੂਤੀ ਡਿਗਰੀ ਵਿਚ ਦੇਖਿਆ ਜਾ ਸਕਦਾ ਹੈ। ਜਦਕਿ ਉਨ੍ਹਾਂ ਦੀ ਧੀ ਵਿਆਹ ਤੋਂ ਬਾਅਦ ਨਾਰਵੇ ਵਿਚ ਹੈ।

ਥਿਏਟਰ ਵੱਲ ਰੁਝਾਨ ਉਨ੍ਹਾਂ ਦਾ ਮੁੱਢ ਤੋਂ ਹੀ ਸੀ। ਕਾਲਜ ਦੇ ਪ੍ਰੋਗਰਾਮ ਵਿਚ ਉਹ ਆਪਣੇ ਸਹਿਪਾਠੀ ਬਾਲ ਮੁਕੰਦ ਸ਼ਰਮਾ ਨਾਲ ਪ੍ਰੋਗਰਾਮ ਕਰਦੇ। ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਛਣਕਾਟੇ ਵਿਚ ਕੀਤੇ ਰੋਲ ਚਾਚਾ ਚਤਰਾ ਕਰਕੇ ਮਿਲੀ, ਜਿਸ ਵਿਚ ਬਾਲ ਮੁਕੰਦ ਸ਼ਰਮਾ ਅਤੇ ਨੀਲੂ ਵੀ ਉਨ੍ਹਾਂ ਦੇ ਨਾਲ ਸਨ। ਛਣਕਾਟੇ ਵਿਚ ਉਨ੍ਹਾਂ ਦੀ ਅਦਾਕਾਰੀ ਇੰਨੀਂ ਪ੍ਰਸਿੱਧ ਹੋਈ ਕਿ ਛਣਕਾਟੇ ਦੀਆਂ 1988 ਤੋਂ ਲੈ ਕੇ 2009 ਤੱਕ 27 ਐਲਬਮਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

ਛਣਕਾਟੇ ਦੇ ਨਾਲ-ਨਾਲ ਜਸਵਿੰਦਰ ਭੱਲੇ ਦਾ ਰੁਝਾਨ ਫਿਲਮਾਂ ਵੱਲ ਵੀ ਵਧਿਆ। ਉਨ੍ਹਾਂ ਦੀ ਸਭ ਤੋਂ ਪਹਿਲੀ ਫ਼ਿਲਮ 1998 ਵਿਚ ਆਈ ਫ਼ਿਲਮ ਦੁੱਲਾ ਭੱਟੀ ਸੀ। ਇਸ ਤੋਂ ਉਨ੍ਹਾਂ ਨੇ ਇੱਕ ਤੋਂ ਬਾਅਦ ਹਿੱਟ ਫ਼ਿਲਮ ਦਰਸ਼ਕਾਂ ਦੀ ਝੋਲੀ ਵਿਚ ਪਾਈਆਂ, ਜਿਨ੍ਹਾਂ ਵਿਚ ਮਾਹੌਲ ਠੀਕ ਹੈ, ਜੀਜਾ ਜੀ, ਚੱਕ ਦੇ ਫੱਟੇ, ਸਟੂਪਿਡ ਸੈਵਨ, ਜਿਨ੍ਹੇ ਜੰਮੇ ਸਾਰੇ ਨਿਕੰਮੇ, ਜੱਟ ਐਂਡ ਜੂਲੀਅਟ, ਕੈਰੀ ਆਨ ਜੱਟਾ, ਸਰਦਾਰ ਜੀ, ਮਿਸਟਰ ਐਂਡ ਮਿਸਿਜ਼ ਚਾਰ ਸੌ ਵੀਹ, ਵਿਸਾਖੀ ਲਿਸਟ, ਸ਼ਿੰਦਾ ਸ਼ਿੰਦਾ ਨੋ ਪਾਪਾ ਅਤੇ ਬੀਤੀ ਇਕੱਤੀ ਮਈ ਨੂੰ ਰਿਲੀਜ਼ ਹੋਈ ਫ਼ਿਲਮ ਡੈਡੀ ਸਮਝਿਆ ਕਰੋ ਉਨ੍ਹਾਂ ਦੀਆਂ ਪ੍ਰਸਿੱਧ ਫ਼ਿਲਮਾਂ ਵਿਚੋਂ ਇੱਕ ਹਨ, ਜੋ ਉਨ੍ਹਾਂ ਦੀ ਅਦਾਕਾਰੀ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ। ਪੰਜਾਬੀ ਸਿਨੇਮਾ ਹੀ ਉਨ੍ਹਾਂ ਵਿਚ ਵੱਸਦਾ ਹੈ। ਦਰਸ਼ਕ ਉਨ੍ਹਾਂ ਦੀਆਂ ਫਿਲਮਾਂ ਨੂੰ ਬੇਸਬਰੀ ਨਾਲ ਉਡੀਕਦੇ ਰਹਿੰਦੇ ਹਨ।

ਉਨ੍ਹਾਂ ਨੂੰ ਪੰਜਾਬੀ ਸਿਨੇਮਾ ਵਿਚ ਪਾਏ ਯੋਗਦਾਨ ਲਈ ਕਈ ਵੱਕਾਰੀ ਇਨਾਮਾਂ ਅਤੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ, ਜਿਨ੍ਹਾਂ ਵਿਚ ਰਾਜ ਯੂਥ ਅਵਾਰਡ 1988, ਮੁਹੰਮਦ ਰਫ਼ੀ ਅਵਾਰਡ 1990, ਬੈਸਟ ਕਾਮੇਡੀਅਨ ਅਵਾਰਡ 1991, ਪੰਜਾਬੀ ਕਾਮੇਡੀ ਅਵਾਰਡ 1993 ਅਤੇ ਫ਼ਿਲਮ ਜੱਟ ਐਂਡ ਜੂਲੀਅਟ ਲਈ ਮਿਲਿਆ ਸਹਾਇਕ ਕਲਾਕਾਰ ਦਾ ਐਵਾਰਡ ਪ੍ਰਾਪਤ ਸਨਮਾਨਾਂ ਵਿਚ ਸ਼ਾਮਿਲ ਹਨ।

ਜ਼ਿੰਦਗੀ ਦੇ ਚੌਹਟਵੇਂ ਸਾਲ ਵਿਚ ਪਹੁੰਚ ਕੇ ਵੀ ਉਹ ਆਪਣੀ ਕਲਾ ਅਤੇ ਕਾਮੇਡੀ ਕਰਕੇ ਜਵਾਨ ਦਿਖਾਈ ਦਿੰਦੇ ਹਨ। ਉਨ੍ਹਾਂ ਦੀਆਂ ਗੱਲਾਂ ਵਿਚ ਹਮੇਸ਼ਾ ਹਾਸਾ-ਠੱਠਾ ਰਹਿੰਦਾ ਹੈ। ਫ਼ਿਲਮਾਂ ਵਿਚ ਉਨ੍ਹਾਂ ਦੁਆਰਾ ਬੋਲੇ ਜਾਂਦੇ ਤਕੀਆ ਕਲਾਮ ਦਰਸ਼ਕਾਂ ਨੂੰ ਖਿੱਚਦੇ ਰਹਿੰਦੇ ਹਨ, ਜਿਨ੍ਹਾਂ ਵਿਚ ਕੈਰੀ ਆਨ ਜੱਟਾ ਵਿਚ ਢਿੱਲੋਂ ਨੇ ਕਾਲਾ ਕੋਟ ਐਂਵੇ ਨੀ ਪਾਇਆ, ਗੰਦੀ ਔਲਾਦ ਨਾ ਮਜ਼ਾ ਨਾ ਸਵਾਦ ਅਤੇ ਫ਼ਿਲਮਾਂ ਵਿਚ ਉਨ੍ਹਾਂ ਦੁਆਰਾ ਕੀਤੇ ਜਾਂਦੇ ਵੱਖ-ਵੱਖ ਰੋਲ ਦਰਸ਼ਕਾਂ ਨੂੰ ਹੱਸਣ ਲਈ ਮਜਬੂਰ ਕਰ ਦਿੰਦੇ ਹਨ।

ਉਹ ਕੇਵਲ ਕਾਮੇਡੀ ਨਹੀਂ ਕਰਦੇ, ਉਨ੍ਹਾਂ ਦੀਆਂ ਫਿਲਮਾਂ ਸਮਾਜ ਦੀ ਦਸ਼ਾ ਨੂੰ ਉਜਾਗਰ ਕਰਦੀਆਂ ਹਨ। ਸਮਾਜ ਵਿਚ ਫੈਲੀਆਂ ਕੁਰੀਤੀਆਂ 'ਤੇ ਉਹ ਹਮੇਸ਼ਾ ਚੋਟ ਕਰਕੇ ਸਮਾਜ ਨੂੰ ਜਾਗਰੂਕ ਕਰਦੇ ਹਨ। ਉਨ੍ਹਾਂ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦੀ ਆਪਣੇ ਪੁੱਤਰ ਪੁਖਰਾਜ ਭੱਲਾ ਨਾਲ 21 ਜੂਨ ਨੂੰ ਆਉਣ ਵਾਲੀ ਫਿਲਮ ਤੇਰੀਆਂ ਮੇਰੀਆਂ ਹੇਰਾ ਫੇਰੀਆਂ ਲਈ ਵਧਾਈ ਦਿੰਦੇ ਹੋਏ ਭਵਿੱਖ ਵਿਚ ਉਨ੍ਹਾਂ ਤੋਂ ਹੋਰ ਵੀ ਬਿਹਤਰੀਨ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ਦੀ ਉਡੀਕ ਕਰਾਂਗੇ।

# ਇਹ ਜਵਾਨੀ ਕਿੱਧਰ ਨੂੰ ਜਾ ਰਹੀ ਹੈ ?

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



ਕਹਿੰਦੇ ਨੇ ਜਵਾਨੀ ਮਸਤਾਨੀ ਹੁੰਦੀ ਹੈ। ਇਸ ਲਈ ਇਸ ਸਮੇਂ ਨੂੰ ਸੰਭਾਲਣ ਦੀ ਵਿਸ਼ੇਸ਼ ਤੌਰ 'ਤੇ ਜ਼ਰੂਰਤ ਹੁੰਦੀ ਹੈ। ਜੇਕਰ ਮੌਕਾ ਨਾ ਸੰਭਾਲਿਆ ਜਾਵੇ, ਫਿਰ ਪਛਤਾਵੇ ਤੋਂ ਇਲਾਵਾ ਹੱਥ ਪੱਲੇ ਕੁਝ ਨਹੀਂ ਪੈਂਦਾ। ਪਰ ਜ਼ਿੰਦਗੀ ਦੇ ਇਸ ਸੁਨਹਿਰੀ ਸਮੇਂ ਨੂੰ ਸੰਭਾਲਣ ਵਾਲੇ ਲੋਕ ਉਚੇਚ ਕਰਕੇ ਉੱਚੀਆਂ ਮਜ਼ਿਲਾਂ ਵੀ ਪ੍ਰਾਪਤ ਕਰ ਲੈਂਦੇ ਹਨ। ਇਹੀ ਸਮਾਂ ਹੁੰਦਾ ਹੈ, ਜਦੋਂ ਤੁਸੀਂ ਆਪਣੇ ਜਵਾਨੀ ਦੇ ਜੋਸ਼ ਨੂੰ ਹੋਸ਼ ਨਾਲ ਜੋੜ ਕੇ ਤਰੱਕੀ ਦੀਆਂ ਮਜ਼ਿਲਾਂ ਸਰ ਕਰਨੀਆਂ ਹੁੰਦੀਆਂ ਹਨ। ਜੋਸ਼ ਤੇ ਹੋਸ਼ ਦਾ ਸੰਗਮ ਸੁਨਹਿਰੇ ਪਲਾਂ ਨੂੰ ਪੈਦਾ ਕਰਦਾ ਹੈ। ਇਸ ਸੁਨਹਿਰੀ ਸਮੇਂ ਦੀ ਸਾਂਭ-ਸੰਭਾਲ ਅਤੇ ਦੇਖਭਾਲ ਕਰਨ ਲਈ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦੀ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ। ਜੇਕਰ ਮਨ ਦੀਆਂ ਵਾਗਾਂ ਖੁੱਲ੍ਹੀਆਂ ਰਹਿਣ, ਤਾਂ ਇਹ ਅੱਥਰਾ ਹੋਇਆ ਗਲਤ ਰਾਹਵਾਂ 'ਤੇ ਵੀ ਤੁਰ ਪੈਂਦਾ ਹੈ, ਜਿਸ ਨਾਲ ਸਮੁੱਚਾ ਸਮਾਜ, ਦੇਸ਼ ਅਤੇ ਕੌਮ ਪ੍ਰਭਾਵਿਤ ਹੁੰਦੇ ਹਨ।

ਜੇਕਰ ਅਸੀਂ ਬਚਪਨ ਨੂੰ ਸੰਭਾਲ ਲਈਏ, ਤਾਂ ਜਵਾਨੀ ਆਪਣੇ ਆਪ ਹੀ ਸੁਚੱਜੀ ਬਣ ਜਾਂਦੀ ਹੈ। ਕੁੱਝ ਮਾਵਾਂ ਦੇ ਲਾਡ ਨੇ ਬੱਚਿਆਂ ਨੂੰ ਕੁਰਾਹੇ ਪਾ ਦਿੱਤਾ ਹੈ। ਜਦੋਂ ਬੱਚੇ ਦੀ ਹਰ ਮੰਗ ਪੂਰੀ ਕੀਤੀ ਜਾਣ ਲੱਗ ਪਵੇ, ਤਾਂ ਉਹ ਪੂਰਾ ਸੰਸਾਰ ਹੀ ਆਪਣਾ ਬਣਾਉਣ ਲਈ ਤੁਰ ਪੈਂਦਾ ਹੈ। ਜੋ ਕਾਰਜ ਸਿਕੰਦਰ ਪੂਰਾ ਨਹੀਂ ਕਰ ਸਕਿਆ, ਉਹ ਕਰਨਾ ਲੋਚਦਾ ਹੈ। ਜਦੋਂ ਉਸ ਦੀ ਹਰ ਮੰਗ ਅੱਗੇ ਮਾਪੇ ਝੁੱਕ ਜਾਂਦੇ ਹਨ, ਤਾਂ ਉਸਦੀਆਂ ਮੰਗਾਂ ਇੰਨੀਆਂ ਵੱਧ ਜਾਂਦੀਆਂ ਹਨ ਤੇ ਮਾਪੇ ਬੇਵਸ ਹੋ ਜਾਂਦੇ ਹਨ। ਬੇਬਸ ਹੋਏ ਮਾਪਿਆਂ ਦਾ ਉਹ ਬੱਚੇ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਬਸ ਉਹੀ ਬੱਚੇ ਜਦੋਂ ਅੱਲ੍ਹੜ ਉਮਰ ਵਿਚ ਆਉਂਦੇ ਹਨ, ਤਾਂ ਆਪਣਾ ਸਭ ਕੁਝ ਗੁਆ ਬੈਠਦੇ ਹਨ। ਅੱਲ੍ਹੜ ਉਮਰ ਵਿਚ ਹੀ ਕਿਸ਼ੋਰ ਅਤੇ ਕਿਸ਼ੋਰੀਆਂ ਨੂੰ ਵਧੀਆ ਅਗਵਾਈ ਦੀ ਲੋੜ ਹੁੰਦੀ ਹੈ। ਇਹ ਅਗਵਾਈ ਮਾਪਿਆਂ ਤੇ ਅਧਿਆਪਕਾਂ ਨੇ ਦੇਣੀ ਹੁੰਦੀ ਹੈ। ਅੱਜਕੱਲ੍ਹ ਪੜ੍ਹੀ-ਲਿਖੀ ਸੁਸਾਇਟੀ ਵਿਚ ਇੱਕ ਬੱਚੇ ਦਾ ਰਿਵਾਜ਼ ਪ੍ਰਚੱਲਤ ਹੋ ਗਿਆ ਹੈ, ਜਿਸ ਕਰਕੇ ਉਹ ਬੱਚਾ ਆਪਣੇ ਮਾਪਿਆਂ ਦਾ ਪੁਰੋਹਿਤ ਬਣਿਆ ਬੈਠਾ ਹੈ।

ਬੱਚਾ ਭਾਵੇਂ ਇੱਕ ਹੋਵੇ ਜਾਂ ਦੋ ਹੋਣ ਉਹ ਸਮਾਜ ਦੇ ਅਹਿਮ ਅੰਗ ਹਨ। ਇਸ ਲਈ ਉਨ੍ਹਾਂ ਦਾ ਸਹੀ ਢੰਗ ਨਾਲ ਪਾਲਣ-ਪੋਸ਼ਣ ਹੋਣਾ ਅਤੀ ਜ਼ਰੂਰੀ ਹੈ। ਜਿਹੜੀਆਂ ਮਾਵਾਂ ਆਪਣੇ ਬੱਚਿਆਂ ਨੂੰ ਸਮੇਂ ਅਨੁਸਾਰ ਚੂਰੀ ਅਤੇ ਲੋੜ ਪੈਣ 'ਤੇ ਘੂਰੀ ਦਿੰਦੀਆਂ ਹਨ, ਉਹ ਬੱਚੇ ਆਦਰਸ਼ ਨਾਗਰਿਕ ਬਣਦੇ ਹਨ। ਆਦਰਸ਼ ਨਾਗਰਿਕਾਂ ਦੀ ਸਿਰਜਣਾ ਹੀ ਚੰਗੇ ਦੇਸ਼ ਦਾ ਨਿਰਮਾਣ ਕਰਦੀ ਹੈ। ਦੇਸ਼ ਕੌਮ ਦੇ ਨਿਰਮਾਣ ਵਿਚ ਨੌਜਵਾਨ ਪੀੜ੍ਹੀ ਦਾ ਅਹਿਮ ਯੋਗਦਾਨ ਹੁੰਦਾ ਹੈ। ਇਹ ਯੋਗਦਾਨ ਉਹੀ ਨੌਜਵਾਨ ਪਾ ਸਕਦੇ ਹਨ, ਜਿਨ੍ਹਾਂ ਨੇ ਆਪਣੇ ਦਿਲ ਦਿਮਾਗ ਨੂੰ ਕਾਬੂ ਵਿਚ ਰੱਖਿਆ ਹੁੰਦਾ ਹੈ। ਜਵਾਨੀ ਦੀਆਂ ਅਸੀਮ ਸੰਭਾਵਨਾਵਾਂ ਨੂੰ ਰਚਨਾਤਮਿਕ ਕਾਰਜਾਂ ਵਿਚ ਲਗਾਉਣ ਵਾਲੇ ਗੱਭਰੂ ਤੇ ਮੁਟਿਆਰਾਂ ਦੇਸ਼ ਕੌਮ ਦਾ ਸਰਮਾਇਆ ਬਣ ਜਾਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੀ 45% ਆਬਾਦੀ ਨੌਜਵਾਨਾਂ ਦੀ ਹੈ ਕਿਉਂਕਿ ਅੱਜਕੱਲ੍ਹ ਭਾਰਤ ਦੀ ਆਬਾਦੀ 142 ਕਰੋੜ ਦੀ ਸੰਖਿਆ ਨੂੰ ਟੱਪ ਚੁੱਕੀ ਹੈ, ਇਸ ਲਈ ਅੱਜ ਸਾਨੂੰ ਸਾਰਿਆਂ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਸਾਡੀ ਜਵਾਨੀ ਕਿੱਧਰ ਨੂੰ ਜਾ ਰਹੀ ਹੈ ? ਕਿਸੇ ਸ਼ਾਇਰ ਨੇ ਬਹੁਤ ਖ਼ੂਬ ਲਿਖਿਆ ਹੈ:

ਉਮਰ ਜਵਾਨੀ ਤਿਲਕਣ ਹੁੰਦੀ, ਹਰ ਇੱਕ ਨੂੰ ਤਿਲਕਾਵੇ
ਇਸ ਉਮਰ ਦਾ ਤਿਲਕਿਆ ਬੰਦਾ, ਪੈਰੀ ਕਦੀ ਨਾ ਆਵੇ।

ਇਹ ਇੱਕ ਤਲਖ ਹਕੀਕਤ ਹੈ ਕਿ ਜੋ ਜਵਾਨੀ ਵਿਚ ਵਿਗੜ ਜਾਂਦੇ ਹਨ, ਉਹ ਸਾਰੀ ਉਮਰ ਸੁਧਰਦੇ ਨਹੀਂ। ਉਨ੍ਹਾਂ ਦੇ ਦਿਲ ਦਿਮਾਗ ਵਿਚ ਵਸੀਆਂ ਕੂਟਨੀਤੀਆਂ ਅਤੇ ਕੂੜ-ਕਬਾੜ ਕਦੀ ਸਿੱਧੇ ਰਾਹੇ ਪੈਣ ਹੀ ਨਹੀਂ ਦਿੰਦਾ। ਅਜੋਕੀ ਨੌਜਵਾਨ ਪੀੜ੍ਹੀ ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲ-ਭੁਲਾ ਚੁੱਕੀ ਹੈ। ਨਿਮਰਤਾ, ਸਹਿਣਸ਼ੀਲਤਾ, ਆਦਰ ਮਾਣ, ਆਗਿਆਕਾਰੀ, ਸੰਜਮ, ਸਲੀਕਾ ਅਦਿ ਗੁਣਾਂ ਦੇ ਧਾਰਨੀ ਬਣਨ ਦੀ ਬਜਾਏ ਗੈਂਗਸਟਰਾਂ ਦੀਆਂ ਰੀਸਾਂ ਕਰ ਰਹੇ ਹਨ। ਲਾਲਚ ਵੱਸ ਹੋ ਕੇ ਸਭ ਰਿਸ਼ਤੇ ਨਾਤਿਆਂ ਦਾ ਘਾਣ ਕੀਤਾ ਜਾ ਰਹੇ ਹਨ। ਵਿਅਕਤੀਵਾਦ ਨੇ ਸਾਰੀ ਖੇਡ ਹੀ ਖਰਾਬ ਕੀਤੀ ਹੋਈ ਹੈ। ਆਪਸੀ ਸਾਂਝ ਅਤੇ ਸਹਿਯੋਗ ਦੀ ਗੱਲਾਂ ਤਾਂ ਦੂਰ ਦੀਆਂ ਕਹਾਣੀਆਂ ਬਣ ਚੁੱਕੀਆਂ ਹਨ। ਬਾਜ਼ਾਰਾਂ ਵਿਚ ਅਵਾਰਾਗਰਦੀ ਕਰਦੇ, ਧੀਆਂ ਭੈਣਾਂ ਨੂੰ ਛੇੜਦੇ ਹੋਏ ਕਦੀ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਇਥੋਂ ਤੱਕ ਕੇ ਕਈ ਵਾਰ ਤਾਂ ਭਰੇ ਬਾਜ਼ਾਰਾਂ ਵਿਚ ਕੁਕਰਮ ਕਰਦੇ ਫਿਰਦੇ ਹਨ।

ਜਵਾਨੀ ਨੂੰ ਸੁਚੱਜੀਆਂ ਲੀਹਾਂ ਪ੍ਰਦਾਨ ਕਰਨ ਲਈ ਸਭ ਤੋਂ ਮੁੱਖ ਜ਼ਿੰਮੇਵਾਰੀ ਮਾਤਾ ਅਤੇ ਉਸ ਤੋਂ ਬਾਅਦ ਪਰਿਵਾਰ ਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮੇਂ ਦਾ ਹਾਣੀ ਬਣਾਉਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਉਸਦੀ ਕਾਂਟ ਛਾਂਟ ਵੱਲ ਵੀ ਉਚੇਚਾ ਧਿਆਨ ਦੇਣਾ ਪਵੇਗਾ। ਜਦੋਂ ਬੱਚਾ ਘਰ ਵਿਚੋਂ ਤੁਰਦਾ ਹੈ, ਤਾਂ ਮਾਪਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿੱਧਰ ਨੂੰ ਜਾ ਰਿਹਾ ਹੈ ਤੇ ਕਿਸ ਉਦੇਸ਼ ਵਾਸਤੇ ਜਾ ਰਿਹਾ ਹੈ। ਜਦੋਂ ਆਲੇ-ਦੁਆਲੇ ਝਾਤੀ ਮਾਰਦੇ ਹਾਂ, ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਜਵਾਨੀ ਆਪਣੀ ਮਰਜ਼ੀ ਦਾ ਆਲਮ ਸਿਰਜ ਕੇ ਬੈਠੀ ਹੈ, ਜਿਸ ਨਾਲ ਪੂਰਾ ਆਲਾ-ਦੁਆਲਾ ਹੀ ਗੰਧਲਾ ਹੋ ਰਿਹਾ ਹੈ।

ਸੜਕ 'ਤੇ ਜਾਂਦੇ ਵਿਗੜੇ ਹੋਏ ਨੌਜਵਾਨ ਜਦੋਂ ਸੜਕ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਤਾਂ ਬਜ਼ੁਰਗ ਮੱਥੇ 'ਤੇ ਹੱਥ ਮਾਰਦੇ ਦੇਖਦੇ ਰਹਿ ਜਾਂਦੇ ਹਨ। ਮੋਟਰ ਸਾਈਕਲਾਂ ਅਤੇ ਗੱਡੀਆਂ ਦੇ ਸਲੰਸਰਾਂ ਵਿਚੋਂ ਕੁੱਤੇ ਭੌਂਕਦੇ ਹਨ ਤੇ ਟਰੈਕਟਰਾਂ ਤੇ ਉੱਚੀਆਂ ਆਵਾਜ਼ਾਂ ਵਿਚ ਵੱਜਦੇ ਸਪੀਕਰ ਕੰਨ ਪਾੜ ਰਹੇ ਹਨ। ਇੱਥੇ ਹੀ ਬੱਸ ਨਹੀਂ, ਇਹ ਨੌਜਵਾਨ ਚੌਕਾਂ ਵਿਚ ਅਤੇ ਸੜਕਾਂ 'ਤੇ ਆਮ ਲੋਕਾਂ ਕੋਲ ਜਾ ਕੇ ਜਦੋਂ ਉੱਚੀ ਆਵਾਜ਼ ਵਿਚ ਕੁੱਤੇ ਭੌਂਕਣ ਦੀ ਆਵਾਜ਼ ਛੱਡਦੇ ਹਨ, ਤਾਂ ਘਬਰਾਹਟ ਨਾਲ ਕਈਆਂ ਨੂੰ ਹਾਰਟ ਅਟੈਕ ਤੱਕ ਹੋ ਜਾਂਦੇ ਹਨ। ਜਿਹੜੇ ਨੌਜਵਾਨ ਕੁਰਾਹੇ ਪਏ ਹੋਏ ਹਨ, ਉਨ੍ਹਾਂ ਨੇ ਆਪਣੇ ਗਰੁੱਪ ਬਣਾ ਕੇ ਇੱਕ ਦੂਜੇ ਗਰੁੱਪਾਂ ਨਾਲ ਲੜਾਈਆਂ, ਝਗੜੇ ਵੀ ਸ਼ੁਰੂ ਕਰ ਦਿੱਤੇ ਹਨ। ਵੱਡੇ ਲੋਕਾਂ ਦੀ ਲੁੱਟਮਾਰ ਅਤੇ ਡਕੈਤੀਆਂ ਵੀ ਕਰਨ ਵੱਲ ਰੁਚਿਤ ਹੋ ਰਹੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਜਵਾਨੀ ਕੁਰਾਹੇ ਕਿਉਂ ਪਈ? ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਸਾਰਿਆਂ ਨੂੰ ਚਿੰਤਾ ਅਤੇ ਚਿੰਤਨ ਕਰਨ ਦੀ ਜ਼ਰੂਰਤ ਹੈ।



ਸਭ ਤੋਂ ਪਹਿਲਾ ਮੁੱਦਾ ਸਾਡੀ ਸਿੱਖਿਆ ਦਾ ਹੈ। ਜੇਕਰ ਸਾਡੀ ਸਿੱਖਿਆ ਪ੍ਰਣਾਲੀ ਸਾਨੂੰ ਇਨਸਾਨੀਅਤ ਦਾ ਪਾਠ ਹੀ ਨਹੀਂ ਪੜ੍ਹਾਉਂਦੀ, ਤਾਂ ਅਸੀਂ ਆਪਣੀ ਜਵਾਨੀ ਨੂੰ ਸਹੀ ਦਿਸ਼ਾ ਕਿਵੇਂ ਪ੍ਰਦਾਨ ਕਰ ਸਕਦੇ ਹਾਂ। ਜਦੋਂ ਵੀ ਕੋਈ ਬੱਚਾ ਗਲਤੀ ਕਰਦਾ ਹੈ, ਤਾਂ ਦੇਖਣ ਸੁਣਨ ਵਾਲਾ ਇਹੀ ਆਖਦਾ ਹੈ ਕਿ ਤੇਰੇ ਮਾਸਟਰ ਤੈਨੂੰ ਇਹ ਸਿਖਾਉਂਦੇ ਹਨ। ਇਥੋਂ ਇਹ ਸਿੱਧ ਹੁੰਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਦੇ ਵਿਚ ਬਹੁਤ ਸਾਰੀਆਂ ਘਾਟਾਂ ਹਨ, ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਨਹੀਂ ਦਿਖਾ ਰਹੀਆਂ। ਸਭ ਤੋਂ ਪਹਿਲੀ ਵੱਡੀ ਉਮੀਦ ਸਿੱਖਿਆ ਤੰਤਰ ਤੋਂ ਰੱਖੀ ਜਾ ਸਕਦੀ ਹੈ। ਇਸ ਨਾਲ ਅਸੀਂ ਮਾਪਿਆਂ ਨੂੰ ਵੀ ਬਰੀ ਨਹੀਂ ਕਰ ਸਕਦੇ ਕਿਉਂਕਿ ਸਭ ਤੋਂ ਵੱਡੀ ਗੁਰੂ ਮਾਂ ਹੁੰਦੀ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਪਾਠ ਸਾਨੂੰ ਸਾਡੀ ਮਾਂ ਨੇ ਹੀ ਸਿਖਾਉਣਾ ਹੁੰਦਾ ਹੈ। ਇਥੋਂ ਤੱਕ ਕਿ ਚੰਗੀ ਬੋਲ ਬਾਣੀ ਤੁਰਨਾ-ਫਿਰਨਾ ਬਹਿਣਾ ਉੱਠਣਾ ਤੇ ਹੋਰ ਸਾਰੇ ਗੁਣ ਮਾਂ ਹੀ ਦੱਸਦੀ ਹੈ। ਇਹ ਗੁਣ ਬਾਅਦ ਵਿਚ ਸਕੂਲਾਂ ਕਾਲਜਾਂ ਵਿਚ ਪ੍ਰਫੁਲਿਤ ਹੁੰਦੇ ਹਨ। ਸਭ ਤੋਂ ਵੱਡੀ ਜ਼ਿੰਮੇਵਾਰੀ ਨੌਜਵਾਨ ਦੀ ਆਪਣੀ ਵੀ ਹੁੰਦੀ ਹੈ। ਜਿਹੜੇ ਨੌਜਵਾਨ ਉੱਚੇ ਤੇ ਸੁੱਚੇ ਵਿਚਾਰਾਂ ਵਾਲੇ ਹੁੰਦੇ ਹਨ, ਉਹ ਕਦੀ ਕੁਰਾਹੇ ਨਹੀਂ ਤੁਰਦੇ ਅਤੇ ਮਾੜੀ ਸੰਗਤ ਵਿਚ ਨਹੀਂ ਪੈਂਦੇ। ਇਹ ਤਾਂ ਅਸੀਂ ਸਭ ਜਾਣਦੇ ਹਾਂ ਕਿ ਜੈਸੀ ਸੰਗਤ ਵੈਸੀ ਰੰਗਤ ਹੁੰਦੀ ਹੈ। ਇਸ ਲਈ ਨੌਜਵਾਨਾਂ ਨੂੰ ਚੰਗੀ ਸੰਗਤ ਦੇਣ ਦੀ ਵੀ ਜ਼ਰੂਰਤ ਹੈ। ਇਹ ਚੋਣ ਨੌਜਵਾਨ ਪੀੜ੍ਹੀ ਨੇ ਖੁਦ ਕਰਨੀ ਹੈ ਕਿ ਉਨ੍ਹਾਂ ਨੇ ਕਿਹੋ ਜਿਹੀ ਸੰਗਤ ਵਿਚ ਬਹਿਣਾ ਉੱਠਣਾ ਹੈ।

ਦੇਸ਼ ਵਿਚ ਫੈਲੇ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਅਨਿਆਂ ਦੇ ਮਾਹੌਲ ਨੇ ਨੌਜਵਾਨਾਂ ਨੂੰ ਕੁਰਾਹੇ ਪੈਣ ਲਈ ਮਜਬੂਰ ਕਰ ਦਿੱਤਾ ਹੈ। ਕਹਿੰਦੇ ਨੇ ਜਥਾ ਰਾਜਾ ਤਥਾ ਪਰਜਾ। ਸਾਡੇ ਆਗੂ ਆਦਰਸ਼ ਆਗੂ ਬਣ ਨਹੀਂ ਸਕੇ। ਅੱਜ ਨੌਜਵਾਨਾਂ ਅੱਗੇ ਇਹ ਸਮੱਸਿਆ ਹੈ ਕਿ ਉਹ ਕਿਸ ਆਗੂ ਨੂੰ ਮਾਡਲ ਮੰਨ ਕੇ ਆਪਣੇ ਜੀਵਨ ਆਦਰਸ਼ ਮਿਥਣ। ਲੋੜ ਹੈ ਹਰ ਇੱਕ ਆਗੂ ਨੂੰ ਆਪਣੇ ਗਿਰੇਬਾਨ ਅੰਦਰ ਝਾਕਣ ਦੀ। ਡਾਕਟਰ ਅਬਦੁਲ ਕਲਾਮ ਅਤੇ ਡਾਕਟਰ ਮਨਮੋਹਣ ਸਿੰਘ ਵਰਗੇ ਆਗੂ ਬਣਨ ਦੀ ਹਰ ਲੀਡਰ ਨੂੰ ਜ਼ਰੂਰਤ ਹੈ, ਜਿਨ੍ਹਾਂ ਨੇ ਦੇਸ਼ ਨੂੰ ਅਗਵਾਈ ਦੇਣੀ ਹੁੰਦੀ ਹੈ, ਉਨ੍ਹਾਂ ਅੰਦਰ ਸੱਚੀ-ਸੁੱਚੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਲਾਰਿਆਂ ਤੇ ਜੁਮਲਿਆਂ ਨਾਲ ਦੇਸ਼ ਕੌਮ ਦਾ ਕਦੀ ਵਿਕਾਸ ਨਹੀਂ ਹੁੰਦਾ। ਜਿਨ੍ਹਾਂ ਸੱਚੀ-ਸੁੱਚੀ ਦੇਸ਼ ਕੌਮ ਦੀ ਸੇਵਾ ਕਰਨੀ ਹੁੰਦੀ ਹੈ, ਉਹ ਆਪਣੇ ਕਾਰਜਾਂ ਵਿਚ ਹੀ ਦੇਸ਼ ਦੀ ਭਲਾਈ ਕਰਦੇ ਰਹਿੰਦੇ ਹਨ। ਸਕੂਲਾਂ ਕਾਲਜਾਂ ਵਿਚ ਚੱਲ ਰਹੀ ਐੱਨ.ਸੀ.ਸੀ. ਅਤੇ ਐੱਨ.ਐੱਸ.ਐੱਸ. ਨੌਜਵਾਨਾਂ ਦੀ ਸ਼ਕਤੀ ਨੂੰ ਦੇਸ਼ ਕੌਮ ਦੀ ਭਲਾਈ ਲਈ ਵਰਤ ਸਕਦੀ ਹੈ। ਪੇਂਡੂ ਯੂਵਕ ਕਲੱਬਾਂ ਯੂਵਕ ਮਹਿਕਮਿਆਂ ਦੀ ਅਗਵਾਈ ਹੇਠ ਇਸ ਖੇਤਰ ਵਿਚ ਅਹਿਮ ਕਾਰਜ ਕਰ ਸਕਦੀਆਂ ਹਨ। ਅਸਲ ਵਿਚ ਨੌਜਵਾਨ ਪੀੜ੍ਹੀ ਨੂੰ ਸੁਚੱਜੀ ਅਗਵਾਈ ਦੀ ਲੋੜ ਹੈ, ਜੋ ਬਚਪਨ ਵਿਚ ਹੀ ਮਿਲਣੀ ਚਾਹੀਦੀ ਹੈ।

ਸਿਆਣੇ ਆਖਦੇ ਨੇ ਜਦੋਂ ਇੱਕ ਸਕੂਲ ਖੁੱਲ੍ਹਦਾ ਹੈ, ਤਾਂ ਇਕ ਜੇਲ੍ਹ ਬੰਦ ਹੋ ਜਾਂਦੀ ਹੈ। ਪਰ ਸਾਡੇ ਪੰਜਾਬ ਅਤੇ ਦੇਸ਼ ਵਿਚ ਕੈਦੀਆਂ ਦੀ ਗਿਣਤੀ ਆਏ ਦਿਨ ਵਧਦੀ ਜਾ ਰਹੀ ਹੈ। ਇਥੋਂ ਇਹ ਸਿੱਧ ਹੋ ਰਿਹਾ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਵਿਚ ਅਸਫਲ ਹੋ ਰਹੇ ਹਾਂ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਖਾ ਲਈ ਹੈ। ਘਰਾਂ ਦੇ ਘਰ ਉਜੜ ਰਹੇ ਨੇ ਪਰਿਵਾਰ ਬਿਖਰ ਰਹੇ ਨੇ ਅਤੇ ਸਮਾਜ ਬੇਵਸ ਹੋਇਆ ਪਿਆ ਹੈ। ਸਰਕਾਰੀ ਤੰਤਰ ਇਸ ਖੇਤਰ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਨਜ਼ਰ ਆਉਂਦਾ ਹੈ। ਜੇਲ੍ਹਾਂ ਵਿਚ ਆਏ ਦਿਨ ਨਸ਼ੇੜੀਆਂ ਦੀ ਗਿਣਤੀ ਵੱਧ ਰਹੀ ਹੈ। ਇਕ ਰਿਪੋਰਟ ਅਨੁਸਾਰ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ ਸਾਲ 2022 ਵਿਚ 26,164 ਦੇ ਮੁਕਾਬਲੇ ਜੂਨ 2024 ਵਿਚ ਇਹ ਗਿਣਤੀ ਵਧ ਕੇ 31607 ਹੋ ਗਈ ਹੈ। ਸੂਬੇ ਦੀਆਂ ਜੇਲ੍ਹਾਂ ਦੀ ਸਮਰੱਥਾ 26,904 ਹੈ, ਜਦਕਿ 4000 ਦੇ ਕਰੀਬ ਵਾਧੂ ਬੰਦੀ ਜੇਲ੍ਹਾਂ ਵਿਚ ਤੂੜੇ ਹੋਏ ਹਨ। ਇਨ੍ਹਾਂ ਵਿਚ ਵਿਚਾਰ ਅਧੀਨ ਕੈਦੀਆਂ ਦੀ ਗਿਣਤੀ ਜ਼ਿਆਦਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕੈਦੀਆਂ ਵਿਚ ਬਹੁਤੇ ਨੌਜਵਾਨ ਕੈਦੀ ਹਨ। 20 ਤੋਂ 30 ਸਾਲ ਦੀ ਉਮਰ ਦੇ 14969 ਕੈਦੀ ਹਨ, ਜਦੋਂਕਿ 30 ਤੋਂ 40 ਸਾਲ ਉਮਰ ਵਰਗ ਵਿਚ 10929 ਕੈਦੀ ਸ਼ਾਮਲ ਹਨ। 82 ਫੀਸਦੀ ਦੇ ਕਰੀਬ ਕੈਦੀ ਨੌਜਵਾਨ ਹਨ। ਇਨ੍ਹਾਂ ਕੈਦੀਆਂ ਵਿਚ ਬਹੁਤੇ ਨਸ਼ਿਆਂ ਵਾਲੇ ਜਾਂ ਝਪਟਮਾਰ ਹਨ। ਇਹ ਸਥਿਤੀ ਸਾਨੂੰ ਸਭ ਨੂੰ ਸਮੇਂ ਦੇ ਹਾਲਾਤਾਂ ਪ੍ਰਤੀ ਸੁਚੇਤ ਕਰਦੀ ਹੈ।

ਜੇਕਰ ਗੁਆਂਢੀ ਰਾਜਾਂ ਦੇ ਕੈਦੀਆਂ 'ਤੇ ਨਜ਼ਰ ਮਾਰੀਏ, ਤਾਂ ਉਹ ਵੀ ਕਿਸੇ ਤੋਂ ਘੱਟ ਨਹੀਂ ਹਨ। ਸਭ ਤੋਂ ਵੱਧ ਕੈਦੀ 88,876 ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਵਿਚ ਹਨ। ਹਰਿਆਣਾ ਵਿਚ 24958, ਗੁਜਰਾਤ ਵਿਚ 18235, ਮੱਧ ਪ੍ਰਦੇਸ਼ 46,900 ਅਤੇ ਮਹਾਰਾਸ਼ਟਰ ਵਿਚ 42,224 ਕੈਦੀ ਬੰਦ ਹਨ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਦੇਸ਼ ਭਰ ਦੀਆਂ ਜੇਲ੍ਹਾਂ ਵਿਚ ਕੈਦੀਆਂ ਦੇ ਅੰਕੜੇ ਲਗਾਤਾਰ ਵਧਦੇ ਜਾ ਰਹੇ ਹਨ। ਜਿਸ ਦਾ ਕਾਰਨ ਅਪਰਾਧਾਂ ਵਿਚ ਵਾਧਾ ਹੋਣਾ ਹੈ। ਦੇਸ਼ ਦੀ ਅੰਦਰੂਨੀ ਸੁਰੱਖਿਆ ਖਤਰੇ ਵਿਚ ਪਈ ਹੋਈ ਹੈ। ਵਿਸ਼ੇਸ਼ ਕਰਕੇ ਪੰਜਾਬ ਦੇ ਹਾਲਾਤਾਂ 'ਤੇ ਨਜ਼ਰ ਮਾਰੀਏ, ਤਾਂ ਕਿਸੇ ਪਾਸਿਓਂ ਵੀ ਚੰਗੀ ਕੰਨਸੋਅ ਨਹੀਂ ਮਿਲ ਰਹੀ।

19ਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੇ ਪੇਂਡੂ ਵਾਤਾਵਰਣ 'ਤੇ ਨਜ਼ਰ ਮਾਰੀਏ, ਤਾਂ ਹਰ ਬੱਚਾ ਆਪਣੇ ਵੱਡੇ ਦਾ ਆਦਰ-ਮਾਣ ਕਰਦਾ ਸੀ। ਜੇਕਰ ਬੱਚਾ ਗਲਤੀ ਕਰਦਾ ਸੀ, ਤਾਂ ਪਿੰਡ ਦਾ ਕੋਈ ਵੀ ਤਾਇਆ, ਚਾਚਾ ਉਸ ਨੂੰ ਤਾੜ ਦਿੰਦਾ, ਤਾਂ ਮਾਪਾ ਕਦੀ ਉਜਰ ਨਾ ਕਰਦਾ। ਇਸ ਤਰ੍ਹਾਂ ਬੱਚਿਆਂ ਦੀ ਕਾਂਟ-ਛਾਂਟ ਹਰ ਸਮੇਂ ਪਿੰਡ ਵਿਚ ਹੀ ਹੁੰਦੀ ਰਹਿੰਦੀ। ਹੁਣ ਸਮਾਂ ਇਹੋ ਜਿਹਾ ਆ ਗਿਆ ਹੈ ਕਿ ਸਾਨੂੰ ਕਿਸੇ 'ਤੇ ਵਿਸ਼ਵਾਸ ਹੀ ਨਹੀਂ ਰਿਹਾ। ਜੇਕਰ ਕੋਈ ਕਿਸੇ ਦੇ ਬੱਚੇ ਨੂੰ ਭੁੱਲ-ਭੁਲੇਖੇ ਨਾਲ ਚੰਗੀ ਗੱਲ ਕਹਿ ਵੀ ਦੇਵੇ, ਤਾਂ ਉਸਦੇ ਮਾਪੇ ਆਖਦੇ ਨੇ ਕਿ ਇਹ ਸ਼ਰੀਕ ਸਾਡੇ ਬੱਚਿਆਂ ਨੂੰ ਦੇਖ ਕੇ ਝੱਲਦੇ ਨਹੀਂ। ਸਮੇਂ ਨੇ ਐਸੀ ਕਰਵਟ ਬਦਲੀ ਕਿ ਹੁਣ ਜਿਸ ਦੀ ਧੀ ਉਸਦੀ ਧੀ ਹੈ, ਜਿਸ ਦੀ ਭੈਣ ਉਸ ਦੀ ਭੈਣ ਹੈ। ਜਦਕਿ ਪਹਿਲੇ ਪਹਿਲ ਇਕ ਦੀ ਧੀ ਨੂੰ ਸਾਰੇ ਪਿੰਡ ਦੀ ਧੀ ਮੰਨਿਆ ਜਾਂਦਾ ਸੀ। ਪਿੰਡ ਦੀ ਇਕਾਈ ਦਾ ਟੁੱਟਣਾ ਵੀ ਇਸ ਵਿਚ ਮੁੱਖ ਕਾਰਨ ਹੈ। ਅੱਜਕੱਲ੍ਹ ਬੋਹੜਾਂ ਦੇ ਥੜਿਆਂ ਹੇਠ ਸੱਥਾਂ ਨਹੀਂ ਜੁੜਦੀਆਂ। ਨਾ ਹੀ ਲੋਕ ਇਕੱਠੇ ਹੋ ਕੇ ਬੈਠਦੇ ਅਤੇ ਆਪਣੇ ਦੁੱਖ-ਸੁੱਖ ਫਰੋਲਦੇ ਹਨ। ਇਨ੍ਹਾਂ ਥਾਵਾਂ ਤੋਂ ਹੀ ਬੱਚਿਆਂ ਨੂੰ ਗਿਆਨ, ਵਿਗਿਆਨ ਅਤੇ ਸਮੇਂ ਦੀਆਂ ਗੱਲਾਂਬਾਤਾਂ ਦਾ ਪਤਾ ਲੱਗਦਾ ਸੀ। ਹੁਣ ਤਾਂ ਉਹ ਸਾਰਾ ਕੁਝ ਇੰਟਰਨੈੱਟ ਤੋਂ ਹੀ ਹਾਸਲ ਕਰ ਰਹੇ ਹਨ। ਮੋਬਾਇਲ ਫੋਨ ਇਕ ਮਸ਼ੀਨ ਹੈ, ਜਦਕਿ ਅਸੀਂ ਮਨੁੱਖ ਹਾਂ। ਇਸ ਲਈ ਮਨੁੱਖਤਾ ਨੂੰ ਕਾਇਮ ਰੱਖਣ ਲਈ ਮਨੁੱਖ ਦੀ ਲੋੜ ਹੈ। ਜੇਕਰ ਸਾਡੀ ਜਵਾਨੀ ਬਚਦੀ ਹੈ, ਤਦ ਹੀ ਸਾਡਾ ਭਵਿੱਖ ਸੁਰੱਖਿਅਤ ਹੈ। ਆਓ ਆਪਾਂ ਰਲਕੇ ਵਿਗੜੇ ਹੋਏ ਨੌਜਵਾਨਾਂ ਨੂੰ ਸਿੱਧੇ ਰਾਹੇ ਪਾਈਏ ਅਤੇ ਅੱਲ੍ਹੜ ਉਮਰ ਦੇ ਮੁੰਡੇ ਕੁੜੀਆਂ ਨੂੰ ਮਾੜੇ ਰਾਹਾਂ ਤੋਂ ਬਚਾਈਏ।

## ਹਿਜ਼ਰਤਨਾਮਾ 80: ਗੁਰਮੇਜ ਸਿੰਘ ਮਾਲੜੀ

# 'ਬਾਰ ਦਾ ਸਫ਼ਰ ਬੁਰੇ ਸੁਪਨੇ ਦੀ ਨਿਆਈਂ ਸੀ'

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
ਪੰਜਾਬ ਮੇਲ USA





"ਮੈਂ ਗੁਰਮੇਜ ਸਿੰਘ, ਕੌਮ ਜੱਟ ਸਿੱਖ ਪੁਰੇਵਾਲ, ਪਿੰਡ ਮਾਲੜੀ-ਨਕੋਦਰ ਤੋਂ ਆਂ। ਸਾਡਾ ਜੱਦੀ ਪਿੰਡ ਇਥੋਂ ਨੇੜੇ ਪੈਂਦਾ ਸ਼ੰਕਰ ਆ। ਇਸ ਪਿੰਡ ਵਿਚ ਸਾਨੂੰ ਬਾਰ ਵਾਲੀ ਜ਼ਮੀਨ ਬਦਲੇ, ਜ਼ਮੀਨ ਅਲਾਟ ਹੋਈ। ਇਹ ਕਾਮੇ ਜਾਂ ਹੁਨਰਮੰਦ ਕਾਮਿਆਂ ਨੂੰ ਛੱਡ ਕੇ ਸਾਰਾ ਪਿੰਡ ਈ ਮੁਸਲਿਮ ਭਾਈਚਾਰੇ ਦਾ ਸੀ। '47 ਵਿਚ, ਸਾਡੇ ਵਾਂਗ ਹੀ ਉਨ੍ਹਾਂ ਨੂੰ ਵੀ ਉਜੜਨਾ ਪਿਆ। ਇਥੇ ਬਹੁਤੇ ਜ਼ਿੰਮੀਦਾਰ ਸਗੀਂਹ-ਸ਼ੰਕਰ ਤੋਂ ਅਲਾਟੀ ਨੇ।

ਮੇਰੇ ਬਾਬਾ ਠਾਕੁਰ ਸਿੰਘ ਪਹਿਲਿਆਂ ਸਮਿਆਂ ਵਿਚ ਬਾਰ ਨੂੰ ਗਏ। ਚੱਕ ਸੀ 234 ਗਾਫ.ਬੇ. (ਗੋਗੇਰਾ ਬ੍ਰਾਂਚ) ਜੜ੍ਹਾਂਵਾਲਾ। ਸਾਨੂੰ ਉਥੇ ਕੋਈ ਮੁਰੱਬਾ ਅਲਾਟ ਨਹੀਂ ਸੀ। ਬਾਬਾ ਜੀ ਬਾਰ ਤੋਂ ਪਹਿਲਾਂ ਕਈ ਸਾਲ ਆਸਟ੍ਰੇਲੀਆ ਲਾਕੇ ਆਏ। ਚੰਗਾ ਪੈਸਾ ਸੀ, ਸੋ ਡੂਢ ਮੁਰੱਬਾ ਉਨ੍ਹਾਂ ਮੁੱਲ ਖਰੀਦ ਲਿਆ। ਉਨ੍ਹਾਂ ਆਪਣੇ ਤਿੰਨੋਂ ਬੇਟਿਆਂ, ਮੇਰੇ ਬਾਪ ਪ੍ਰੀਤਮ ਸਿੰਘ, ਤਾਇਆ ਰਣਜੀਤ ਸਿੰਘ ਅਤੇ ਚਾਚਾ ਮੱਣਸਾ ਸਿੰਘ ਨੂੰ ਵੀ ਉਥੇ ਬੁਲਾ ਲਿਆ।

ਅਸੀਂ 3 ਭਾਈ ਹਾਂ। ਮੈਂ, ਸਾਧੂ ਸਿੰਘ ਤੇ ਦਰਸ਼ਣ ਸਿੰਘ। ਸਾਡੀਆਂ 3 ਹੀ ਭੈਣਾਂ ਨੇ। ਦੋ ਭੈਣਾਂ ਰੌਲਿਆਂ ਤੋਂ ਪਹਿਲਾਂ ਹੀ ਜਮਸ਼ੇਰ-ਜਲੰਧਰ ਵਿਆਹੀਆਂ ਹੋਈਆਂ ਸਨ। ਤੀਜੀ ਇਧਰ ਆ ਕੇ ਭੈਣੀ ਪਿੰਡ ਵਿਆਹੀ। ਸਾਡੇ ਸਾਰੇ ਭੈਣ-ਭਰਾਵਾਂ ਦਾ ਜਨਮ ਬਾਰ ਦਾ ਹੀ ਏ। ਰੌਲਿਆਂ ਵੇਲੇ ਮੈਂ ਕੋਈ 12ਵੇਂ ਸਾਲ 'ਚ ਸਾਂ।

ਮੈਂ ਸਕੂਲ ਨਹੀਂ ਗਿਆ। ਪਿੰਡ ਵਿਚ ਗੁਰਦੁਆਰਾ ਸਿੰਘ ਸਭਾ ਸੀ। ਉਥੇ ਦੋ ਸਕੇ ਭਰਾ ਪਾਠੀ, ਨਿਰੰਜਣ ਸਿੰਘ ਅਤੇ ਗੁਰਮੁੱਖ ਸਿੰਘ ਹੁੰਦੇ। ਉਹ ਨਿਆਣਿਆਂ ਨੂੰ ਮਿੱਟੀ 'ਤੇ ਹੀ ਉਂਗਲ ਨਾਲ ੳ ਅ ਸਿਖਾਉਂਦੇ, ਨਾਲ ਗਤਕਾ ਵੀ। ਪਰ ਅਫ਼ਸੋਸ ਕਿ ਸਕੂਲ ਤਾਂ ਇਕ ਪਾਸੇ ਮੈਂ, ਗੁਰਦੁਆਰੇ ਵੀ ਪੜ੍ਹਨ ਨਹੀਂ ਗਿਆ। ਹੁਣ ਤੱਕ ਕੋਰਾ ਈ ਆਂ।

ਫਸਲਾਂ ਵਿਚ ਨਰਮਾ, ਕਣਕ, ਕਮਾਦ, ਮੱਕੀ ਬੀਜਦੇ। ਜਿਣਸ ਗੱਡਿਆਂ 'ਤੇ ਲੱਦ ਕੇ ਜੜ੍ਹਾਂਵਾਲਾ ਮੰਡੀ ਵੇਚਦੇ।

ਗੁਆਂਢੀ ਪਿੰਡਾਂ ਵਿਚ ਚੱਕ 233-35-36 ਸਨ।

ਪਿੰਡ ਨਾਲ ਖਹਿ ਕੇ ਵੱਡੀ ਨਹਿਰ ਲੰਘਦੀ। ਆਲੇ-ਦੁਆਲੇ 3-4 ਵੱਡੇ ਛੱਪੜ/ਢਾਬਾਂ ਹੁੰਦੀਆਂ। ਉਨ੍ਹਾਂ ਵਿਚ ਬਰਸਾਤੀ ਪਾਣੀ ਜਮ੍ਹਾਂ ਰਹਿੰਦਾ। ਲੋੜ ਪੈਣ 'ਤੇ ਕਈ ਬਾਰ ਨਹਿਰ ਦਾ ਵਾਧੂ ਪਾਣੀ ਵੀ ਛੱਡ ਦਿੰਦੇ। ਪਸ਼ੂਆਂ, ਕੱਪੜੇ ਧੋਣ ਵਗੈਰਾ ਲਈ ਪਾਣੀ ਵਰਤਦੇ। ਪਿੰਡ ਵਿੱਚਕਾਰ ਇੱਕ ਖੂਹੀ ਸੀ, ਜਿਥੋਂ ਸੁੱਚਾ ਮਹਿਰਾ ਘੜਿਆਂ ਵਿਚ ਪਾਣੀ ਢੋਂਦਾ, ਉਦੇ ਘਰੋਂ ਭੱਠੀ 'ਤੇ ਦਾਣੇ ਭੁੰਨਦੀ। ਖੁਸ਼ੀ ਗਮੀ ਮੌਕੇ ਉਹ ਲੋਕਾਂ ਦੇ ਘਰਾਂ ਵਿਚ ਕੰਮ ਭੁਗਤਾਉਂਦੇ। ਸਰਦਿਆਂ ਘਰਾਂ ਵਿਚ ਨਲਕੇ ਵੀ ਹੁੰਦੇ।

ਪਿੰਡ ਵਿਚ 3 ਹੱਟੀਆਂ, ਇਕ ਦਰਜ਼ੀ,ਇਕ ਮੋਚੀ ਦੀ ਦੁਕਾਨ। ਪਿੰਡ ਵਿਚ ਸਕੂਲ ਨਹੀਂ ਸੀ। ਦੋ ਕੁ ਕੋਹ ਦੀ ਵਾਟ 'ਤੇ ਚੱਕ ਰੋਡੀ 'ਚ ਨਿਆਣੇ ਪੜ੍ਹਨ ਜਾਂਦੇ। ਪਿੰਡ ਵਿਚ ਬਹੁਤੇ ਘਰ ਮਲਵਈ ਸਿੱਖਾਂ ਦੇ, ਜੋ ਕਿ ਰੌਲਿਆਂ ਉਪਰੰਤ ਬਹੁਤੇ ਲੌਂਗੋਵਾਲ ਦੇ ਆਸ-ਪਾਸ ਪਿੰਡਾਂ ਵਿਚ ਬੈਠੇ। ਸਾਡੇ ਦੋ ਘਰ ਦੁਆਬੀਆਂ ਦੇ, ਮੱਜ਼੍ਹਬੀ ਸਿੱਖਾਂ ਦੀ ਵੱਖਰੀ ਬਸਤੀ, ਖੇਤਾਂ ਵਿਚ ਬਹੁਤੇ ਕਾਮੇ ਉਨ੍ਹਾਂ 'ਚੋਂ ਹੀ ਸਨ।

ਪਿੰਡ ਵਿਚ ਖਾਸ ਇਹ ਸੀ ਬਈ ਜ਼ਿੰਮੀਦਾਰ, ਬ੍ਰਾਹਮਣ, ਝੀਰ, ਬਾਲਮੀਕ, ਛੀਂਬੇ, ਨਾਈ ਸਾਰੇ ਹੀ ਕੇਸਾਧਾਰੀ ਸਿੱਖ ਸਨ, ਸਿਰਫ਼ ਦੋ ਘਰ ਮੁਸਲਿਮ ਲੁਹਾਰ-ਤਰਖਾਣਾਂ ਦੇ। ਇਕ ਦਾ ਨਾਮ ਮੁਹੰਮਦੀ। ਉਹੀ ਪਿੰਡ ਵਿਚ ਲੁਹਾਰਾ-ਤਰਖਾਣਾਂ ਕੰਮ ਕਰਦੇ। ਸਾਰੀਆਂ ਬਰਾਦਰੀਆਂ ਮਿਲਜੁੱਲ ਕੇ ਰਹਿੰਦੀਆਂ। ਦੁੱਖ-ਸੁੱਖ ਵਿਚ ਇਕ ਦੂਜੇ ਦੇ ਕੰਮ ਆਉਂਦੇ।

### ਪਿੰਡ ਵਿਚ ਕਤਲ:

ਪਿੰਡ ਦੇ ਚੌਧਰੀਆਂ ਵਿਚ ਬਾਬਾ ਠਾਕੁਰ ਸਿੰਘ ਜੀ ਦਾ ਨਾਮ ਵੱਜਦਾ। ਦਲੀਪ ਸਿੰਘ ਲੰਬੜਦਾਰ ਹੋਰੀਂ ਚਾਰ ਭਰਾ ਵੀ ਚੌਧਰੀਆਂ ਵਿਚ ਬੋਲਦੇ। ਦੂਜੇ ਪਾਸੇ ਚੌਧਰੀਆਂ ਦਾ ਇਕ ਹੋਰ ਟੋਲਾ ਲੰਬੜਦਾਰ ਕਿਹਰ ਸਿੰਘ-ਭਾਨ ਸਿੰਘ ਦਾ ਸੀ। ਉਨ੍ਹਾਂ ਦਾ ਆਪਸੀ ਤਕਰਾਰ ਰਹਿੰਦਾ। ਇਕ ਦਿਨ ਕਿਹਰ-ਭਾਨ ਵਲੋਂ ਦਲੀਪ ਸਿੰਘ ਲੰਬੜਦਾਰ ਅਤੇ ਉਹਦੇ ਤਿੰਨ ਭਰਾਵਾਂ ਦਾ ਬੰਦੂਕ ਨਾਲ ਕਤਲ ਕਰ ਦਿੱਤਾ। ਇਹ ਵਾਕਿਆ ਸਾਡੇ ਜਨਮ ਤੋਂ ਪਹਿਲਾਂ ਦਾ ਕੋਈ 1930-32 ਦਾ ਹੋਵੇਗਾ। ਕੇਹਰ-ਭਾਨ ਨੂੰ ਉਸ ਕਤਲ ਵਿਚ ਫਾਂਸੀ ਹੋ ਗਈ। ਉਦੋਂ ਤੋਂ ਹੀ ਸਾਡਾ ਚੱਕ 'ਕੇਹਰ-ਭਾਨ ਵਾਲਾ 34' ਵਜੋਂ ਮਸ਼ਹੂਰ ਹੋ ਗਿਆ।

### ਆਜ਼ਾਦੀ ਦਾ ਬਿਗੁਲ ਵੱਜਿਆ:

ਉਦੋਂ ਅੱਜ ਵਾਂਗ ਅਖ਼ਬਾਰਾਂ, ਟੀ.ਵੀ. ਨਹੀਂ ਸਨ ਹੁੰਦੇ। ਸ਼ਹਿਰ ਜਾਂਦਾ ਤਾਂ ਕੋਈ ਖ਼ਬਰ ਸਾਰ ਲਿਆਉਂਦਾ। ਇਵੇਂ ਹੌਲੀ-ਹੌਲੀ ਖਬਰਾਂ ਆਉਣ ਲੱਗੀਆਂ ਕਿ ਫ਼ਿਰੰਗੀ ਦਾ ਰਾਜ ਖ਼ਤਮ ਹੋ ਕੇ ਭਾਰਤ ਆਜ਼ਾਦ ਹੋਵੇਗਾ, ਪਾਕਿਸਤਾਨ ਬਣੇਗਾ। ਹੁਣ ਸਾਨੂੰ ਇਥੋਂ ਉਠਣਾ ਪਵੇਗਾ। ਇਵੇਂ ਇਕ ਦਿਨ, ਦਿਨ ਚੜ੍ਹਦੇ ਨੂੰ ਦਾਊਆਣਾ, ਸ਼ੰਕਰ ਤੋਂ ਜਾਣੂੰ ਬੰਦੇ ਆ ਕੇ ਸੁਚੇਤ ਕਰ ਗਏ ਕਿ ਆਪਣੀ ਸੁਰੱਖਿਆ ਲਈ ਹਥਿਆਰ ਬੰਦ ਹੋਵੇ, ਪਹਿਰਾ ਲਾਵੋ। ਹੁਣ ਇਥੋਂ ਉਠ ਕੇ ਵਾਪਸ ਹਿੰਦੋਸਤਾਨ ਜਾਣਾ ਪਵੇਗਾ। ਮਾਰ-ਧਾੜ ਵਧ ਗਈ, ਤਾਂ ਸਾਰੇ ਮੋਹਤਬਰਾਂ, ਇਕ ਦਿਨ ਕੱਠ ਕਰਕੇ ਪਿੰਡ ਛੱਡਣ ਦਾ ਫੈਸਲਾ ਕੀਤਾ। ਦੂਜੇ ਦਿਨ ਸਵੇਰ ਦਾ ਲੰਗਰ ਪਾਣੀ ਕਿਸੇ ਦੇ ਮਾੜਾ ਮੋਟਾ ਲੰਘਿਆ ਕਿਸੇ ਦੇ ਨਹੀਂ। 'ਅੱਗੇ ਤੇਰੇ ਭਾਗ ਲੱਛੀਏ' ਕਹਿ ਕੇ ਪਸ਼ੂਆਂ ਦੇ ਰੱਸੇ ਖੋਲ੍ਹ ਦਿੱਤੇ। ਹੱਥੀਂ ਬਣਾਈ ਸੰਵਾਰੀ ਬਾਰ, ਜਰਖੇਜ਼ ਮੁਰੱਬਿਆਂ ਨੂੰ ਅਖ਼ੀਰੀ ਫਤਹਿ ਬੁਲਾ, ਗਹਿਣਾ ਗੱਟਾ, ਕੁੱਝ ਕੱਚੀ ਰਸਦ ਗੱਡਿਆਂ 'ਤੇ ਧਰ ਕੇ ਦਾਊਆਣਾ ਸ਼ੰਕਰ ਲਈ ਗੱਡੇ ਹੱਕ ਲਏ। ਹਫ਼ਤਿਆਂ ਬੱਧੀ ਉਥੇ ਰੁਕੇ ਰਹੇ। ਆਲੇ-ਦੁਆਲੇ ਦੇ ਪਿੰਡਾਂ ਤੋਂ ਵੀ ਲੋਕ ਉਠ ਕੇ ਆ ਗਏ। 'ਕੱਠ ਇਕ ਵੱਡੇ ਰਫਿਊਜੀ ਕੈਂਪ ਦਾ ਰੂਪ ਧਾਰ ਗਿਆ। ਨਿੱਕ-ਸੁੱਕ ਜੋ ਵੀ ਪੱਕਦਾ ਜਾਂ ਮਿਲਦਾ, ਖਾ ਲੈਂਦੇ।

### ਕਾਫ਼ਲਾ ਤੁਰ ਪਿਆ:

ਫਿਰ ਇਕ ਦਿਨ ਕਾਫ਼ਲਾ ਤੁਰ ਪਿਆ। ਬਿਮਾਰ, ਠਿਮਾਰ, ਬੱਚੇ ਗੱਡਿਆਂ 'ਤੇ, ਬਾਕੀ ਤੁਰ ਕੇ ਹਿੰਦੋਸਤਾਨ ਨੂੰ ਹੋ ਤੁਰੇ। ਫਲਾਹੀ ਵਾਲਾ ਪਹੁੰਚੇ, ਤਾਂ ਉਥੇ ਲੁੱਟ-ਖੋਹ, ਉਧਾਲੇ ਦੀ ਬਿਰਤੀ ਵਾਲਿਆਂ ਕਾਫ਼ਲੇ ਉਪਰ ਹਮਲਾ ਕੀਤਾ। ਕਈ ਮਾਰੇ ਗਏ, ਫੱਟੜ ਹੋਏ। ਸਬੱਬੀਂ ਡੋਗਰਾ ਮਿਲਟਰੀ ਆਈ, ਤਾਂ ਦੰਗੱਈ ਭੱਜ ਉੱਠੇ। ਉਨ੍ਹਾਂ ਭੱਜਦਿਆਂ 'ਤੇ ਡੋਗਰਾ ਮਿਲਟਰੀ ਨੇ ਗੋਲੀ ਚਲਾਈ, ਤਾਂ ਦਰਜਨਾਂ ਦੰਗੱਈ ਮਾਰੇ ਗਏ। ਇਵੇਂ ਭੁੱਖ ਤੇਹ ਨਾਲ ਘੁੱਲਦੇ, ਸਮੇਂ ਦੇ ਹਾਲਾਤਾਂ ਦੇ ਮਾਰਿਆਂ ਦਾ ਕਾਫ਼ਲਾ ਵੱਧਦਾ ਗਿਆ। ਮੀਂਹ ਕਣੀਂ ਹੜ੍ਹਾਂ ਮਾਰੇ ਰਸਤੇ, ਪਸ਼ੂਆਂ ਦੇ ਪੱਠਾ ਦੱਥਾ, ਰਸਦ ਪਾਣੀ ਦੀ ਔਖਿਆਈ ਝਾਗਦੇ ਕਸੂਰ-ਖੇਮਕਰਨ-ਤਰਨਤਾਰਨ-ਅੰਮ੍ਰਿਤਸਰ ਸਾਹਿਬ ਆਣ ਕੱਯਾਮ ਕੀਤਾ। ਉਥੇ ਕੈਂਪ ਵਿਚ ਵਿਚ ਇਕ ਰਾਤ ਰਹੇ। ਫਿਰ ਗੱਡਿਆਂ ਦਾ ਕਾਫ਼ਲਾ ਸ਼ੰਕਰ ਲਈ ਵਧਿਆ। ਬਿਆਸ ਦਰਿਆ 'ਤੇ ਸਾਡੇ ਵਾਂਗ ਹੀ ਇੱਧਰੋਂ ਉਜੜਕੇ ਜਾਂਦੇ ਮੁਸਲਿਮ ਕਾਫ਼ਲੇ ਦੀ ਵੱਡੀ ਵਹੀਰ ਨਾਲ ਟਾਕਰਾ ਹੋਇਆ। ਕਰੀਬ ਸ਼ੰਕਰ ਸਿੰਜ ਦੇ ਦਿਨ ਸਨ, ਜਦ ਸ਼ਾਮ ਦੇ ਘੁਸ-ਮੁਸੇ ਵੇਲੇ ਜੱਦੀ ਪਿੰਡ ਸ਼ੰਕਰ ਆ ਪਹੁੰਚੇ। ਲੁੱਟ-ਖੋਹ ਅਤੇ ਮਾਰ-ਧਾੜ ਉਦੋਂ ਬਹੁਤ ਮਚੀ ਪਰ ਸਾਡੇ ਪਰਿਵਾਰ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇੰਜ ਮਹਿਸੂਸ ਹੁੰਦੈ ਕਿ ਬਾਰ ਦਾ ਸਫ਼ਰ ਬੁਰੇ ਸੁਪਨੇ ਦੀ ਨਿਆਈਂ ਸੀ, ਜੋ ਆਇਆ ਤੇ ਲੰਘ ਗਿਆ।

ਮੇਰੇ ਘਰ ਦੋ ਬੇਟੇ ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਅਤੇ ਦੋ ਬੇਟੀਆਂ ਪੈਦਾ ਹੋਈਆਂ। ਇਸ ਵਕਤ ਮੈਂ ਬੇਟਾ ਗੁਰਪ੍ਰੀਤ ਸਿੰਘ ਪਾਸ ਜ਼ਿੰਦਗੀ ਦਾ ਪਿਛਲਾ ਪਹਿਰ ਹੰਢਾਅ ਰਿਹੈਂ। ਨੂੰਹ ਰਾਣੀ ਅਤੇ ਪੁੱਤ ਪੜੋਤਿਆਂ ਦੀ ਸੇਵਾ ਭਾਵਨਾ ਨਾਲ ਘਰ ਦੇ ਹਾਲਾਤ ਪੁਰ ਸਕੂਨ ਨੇ।

# ਪਲਾਸਟਿਕ ਕੂੜੇ ਨੂੰ ਦੂਰ ਭਜਾਓ, ਵਾਤਾਵਰਨ ਨੂੰ ਸ਼ੁੱਧ ਬਣਾਓ

ਪ੍ਰਮੋਦ ਧੀਰ
ਜੈਤੋ, ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ, ਢੈਪਈ (ਫ਼ਰੀਦਕੋਟ)
ਫੋਨ: 98550-31081
ਪੰਜਾਬ ਮੇਲ USA





3 ਜੁਲਾਈ 2024 ਨੂੰ ਸਭ ਨੇ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਦਿਵਸ ਮਨਾਇਆ ਹੈ। ਜਿਸ ਨੂੰ ਮਨਾਉਣ ਦਾ ਇਕੋ ਇੱਕ ਉਦੇਸ਼ ਹੈ ਕਿ ਦੇਸ਼ ਨੂੰ ਪਲਾਸਟਿਕ ਬੈਗ ਮੁਕਤ ਕਰਕੇ ਵਾਤਾਵਰਨ ਦੀ ਸਭ ਤੋਂ ਭਿਆਨਤ ਸਮੱਸਿਆ ਨੂੰ ਹੱਲ ਕਰਨਾ। ਪੌਲੀਥੀਨ ਜਾਂ ਪੌਲੀ (ਮੈਥੀਲੀਨ) ਰੋਜ਼ਾਨਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਪਲਾਸਟਿਕ ਹੈ। ਇੱਕ ਸਾਲ ਵਿਚ ਇਸ ਦੀ ਪੈਦਾਵਾਰ ਅੱਠ ਕਰੋੜ ਟਨ ਹੈ। ਇਸ ਦੀ ਵਰਤੋਂ ਹਰ ਇਕ ਇਨਸਾਨ ਕਰਦਾ ਹੈ। ਇਸ ਦੀ ਮੁੱਖ ਵਰਤੋਂ ਪੈਕਜਿੰਗ (ਪਲਾਸਟਿਕ ਦੇ ਥੈਲੇ, ਪਲਾਸਟਿਕ ਫ਼ਿਲਮਾਂ, ਜਿਉਮੈਮ ਬੁਨ, ਬੋਤਲ, ਲਫ਼ਾਫ਼ੇ ਤੇ ਹੋਰ ਚੀਜ਼ਾਂ) ਬਣਾਉਣ ਵਿਚ ਹੁੰਦੀ ਹੈ। ਅੱਜਕੱਲ੍ਹ ਭੱਜ-ਦੌੜ ਦੇ ਜੀਵਨ ਵਿਚ ਹਰ ਵਿਅਕਤੀ ਬਣਿਆ ਬਣਾਇਆ ਸਮਾਨ ਲੈਣਾ ਪਸੰਦ ਕਰਦੇ ਹਨ। ਭਾਵੇਂ ਉਹ ਖਾਣ-ਪੀਣ ਵਾਲਾ ਸਮਾਨ ਹੋਵੇ ਜਾਂ ਕੋਈ ਹੋਰ ਵਰਤੋਂ ਦਾ ਸਮਾਨ। ਤੁਹਾਨੂੰ ਹਰ ਥਾਂ ਪਲਾਸਟਿਕ ਵਿਚ ਪੈਕ ਸਮਾਨ ਮਿਲ ਜਾਵੇਗਾ। ਤਿੰਨ ਦਹਾਕੇ ਪਹਿਲਾ ਇਸ ਦੀ ਵਰਤੋਂ ਨਾ ਮਾਤਰ ਹੁੰਦੀ ਸੀ ਕਿਉਂਕਿ ਉਸ ਸਮੇਂ ਲੋਕ ਕੱਪੜੇ ਦੇ ਘਰੇ ਬਣਾਏ ਹੋਏ ਥੈਲੇ ਦੀ ਵਰਤੋਂ ਕਰਦੇ ਸਨ। ਉਨ੍ਹਾਂ 'ਚ ਹੀ ਸਬਜ਼ੀ ਤੇ ਘਰ ਆਦਿ ਦਾ ਰਾਸ਼ਨ ਲਿਆਂਦਾ ਜਾਂਦਾ ਸੀ ਅਤੇ ਲਿਕਊਡ ਸਮਾਨ ਲੋਹੇ ਦੇ ਡੱਬੇ ਜਾਂ ਕੱਚ ਦੀ ਬੋਤਲ ਵਿਚ ਮਿਲਦਾ ਸੀ। ਪਰ ਅੱਜਕੱਲ੍ਹ ਇਨ੍ਹਾਂ ਵਸਤੂਆਂ ਦੀ ਪੈਕਿੰਗ ਵਾਸਤੇ ਵੀ ਪਲਾਸਟਿਕ ਹੀ ਵਰਤੀ ਜਾਂਦੀ ਹੈ। ਉਸ ਸਮੇਂ ਲਫ਼ਾਫ਼ੇ ਵੀ ਅਖ਼ਬਾਰ ਦੇ ਹੁੰਦੇ ਸਨ। ਇਨ੍ਹਾਂ ਲਫ਼ਾਫਿਆਂ ਦਾ ਵਰਤਮਾਨ 'ਤੇ ਕੋਈ ਮਾੜਾ ਅਸਰ ਨਹੀਂ ਹੁੰਦਾ ਸੀ। ਪਰ ਸਮੱਸਿਆ ਮੌਜੂਦਾ ਸਮੇਂ ਦੀ ਹੈ ਕਿ ਕੋਈ ਵੀ ਵਿਅਕਤੀ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਹੀਂ ਸਮਝਦਾ ਕਿਉਂਕਿ ਲੋਕ ਘਰੋਂ ਖਾਲੀ ਹੱਥ ਸਮਾਨ ਲੈਣ ਜਾਂਦੇ ਹਨ ਕਿਉਂਕਿ ਉਸਨੂੰ ਪਾਲੀਥੀਨ ਦੇ ਲਫ਼ਾਫ਼ਿਆਂ ਵਿਚ ਸਮਾਨ ਮਿਲ ਜਾਂਦਾ ਹੈ। ਸਮਾਨ ਖ਼ਾਲੀ ਕਰਕੇ ਅਸੀਂ ਇਹ ਲਫ਼ਾਫ਼ੇ ਕੂੜੇ ਵਿਚ ਸੁੱਟ ਦਿੰਦੇ ਹਾਂ। ਇਹ ਪਤਾ ਹੁੰਦੇ ਹੋਏ ਵੀ ਕਿ ਇਹ ਗਲਣਸ਼ੀਲ ਨਹੀਂ ਹੈ। ਇਸਦਾ ਵਾਤਾਵਰਨ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ।

ਅੱਜਕੱਲ੍ਹ ਵਿਆਹ ਸ਼ਾਦੀਆਂ ਅਤੇ ਛੋਟੇ-ਮੋਟੇ ਪ੍ਰੋਗਰਾਮਾਂ ਵਿਚ ਵੀ ਇਸਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਡਿਸਪੋਜ਼ਲ ਭਾਂਡੇ ਜਿਵੇਂ ਪੀਣ ਵਾਲੇ ਪਾਣੀ ਦੇ ਗਿਲਾਸ, ਬੋਤਲਾਂ, ਕੌਲੀਆਂ, ਪਲੇਟਾਂ ਆਦਿ ਪਲਾਸਟਿਕ ਦੇ ਹੁੰਦੇ ਹਨ। ਇਨ੍ਹਾਂ ਨੂੰ ਵੀ ਵਰਤਨ ਤੋਂ ਬਾਅਦ ਕੂੜੇ ਵਿਚ ਸੁੱਟ ਦਿੱਤਾ ਜਾਂਦਾ ਹੈ। ਹੋਰ ਤਾਂ ਹੋਰ ਕਈ ਖਾਣ-ਪੀਣ ਵਾਲੀਆਂ ਵਸਤੂਆਂ ਪਲਾਸਟਿਕ ਪੈਕਿੰਗ ਕਾਰਨ ਸਮਾਂ ਪੈਣ 'ਤੇ ਆਪਣਾ ਅਸਰ ਖਤਮ ਕਰ ਦਿੰਦੀਆਂ ਹਨ ਤੇ ਮਨੁੱਖ ਉਸੇ ਤਰ੍ਹਾਂ ਹੀ ਬਿਨ੍ਹਾਂ ਲਾਭ, ਉਸ ਦਾ ਸੇਵਨ ਕਰ ਲੈਂਦਾ ਹੈ। ਜਿਸ ਕਾਰਨ ਲਾਭ ਹੋਣ ਦੀ ਬਜਾਏ ਸਰੀਰ ਦਾ ਨੁਕਸਾਨ ਹੁੰਦਾ ਹੈ ਤੇ ਭਿਆਨਕ ਬਿਮਾਰੀਆਂ ਜਨਮ ਲੈਂਦੀਆਂ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਕਈ ਮੈਡੀਕਲ ਕੰਪਨੀਆਂ ਵੱਲੋਂ ਵੀ ਪੌਲੀਥੀਨ ਵਿਚ ਪੈਕਿੰਗ 'ਤੇ ਰੋਕ ਹੈ। ਵਾਤਾਵਰਨ ਦੇ ਨਾਲ-ਨਾਲ ਪਸ਼ੂਆਂ, ਅਵਾਰਾ ਡੰਗਰਾਂ 'ਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ ਕਿਉਂਕਿ ਸੜਕ 'ਤੇ ਘੁੰਮ ਰਹੇ ਅਵਾਰਾ ਪਸ਼ੂ ਕੂੜੇ ਨਾਲ ਪਾਲੀਥੀਨ ਵੀ ਖਾ ਰਹੇ ਹਨ। ਇਕ ਰਿਪੋਰਟ ਮੁਤਾਬਿਕ ਉਤਰ ਪ੍ਰਦੇਸ਼ ਦੇ ਲਖਨਾਉ ਸਥਿਤ 'ਕਾਨਾ ਉਪਵਮ' 'ਚ ਹਰ ਰੋਜ਼ ਕਈ ਗਊਆਂ ਦਾ ਪੋਸਟ ਮਾਰਟਮ ਹੁੰਦਾ ਹੈ। ਕਈਆਂ ਦੇ ਢਿੱਡ ਵਿਚੋਂ ਕਾਫ਼ੀ ਵੱਡੀ ਮਾਤਰਾ ਵਿਚ ਪਾਲੀਥੀਨ ਨਿਕਲਿਆ ਹੈ। ਅਨੇਕਾਂ ਪਸ਼ੂ ਪਾਲੀਥੀਨ ਖਾਣ ਨਾਲ ਮਰ ਰਹੇ ਹਨ। ਵਾਤਾਵਰਨ ਰੱਖਿਆ ਕਾਨੂੰਨ ਸਾਲ 2003 ਮੁਤਾਬਿਕ ਪਾਲੀਥੀਨ 'ਤੇ ਰੋਕ ਲੱਗੀ ਹੈ। ਕੇਂਦਰ ਸਰਕਾਰ ਨੇ ਵਾਤਾਵਰਨ ਪ੍ਰਤੀ ਸੋਚਦੇ ਹੋਏ ਪਹਿਲ ਕਰਦਿਆਂ ਕਿਸੇ ਵੀ ਸਰਕਾਰੀ ਪ੍ਰੋਗਰਾਮ 'ਚ ਬੋਤਲ ਬੰਦ ਪਾਣੀ 'ਤੇ ਮੁਕੰਮਲ ਤੌਰ 'ਤੇ ਰੋਕ ਲਗਾ ਦਿੱਤੀ ਹੈ ਕਿਉਂਕਿ ਇਸ ਬੋਤਲ ਬੰਦ ਪਾਣੀ ਦੀ ਵਰਤੋਂ ਨਾਲ ਵੱਡੀ ਮਾਤਰਾ ਵਿਚ ਪਲਾਸਟਿਕ ਦਾ ਕੂੜਾ ਨਿਕਲਦਾ ਹੈ, ਜੋ ਵਾਤਾਵਰਨ ਲਈ ਬਹੁਤ ਨੁਕਸਾਨਦਾਇਕ ਹੈ। ਇਨ੍ਹਾਂ ਸਮੱਸਿਆਵਾਂ ਨੂੰ ਦੇਖਦੇ ਹੋਏ ਸਾਨੂੰ ਸ਼ੁੱਧ ਵਾਤਾਵਰਨ ਬਣਾਉਣ ਪ੍ਰਤਿ ਯੋਗਦਾਨ ਪਾਉਣਾ ਚਾਹੀਦਾ ਹੈ।

ਪਲਾਸਟਿਕ ਦੀ ਬਜਾਏ ਕੱਪੜੇ ਦੇ ਥੈਲੇ ਦੀ ਵਰਤੋਂ, ਪਾਲੀਥੀਨ ਦੀ ਥਾਂ 'ਤੇ ਅਖ਼ਬਾਰ ਦੇ ਲਫ਼ਾਫ਼ੇ ਤੇ ਬੋਤਲ ਬੰਦ ਦੀ ਥਾਂ ਧਾਤੂ ਦੇ ਗਿਲਾਸ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਅਸੀਂ ਹੁਣ ਵੀ ਨਾ ਜਾਗੇ, ਤਾਂ ਪਾਲੀਥੀਨ ਕਾਰਨ ਵੱਧ ਰਹੇ ਨਾ ਦਿਸਣ ਵਾਲੇ ਪ੍ਰਦੂਸ਼ਨ ਦੀ ਸਮੱਸਿਆ ਨੂੰ ਰੋਕਣਾ ਮੁਸ਼ਕਲ ਹੋ ਜਾਏਗਾ ਤੇ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੇਕਾਂ ਨਵੀਆਂ ਬਿਮਾਰੀਆਂ ਪੈਦਾ ਹੋ ਜਾਣਗੀਆਂ। ਇਸ ਲਈ ਸਮਾਜ ਨੂੰ ਵੀ ਵਾਤਾਵਰਨ ਪ੍ਰਤੀ ਸਿਖਲਾਈ ਦੇਣ ਦੀ ਲੋੜ ਹੈ, ਤਾਂ ਜੋ ਇਨ੍ਹਾਂ ਨੂੰ ਵਾਤਾਵਰਨ 'ਤੇ ਹੁੰਦੇ ਮਾਰੂ ਅਸਰ 'ਤੇ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਪਤਾ ਲੱਗ ਸਕੇ। ਆਉ ਅਸੀਂ ਸਾਰੇ ਰਲ ਕੇ ਸ਼ੁੱਧ ਵਾਤਾਵਰਨ ਤੇ ਪ੍ਰਦੂਸ਼ਨ ਰਹਿਤ ਸਮਾਜ ਦੀ ਸਿਰਜਨਾ ਕਰੀਏ।

ਪਲਾਸਟਿਕ ਦੇ ਲਿਫਾਫੇ ਵਾਤਾਵਰਨ 'ਤੇ ਬਹੁਤ ਮਾੜਾ ਅਸਰ ਪਾਉਂਦੇ ਹਨ, ਜੋ ਕਿ ਵੀ ਹਾਲਤ ਵਿਚ ਗਲਦੇ ਨਹੀਂ, ਜੇਕਰ ਸੀਵਰੇਜ ਵਿਚ ਫਸ ਜਾਣ ਤਾਂ ਸਵੀਰੇਜ ਬੰਦ ਹੋ ਜਾਂਦਾ ਹੈ, ਨਾਲੀਆਂ ਦਾ ਪਾਣੀ ਅੱਗੇ ਤੁਰਨਾ ਰੁਕ ਜਾਂਦਾ ਹੈ। ਜਿਸ ਨਾਲੇ ਸਮੁੱਚੇ ਸਮਾਜ ਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਸੋ ਸਰਕਾਰ ਨੂੰ ਪੂਰੇ ਦੇਸ਼ ਵਿਚ ਪਲਾਸਟਿਕ ਦੇ ਲਿਫਾਫਿਆਂ 'ਤੇ ਸਖਤੀ ਨਾਲ ਮੁਕੰਮਲ ਰੋਕ ਲਗਾਉਣੀ ਚਾਹੀਦੀ ਹੈ।

## 16 ਜੁਲਾਈ ਮੀਰੀ-ਪੀਰੀ ਦਿਵਸ 'ਤੇ ਵਿਸ਼ੇਸ਼

# ਖਾਲਸਾ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਦੀ ਲੋੜ

-ਦਿਲਜੀਤ ਸਿੰਘ ਬੇਦੀ





ਸ੍ਰੀ ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆਂ ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇਕ ਮੁੱਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਨਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪਰਵੇਸ਼ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤੱਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚੱਲਦੀ ਰਹੀ। ਇਹ ਜੋਤਿ ਜੁਗਤ ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ, ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ, ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥...
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥
(ਪੰਨਾ 1408-1409)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਮੋਹਸਿਨ ਫਾਨੀ ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ, ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿਚ ਦਰਜ ਕੀਤਾ ਕਿ "ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ, ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ"। ਸ੍ਰੀ ਗੁਰੂ ਅਰਜਨ ਸਾਹਿਬ ਜੀ ਵੇਲੇ ਸਿੱਖੀ ਬਹੁਤ ਫੈਲੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡੇ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਅਤੇ ਵੱਡੀ ਤੋਂ ਵੱਡੀ ਫੌਜ ਰੱਖਣ"। ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹੋਏ ਭਾਣਾ ਮੰਨਣ ਦਾ ਹੁਕਮ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ: ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫ਼ੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖ਼ੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ-ਇਕ ਮੀਰੀ ਦੀ ਅਤੇ ਇਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ, ਬਲਕਿ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ, ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇਕ ਸਿੱਖ ਹਮੇਸ਼ਾਂ ਸ਼ਾਹੀ ਛਤਰ ਕਰਿਆ ਕਰੇ ਅਤੇ ਇਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉਤਮ ਰੂਪ ਵਿਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ, ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇਕ ਖੁੱਲ੍ਹਾ ਸੱਦਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਡੁੱਲ੍ਹੇ ਖ਼ੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ ਵਿਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜੱਥੇ ਬਣਾਏ। ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਸ੍ਰੀ ਅਕਾਲ ਤਖ਼ਤ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਆਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖ਼ੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।

ਗੁਰੂ ਜੀ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆਂ ਜਾਂਦਾ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਣੈ ਲੈਣ ਦਾ ਇਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵੱਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿਚ 60 ਬੰਦੂਕਚੀ, 300 ਘੋੜ-ਸਵਾਰ ਜਿਨ੍ਹਾਂ ਲਈ 700 ਘੋੜੇ ਸਨ। ਸਰਹਿੰਦ ਦੇ ਨਕਸ਼ਬੰਦੀ ਮੁਸਲਮਾਨ ਜਿਹੜੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿਚ ਕੀ ਹੋ ਰਿਹਾ ਹੈ ਕਿ ਕਾਫਰਾਂ ਦਾ ਗੁਰੂ ਤੇਰੇ ਰਾਜ ਵਿਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁੱਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ"। "ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੀਆਂ ਸਿੱਖਾਂ ਦੀਆਂ ਟੋਲੀਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ ਵਿਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ, ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿਚ ਆਤਿਸ਼ਬਾਜ਼ੀ ਅਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਸ੍ਰੀ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁੱਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਿਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿੱਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੱਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਿਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿਚ ਝੰਡਾ, ਫ਼ਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਨ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਸਾਰਿਆਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਕੇਸਰੀ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿਚ ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇਕੱਤਰ ਰੂਪ ਵਿਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ, ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾਂ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿਚ ਵਸੀਆਂ ਹੋਈਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਨਾ ਦਾ ਚਿੰਨ੍ਹ ਹੈ, ਆਦਿ ਨਿਸ਼ਾਣੁ ਸ੍ਰੀ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇਕ ਅਜਿਹਾ ਕੇਂਦਰ ਹੈ, ਜਿਥੇ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ" ਡਾ. ਸੁਖਦਿਆਲ ਸਿੰਘ।

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇਕ ਦੂਜੇ ਦੀ ਨਿਰੰਤਰਤਾ ਵਿਚ ਜਾਂ ਇਕ ਦੂਜੇ ਦੀ ਪੂਰਕਤਾ ਵਿਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਅਤੇ ਇਤਿਹਾਸ ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫ਼ਲਸਫ਼ੇ ਅਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਅਤੇ ਸਮਾਜਿਕਤਾ ਨੂੰ ਗੁਰਬਾਣੀ ਵਿਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ ਹੈ" ਡਾ. ਬਲਕਾਰ ਸਿੰਘ।

"ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇਕ ਵਿਸ਼ੇਸ਼ ਕਿਸਮ ਦੀ ਆਂਤਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ਵਿਚ ਦਿਨੋਂ-ਦਿਨ ਘੱਟ ਰਿਹਾ ਹੈ ? ਸੰਭਵ ਹੈ ਕਿ ਇਸ ਦੇ ਸਤਿਕਾਰ ਦੇ ਘੱਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ, ਧਰਮਾਂ ਨੂੰ, ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦਾ ਵਿਨਾਸ਼ਕਾਰੀ ਖੇਲ੍ਹ ਖੇਲਿਆ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਇਹੋ ਜਿਹੇ ਯਤਨ ਪੰਥ ਦੇ ਅਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਿਯਾਦਾਵਾਂ ਅਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਕ ਨੇ ਮੱਲ੍ਹ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ ਵਿਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਅਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਅਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ। ਬਲਕਿ, ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਹ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਸ੍ਰੀ ਅਕਾਲ ਪੁਰਖ ਜੀ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।" ਡਾ. ਕੁਲਵੰਤ ਸਿੰਘ ਗਰੇਵਾਲ

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਵਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਵਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿਚ ਉਤਰ ਚੁੱਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ 'ਤੇ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਇਸ ਬਿਨਾਂ ਇਹ ਸੰਸਥਾਵਾਂ ਪ੍ਰਫੁਲਿਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਜਬਰੀ ਮਿਲਗੋਬਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿਚ ਅਜੋਕੇ ਦੌਰ ਵਿਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿਚ ਚੁਣੌਤੀਆਂ ਨਾਲ ਜੂਝ ਰਹੇ ਹਨ, ਇਸਦਾ ਕਾਰਨ ਵੀ ਸਾਫ ਸਪੱਸ਼ਟ ਹੈ ਕਿ ਜਦੋਂ ਸਿਧਾਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ, ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

**ਕੀਤਾ ਕੀ ਜਾਵੇ-** ਇਹ ਤਿੰਨੇ ਸੰਸਥਾਵਾਂ ਆਪਣੇ ਮੁੱਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਸਿੱਖ ਕਿਰਦਾਰ ਪੈਦਾ ਕਰਕੇ ਨਵੀਨਤਮ ਢੰਗ ਨਾਲ ਪ੍ਰਚਾਰ ਦਾ ਖੇਤਰ ਚੁਣਨ। ਹਰ ਦੇਸ਼ ਵਿਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ, ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀ.ਵੀ. ਚੈਨਲਾਂ, ਸੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ 'ਤੇ ਅਪਣਾਇਆ ਜਾਵੇ। ਸੰਸਾਰ ਵਿਚ ਵੱਧਦੇ ਸਿੱਖ ਭਾਈਚਾਰੇ ਨੂੰ ਇਕ ਲੜੀ ਵਿਚ ਪਰੋਣ ਲਈ ਇਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇਕ ਕਲਿੱਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।

## 168 ਸਾਲਾ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸਿੰਗਾਪੁਰ ਜੇਲ੍ਹ 'ਚ ਭਾਰਤ ਦੀ ਆਜ਼ਾਦੀ ਖਾਤਰ ਸ਼ਹੀਦੀ ਪਾਉਣ ਵਾਲੇ ਭਾਈ ਮਹਾਰਾਜ ਸਿੰਘ ਜੀ

ਲੇਖਕ: ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਸਿੰਗਾਪੁਰ ਤੋਂ
99880-66466
ਪੰਜਾਬ ਮੇਲ USA



ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ (1839 ਈ:) ਤੋਂ ਬਾਅਦ ਗਦਾਰ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਮਿਲਕੇ ਸ਼ੇਰੇ-ਪੰਜਾਬ ਦੇ ਸਿੱਖ ਸਰਦਾਰਾਂ ਵਿਚ ਭਰਾ ਮਾਰੂ ਜੰਗ ਕਰਵਾਕੇ ਪੰਜਾਬ ਦੇ ਰਾਜ ਭਾਗ ਨੂੰ ਤਬਾਹ ਕਰਨ 'ਚ ਅਹਿਮ ਯੋਗਦਾਨ ਪਾਇਆ। ਮਹਾਰਾਜਾ ਰਣਜੀਤ ਸਿੰਘ ਦੇ ਦੁੱਖੀ ਹੋਏ ਦੋ ਪੁੱਤਰ ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ ਅਤੇ ਹੋਰ ਮੁੱਖੀ ਸਰਦਾਰ ਤੇ ਸਰਦਾਰਾਂ ਦੇ ਪੁੱਤਰ ਤਪੱਸਵੀ ਮਹਾਂਪੁਰਸ਼ ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਦੀ ਸ਼ਰਨ 'ਚ ਡੇਰਾ ਮੁੱਠਿਆਂਵਾਲੀ ਨੇੜੇ ਹਰੀਕੇ ਪੱਤਣ ਆ ਗਏ ਸਨ। ਬਾਬਾ ਜੀ ਵਲੋਂ ਸ਼ਰਨ ਆਇਆਂ ਨੂੰ ਗਦਾਰਾਂ ਦੇ ਹਵਾਲੇ ਨਾ ਕਰਨ 'ਤੇ ਗਦਾਰਾਂ ਵਲੋਂ ਬਹੁਤ ਵੱਡੀ ਫੌਜ ਤੇ ਤੋਪਾਂ ਨਾਲ ਮੁੱਠਿਆਂਵਾਲੀ ਡੇਰੇ 'ਤੇ ਹਮਲਾ ਕਰ ਦਿੱਤਾ ਪਰ ਬਾਬਾ ਜੀ ਨੇ ਆਪਣੀਆਂ ਫੌਜਾਂ ਅਤੇ ਸੰਗਤਾਂ ਨੂੰ ਸ਼ਾਂਤਮਈ ਰਹਿਣ ਦਾ ਹੁਕਮ ਕੀਤਾ ਹੋਣ ਕਰਕੇ ਵੱਡੀ ਗਿਣਤੀ ਵਿਚ ਫੌਜਾਂ ਤੇ ਸੰਗਤਾਂ ਵਲੋਂ ਸਿਮਰਨ ਕਰਦਿਆਂ ਸ਼ਾਂਤਮਈ ਸ਼ਹੀਦੀਆਂ ਪਾਈਆਂ ਗਈਆਂ ਸਨ। ਇਸ ਹਮਲੇ ਦੌਰਾਨ ਬਾਬਾ ਬੀਰ ਸਿੰਘ ਜੀ ਦੇ ਪੱਟ 'ਤੇ ਵੀ ਤੋਪ ਦਾ ਗੋਲਾ ਵੱਜਾ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆ ਜਾਣ ਕਰਕੇ ਲੰਗਰ ਦੀ ਸੇਵਾ ਕਮਾ ਰਹੇ ਭਾਈ ਮਹਾਰਾਜ ਸਿੰਘ ਜੀ ਨੂੰ ਕੋਲ ਸੱਦ ਕੇ ਨੌਰੰਗਾਬਾਦ ਡੇਰੇ ਦੀ ਸਾਰੀ ਮਰਿਆਦਾ ਸਮਝਾਉਂਦੇ ਹੋਏ ਸੰਪਰਦਾ ਦੀਆਂ ਬਖਸ਼ਿਸ਼ਾਂ ਭੇਟ ਕਰਕੇ 7 ਮਈ, 1844 ਈ: ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ ਸੀ। ਇਸੇ ਦਿਨ ਹੀ ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਆਪਣੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਪ੍ਰਲੋਕ ਗਮਨ ਕਰ ਗਏ ਸਨ। ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਦੇ ਬਚਨਾਂ 'ਤੇ ਪਹਿਰਾ ਦੇਂਦੇ ਹੋਏ ਭਾਈ ਮਹਾਰਾਜ ਸਿੰਘ ਜੀ ਨੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਲਈ ਵਿਉਂਤਾਂ ਬਣਾਉਣੀਆਂ ਆਰੰਭ ਕਰ ਦਿੱਤੀਆਂ। ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਬਾਲਕ ਕੰਵਰ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਅਤੇ ਮਹਾਰਾਣੀ ਜਿੰਦਾਂ ਨੂੰ ਕੈਦ ਵਿਚੋਂ ਛਡਾਉਣ ਹਿੱਤ ਜਲੰਧਰ ਨੇੜੇ ਆਦਮਪੁਰ ਵਿਖੇ ਖੇਤਾਂ ਦੀਆਂ ਝਾੜੀਆਂ 'ਚ ਸਾਥੀਆਂ ਨਾਲ ਹਥਿਆਰ ਲੁੱਟਣ ਦੀ ਵਿਉਂਤ ਬਣਾ ਰਹੇ ਭਾਈ ਮਹਾਰਾਜ ਸਿੰਘ ਜੀ ਤੇ ਉਨ੍ਹਾਂ ਨਾਲ 21 ਹੋਰ ਸਾਥੀਆਂ ਨੂੰ ਗਦਾਰਾਂ ਨੇ ਸਰਕਾਰ ਨੂੰ ਸੂਹ ਦੇ ਕੇ ਗ੍ਰਿਫਤਾਰ ਕਰਵਾ ਦਿੱਤਾ। ਗ੍ਰਿਫਤਾਰੀ ਦੇ ਕੁਝ ਦਿਨਾਂ ਬਾਅਦ ਆਪ ਜੀ ਨੂੰ ਇਕ ਨਿੱਜੀ ਸੇਵਕ ਬਾਬਾ ਖੜਕ ਸਿੰਘ ਨੂੰ ਜਲੰਧਰ ਤੋਂ ਲਿਜਾਅ ਕੇ ਕਲਕੱਤੇ ਜੇਲ੍ਹ 'ਚ ਰੱਖਿਆ ਗਿਆ। ਸਿੱਖਾਂ ਵਿਚ ਬਾਬਾ ਜੀ ਦੀ ਲੋਕਪ੍ਰਿਅਤਾ ਤੋਂ ਡਰਦੇ ਹੋਏ ਅੰਗਰੇਜ ਸਰਕਾਰ ਨੇ ਛੇਤੀ ਹੀ ਆਪ ਜੀ ਤੇ ਸੇਵਕ ਨੂੰ ਦੇਸ਼ ਤੋਂ ਜਲਾਵਤਨ ਕਰਕੇ 9 ਜੁਲਾਈ 1850 ਈ: ਨੂੰ 'ਮੁਹੰਮਦ ਸ਼ਾਹ' ਨਾਮੀ ਸਮੁੰਦਰੀ ਜਹਾਜ ਰਾਹੀਂ ਵਿਦੇਸ਼ ਦੀ ਧਰਤੀ ਸਿੰਗਾਪੁਰ ਲਿਜਾਇਆ ਗਿਆ ਕਿਉਂਕਿ ਸਿੰਗਾਪੁਰ ਵਿਚ ਵੀ ਅੰਗਰੇਜ਼ਾਂ ਦਾ ਰਾਜ ਭਾਗ ਸੀ।

ਭਾਈ ਮਹਾਰਾਜ ਸਿੰਘ ਜੀ ਨੂੰ ਅੰਗਰੇਜ਼ੀ ਸਰਕਾਰ ਵਲੋਂ ਸਿੰਗਾਪੁਰ ਦੀ ਬਹੁਤ ਹੀ ਖ਼ਤਰਨਾਕ ਔਟਰਮ ਜੇਲ੍ਹ ਦੀ ਕਾਲ ਕੋਠੜੀ ਵਿਚ ਬੰਦੀ ਬਣਾ ਲਿਆ ਗਿਆ ਅਤੇ ਆਪ ਜੀ ਦੀ ਨਿਗਰਾਨੀ ਅਤੇ ਸੇਵਾ ਵਿਚ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ, ਆਪ ਜੀ ਦੇ ਨਾਲ ਆਏ ਨਿੱਜੀ ਸੇਵਕ ਬਾਬਾ ਖੜਕ ਸਿੰਘ ਜੀ ਨੂੰ ਵੀ ਲਾਇਆ ਗਿਆ। ਬਰਤਾਨਵੀਂ ਸਰਕਾਰ ਨੇ ਭਾਈ ਮਹਾਰਾਜ ਸਿੰਘ ਜੀ ਨੂੰ ਭਾਰਤ ਦੀ ਆਜ਼ਾਦੀ ਦਾ ਰਾਹ ਛੱਡ ਦੇਣ ਦੇ ਕਈ ਤਰ੍ਹਾਂ ਦੇ ਲਾਲਚ ਦੇ ਕੇ ਮਨਾਉਣ ਦਾ ਯਤਨ ਕੀਤਾ ਪਰ ਸੰਤ ਸਿਪਾਹੀ ਬਾਬਾ ਜੀ ਨੇ ਦੇਸ਼ ਨਾਲ ਗ਼ਦਾਰੀ ਕਰਨ ਵਾਲਾ ਰਾਹ ਨਾ ਚੁਣਿਆ ਅਤੇ ਅੰਗਰੇਜ਼ੀ ਸਰਕਾਰ ਨੂੰ ਨਿਡਰਤਾ ਨਾਲ ਬਚਨ ਕੀਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਬਾਹਰ ਕੱਢਣ ਦੀ ਕਸਮ ਖਾਧੀ ਹੋਈ ਹੈ। ਆਪ ਜੀ ਨੂੰ ਜੇਲ੍ਹ ਦੀ ਕਾਲ ਕੋਠੜੀ ਵਿਚ ਬਹੁਤ ਤਸੀਹੇ ਦਿੱਤੇ ਗਏ। ਖਾਣੇ ਵਿਚ ਕੱਚ ਪੀਹ ਕੇ ਪਾ ਦੇਣਾ, ਬਿਨ੍ਹਾ ਹਵਾ ਚਾਨਣ ਵਾਲੇ ਛੋਟੇ ਜਿਹੇ ਕਮਰੇ ਵਿਚ ਰੱਖਣਾ, ਕਿਸੇ ਨੂੰ ਮਿਲਣ ਨਾ ਦੇਣਾ, ਨਿੱਜੀ ਸੇਵਕ ਬਾਬਾ ਖੜਕ ਸਿੰਘ ਨੂੰ ਵੱਖ ਕਰ ਦੇਣਾ ਆਦਿ ਵਰਗੇ ਤਸੀਹੇ ਵੀ ਆਜ਼ਾਦੀ ਦੇ ਪਰਵਾਨੇ ਨੂੰ ਡੋਲਾਅ ਨਾ ਸਕੇ। ਜੇਲ੍ਹ ਵਿਚ ਹੀ ਆਪ ਜੀ ਦੀਆਂ ਅੱਖਾਂ ਦੀ ਰੌਸ਼ਨੀ ਵੀ ਜਾਂਦੀ ਰਹੀ ਤੇ ਦੰਦਾਂ ਤੇ ਕੈਂਸਰ ਦੀ ਭਿਆਨਕ ਬਿਮਾਰੀ ਲੱਗ ਜਾਣ 'ਤੇ ਵੀ ਚੜਦੀ ਕਲਾ ਵਿਚ ਰਹਿ ਕੇ ਗੁਰਬਾਣੀ ਦਾ ਪਾਠ ਅਤੇ ਲਗਾਤਾਰ ਸਿਮਰਨ ਕਰਕੇ ਗੁਰੂ ਜੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ। ਲਗਾਤਾਰ 6 ਸਾਲ ਦਾ ਦੁੱਖਾਂ ਭਰਿਆ ਸਮਾਂ ਜੇਲ੍ਹ ਦੀ ਕਾਲ ਕੋਠੜੀ ਵਿਚ ਬਤੀਤ ਕਰਦੇ ਹੋਏ ਅੰਤ 5 ਜੁਲਾਈ 1856 ਈ: ਨੂੰ ਹਕੂਮਤ ਦੀਆਂ ਨਾਪਾਕ ਚਾਲਾਂ ਨੂੰ ਠੁਕਰਾ ਕੇ ਜੇਲ੍ਹ ਵਿਚ ਸ਼ਹੀਦੀ ਪਾ ਗਏ ਸਨ। ਆਪ ਜੀ ਨੂੰ ਭਾਰਤ ਦੀ ਜੰਗੇ ਆਜ਼ਾਦੀ ਦੇ ਪਹਿਲੇ ਜਲਾਵਤਨੀ ਸ਼ਹੀਦ ਹੋਣ ਦਾ ਮਾਣ ਮਿਲਿਆ ਹੈ। ਸ਼ਹੀਦੀ ਪਾਉਣ ਵਾਲੇ ਦਿਨ ਤੱਕ ਆਪ ਜੀ ਉਮਰ 76 ਸਾਲ 5 ਮਹੀਨੇ 22 ਦਿਨ ਸੀ।

ਭਾਈ ਮਹਾਰਾਜ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਨੂੰ ਯਾਦ ਰੱਖਣ ਲਈ ਸਿੰਗਾਪੁਰ ਦੇ ਸਿੱਖਾਂ ਨੇ ਗੁਰਦੁਆਰਾ ਸਾਹਿਬ ਸਿਲਟ ਰੋਡ ਦੇ ਨਜ਼ਦੀਕ ਆਪ ਜੀ ਦੀ ਯਾਦ ਵਿਚ ਬਹੁਤ ਹੀ ਅਲੀਸ਼ਾਨ ਗੁਰਦੁਆਰਾ 'ਯਾਦਗਾਰੀ ਅਸਥਾਨ ਭਾਈ ਮਹਾਰਾਜ ਸਿੰਘ ਜੀ' ਬਣਾਇਆ ਹੋਇਆ ਹੈ, ਜਿਥੇ ਹਰ ਸਾਲ 5 ਜੁਲਾਈ ਨੂੰ ਸਾਲਾਨਾ ਸ਼ਹੀਦੀ ਜੋੜ ਮੇਲਾ ਬੜੀ ਸਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਸੈਂਟਰਲ ਸਿੱਖ ਗੁਰਦੁਆਰਾ ਬੋਰਡ ਸਿੰਗਾਪੁਰ ਅਤੇ ਗੁਰਦੁਆਰਾ ਸਾਹਿਬ ਸਿਲਟ ਰੋਡ ਦੀ ਕਮੇਟੀ ਵਲੋਂ 5 ਜੁਲਾਈ 2024 ਈ: ਨੂੰ ਭਾਈ ਮਹਾਰਾਜ ਸਿੰਘ ਜੀ ਦਾ 168 ਸਾਲਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਇਥੇ ਇਹ ਵਰਨਣਯੋਗ ਹੈ ਕਿ ਭਾਈ ਮਹਾਰਾਜ ਸਿੰਘ ਜੀ ਦਾ ਜਨਮ 13 ਜਨਵਰੀ, 1780 ਈ: ਨੂੰ ਲੁਧਿਆਣਾ (ਪੰਜਾਬ) ਜ਼ਿਲ੍ਹੇ ਦੇ ਪਿੰਡ ਉੱਚੀ ਰੱਬੋਂ (ਮਲੌਦ) ਵਿਖੇ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਤੇ ਪਿਤਾ ਸਰਦਾਰ ਕੇਸਰ ਸਿੰਘ ਦੇ ਗ੍ਰਹਿ ਵਿਖੇ ਹੋਇਆ ਸੀ। ਮਾਤਾ-ਪਿਤਾ ਨੇ ਨਾਮ ਨਿਹਾਲ ਸਿੰਘ ਰੱਖਿਆ ਅਤੇ ਬਾਬਾ ਬੀਰ ਸਿੰਘ ਨੌਰੰਗਾਬਾਦ (ਤਰਨਤਾਰਨ) ਦੀ ਸੰਗਤ 'ਚ ਆਉਣ 'ਤੇ ਅਮ੍ਰਿੰਤ ਛੱਕਣ ਤੋਂ ਬਾਅਦ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਆਪ ਜੀ ਦਾ ਨਾਮ ਭਗਵਾਨ ਸਿੰਘ ਰੱਖਿਆ ਪਰ ਨੌਰੰਗਾਬਾਦ ਡੇਰੇ ਵਿਚ ਲੰਗਰ ਵਰਤਾਉਂਦਿਆਂ ਹਰੇਕ ਸੰਗਤ ਨੂੰ 'ਲਓ ਪ੍ਰਸ਼ਾਦਾ ਮਹਾਰਾਜ ਜੀ', 'ਲਓ ਜਲ ਮਹਾਰਾਜ ਜੀ' ਸੰਬੋਧਨ ਕਰਨ ਕਰਕੇ ਆਪ ਜੀ ਨੂੰ ਸੰਗਤਾਂ 'ਬਾਬਾ ਮਹਾਰਾਜ ਸਿੰਘ ਜੀ' ਕਹਿਣ ਲੱਗ ਪਈਆਂ ਸਨ। ਸਿੰਗਾਪੁਰ ਸਰਕਾਰ ਦੇ ਪੁਰਾਤਨ ਰਿਕਾਰਡ ਵਿਚ ਆਪ ਜੀ ਦਾ ਨਾਮ 'ਭਾਈ ਮਹਾਰਾਜ ਸਿੰਘ' ਮਿਲਦਾ ਹੈ।



ਭਾਈ ਮਹਾਰਾਜ ਸਿੰਘ ਜੀ ਸਿੰਗਾਪੁਰ ਜੇਲ੍ਹ 'ਚ




ਸਿੰਗਾਪੁਰ 'ਚ ਸ਼ਹੀਦੀ ਅਸਥਾਨ ਭਾਈ ਮਹਾਰਾਜ ਸਿੰਘ ਜੀ

# ਸੁਤੰਤਰਤਾ ਸੰਗਰਾਮੀ ਸਾਹਿਤਕ ਲਿਖਾਰੀ ਤੇ ਇਨਕਲਾਬੀ ਕਵੀ ਮੁਨਸ਼ਾ ਸਿੰਘ 'ਦੁਖੀ'

-ਸੁਰਿੰਦਰ ਸਿੰਘ ਜੱਬਲ
ਪੰਜਾਬ ਮੇਲ USA



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ
ਫੋਨ : 1-604-308-6663
ਪੰਜਾਬ ਮੇਲ USA



ਮੁਨਸ਼ਾ ਸਿੰਘ 'ਦੁਖੀ' ਭਾਰਤ ਦੀ ਆਜ਼ਾਦੀ ਲਈ ਦੇਸ ਤੇ ਕੌਮ ਦੀ ਭਗਤੀ 'ਚ ਗੜੁੱਚੇ ਹੋਏ ਸੁਤੰਤਰਤਾ ਸੰਗਰਾਮੀ ਅਤੇ ਗਦਰ ਪਾਰਟੀ ਦੇ ਮੁੱਢਲੇ ਘੁਲਾਟੀਆਂ ਵਿਚੋਂ ਹੋ ਗੁਜ਼ਰੇ ਹਨ। ਇਹੋ ਜਿਹੇ ਦੇਸ਼ ਭਗਤਾਂ 'ਤੇ ਜਿੰਨਾ ਵੀ ਮਾਣ ਕੀਤਾ ਜਾਵੇ, ਉਹ ਓਨਾ ਹੀ ਥੋੜਾ ਹੈ। ਅੱਜ ਮੁਨਸ਼ਾ ਸਿੰਘ 'ਦੁਖੀ' ਜੀ ਦਾ 134ਵਾਂ ਜਨਮ ਦਿਨ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਮਨਾਇਆ ਜਾ ਰਿਹਾ ਹੈ। ਸਾਡੇ ਵਿਚੋਂ ਬਹੁਤਿਆਂ ਨੇ ਤਾਂ ਇਹ ਨਾਮ ਸ਼ਾਇਦ ਪਹਿਲੀ ਵਾਰ ਹੀ ਸੁਣਿਆ ਹੋਵੇ ਪਰ ਕੈਨੇਡਾ ਅਮਰੀਕਾ ਵਿਚ ਭਾਰਤੀ ਮੂਲ ਦੇ ਵਸਨੀਕਾਂ ਵਾਸਤੇ ਬਹੁਤ ਹੀ ਮਾਣਮੱਤੀ ਵਿਰਾਸਤੀ ਜੀਵਨ ਗਾਥਾ ਹੈ। ਦੁੱਖਾਂ ਤਕਲੀਫਾਂ ਭਰੀ ਜ਼ਿੰਦਗੀ ਗਦਰੀ ਯੋਧੇ ਦੀ ਦਾਸਤਾਨ ਸੁਤੰਤਰਤਾ ਮਹੱਲ ਦੇ ਨੀਂਹ ਪੱਥਰ ਦੀ ਨਿਆਈਂ ਹੈ।

ਮੁਨਸ਼ਾ ਸਿੰਘ 'ਦੁਖੀ' ਦਾ ਜਨਮ ਜ਼ਿਲ੍ਹਾ ਜਲੰਧਰ ਵਿਚ ਦੁਆਬੇ ਦੇ ਪ੍ਰਸਿੱਧ ਕਸਬੇ ਜੰਡਿਆਲਾ ਜਿਸ ਨੂੰ ਮੰਜਕੀ ਦਾ ਇਲਾਕਾ ਵੀ ਕਿਹਾ ਜਾਂਦਾ ਹੈ, ਵਿਚ ਪਹਿਲੀ ਜੁਲਾਈ 1890 ਵਿਚ ਸੂਬੇਦਾਰ ਨਿਹਾਲ ਸਿੰਘ ਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਪੰਜਾਂ ਭਰਾਵਾਂ ਵਿਚੋਂ 'ਦੁਖੀ' ਜੀ ਦੋ ਭਰਾਵਾਂ ਤੋਂ ਵੱਡੇ ਅਤੇ ਦੋ ਤੋਂ ਛੋਟੇ ਸਨ। ਸਕੂਲੀ ਵਿਦਿਆ ਆਪ ਜੀ ਦੇ ਭਾਗਾਂ ਵਿਚ ਬਹੁਤੀ ਨਹੀਂ ਸੀ। ਪਿੰਡ ਦੇ ਪ੍ਰਾਈਮਰੀ ਸਕੂਲ ਤੱਕ ਹੀ ਸੀਮਤ ਸੀ ਪਰ ਬਾਦ ਵਿਚ ਜ਼ਿੰਦਗੀ ਦੀਆਂ ਲੋੜਾਂ ਤੇ ਗੁਜ਼ਰਾਨ ਦੇ ਨਾਲ-ਨਾਲ ਫਾਰਸੀ, ਅੰਗਰੇਜ਼ੀ, ਬੰਗਾਲੀ, ਉਰਦੂ, ਬ੍ਰਿਜਭਾਸ਼ਾ, ਹਵਾਇਨ, ਹਿੰਦੀ, ਜਰਮਨ, ਫਰਾਂਸੀਸੀ ਤੇ ਪੰਜਾਬੀ ਵਿਚ ਮਹਾਰਤ ਹਾਸਲ ਕਰ ਲਈ ਸੀ। ਮੁਨਸ਼ਾ ਸਿੰਘ ਜੀ ਦਾ ਜਨਮ ਤਾਂ ਬੇਸ਼ੱਕ ਰਾਮਗੜ੍ਹੀਆ ਕਿਰਤੀ 'ਭੱਚੂ' ਪਰਿਵਾਰ ਵਿਚ ਹੋਇਆ ਪਰ ਇਨ੍ਹਾਂ ਨੇ ਆਪਣਾ ਉਪਨਾਮ 'ਦੁਖੀ' ਨੂੰ ਆਪਣੇ ਤਖੱਲਸ ਵਜੋਂ ਅਪਨਾਇਆ ਹੀ ਨਹੀਂ ਪਰ ਦੁਖਾਂ, ਤਕਲੀਫਾਂ ਦੇ ਪਹਾੜ ਸਹਿਨ ਕਰ ਜਾਣ ਦਾ ਤਰਜਮਾਨ ਵੀ ਬਣਿਐ। ਵੈਸੇ ਇਹ ਤਖੱਲਸ ਆਮ ਤੌਰ 'ਤੇ ਤਾਂ ਲਿਖਤਾਂ ਦੇ ਪੈਰੋਂ ਹੀ ਪੁੰਗਰਿਆ ਸੀ।

ਬਚਪਨ ਵਿਚ ਹੀ ਮੁਨਸ਼ਾ ਸਿੰਘ 'ਦੁਖੀ' ਜੀ ਦੇ ਜੀਵਨ ਵਿਚ ਸੰਗਤ ਦੀ ਰੰਗਤ ਚੜ੍ਹ ਗਈ ਸੀ। ਖਾਸ ਕਰਕੇ ਭਾਈ ਸੋਭਾ ਸਿੰਘ ਜੀ ਜੋ ਅੰਗਰੇਜ਼-ਸਿੱਖ ਯੁੱਧਾਂ ਦੌਰਾਨ ਸ਼ਾਮ ਸਿੰਘ ਅਟਾਰੀ ਜੀ ਦੇ ਅੰਗ ਰੱਖਿਅਕ ਵਜੋਂ ਲੜ ਚੁੱਕੇ ਸਨ ਤੇ ਹੁਣ ਅੰਗਰੇਜ਼ ਪੁਲਸੀਏ ਤੇ ਮੁਖਬਰਾਂ ਤੋਂ ਬਚਣ ਲਈ ਇਨ੍ਹਾਂ ਦੇ ਪਿੰਡ ਜੰਡਿਆਲਾ ਦੀ ਧਰਮਸਾਲ ਵਿਚ ਹੀ ਸਾਧੂ ਦੇ ਭੇਸ ਵਿਚ ਜੀਵਨ ਬਤੀਤ ਕਰ ਰਹੇ ਸਨ। 'ਦੁਖੀ' ਸਾਹਿਬ ਦਾ ਅਨੁਭਵ ਸੀ ਕਿ ਅਜੋਕੇ ਮਹਾਂਪੁਰਖ ਨਿਰੇ ਯੋਧੇ ਹੀ ਨਹੀਂ ਸਨ, ਬਲਕਿ ਸਿਰੇ ਦੇ ਵਿਦਵਾਨ ਵੀ ਸਨ। ਮਹਾਂਪੁਰਖਾਂ ਦੀ ਸਿੱਖਿਆ ਅਤੇ ਸੰਗਤ ਨੇ ਮੁਨਸ਼ਾ ਸਿੰਘ 'ਦੁਖੀ' ਜੀ ਨੂੰ ਨਿਡਰਤਾ ਤੇ ਨਿਧੜਕਤਾ ਦੀ ਪੁੱਠ ਦੇ ਕੇ ਜ਼ਿੰਦਗੀ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਖਿੜੇ ਮੱਥੇ ਜਰ ਕੇ ਬੜੇ ਹੌਂਸਲੇ ਨਾਲ ਮੰਜ਼ਲ ਵੱਲ ਵਧਣ ਦਾ ਵੱਲ ਸਿਖਾਇਆ।

ਫਲਸਰੂਪ 'ਦੁਖੀ' ਜੀ ਦੀ ਰੁਚੀ ਦੇਸ ਭਗਤੀ ਅਤੇ ਕੌਮੀ ਰਾਜਨੀਤੀ ਨਾਲ ਜੁੜ ਗਈ ਕਿਉਂਕਿ ਸੰਨ 1907 ਵਿਚ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਕਰ ਰਹੇ ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਇ ਨੂੰ ਜਦੋਂ ਬਰਮਾ ਵਿਚ ਜਲਾਵਤਨ ਕਰ ਦਿੱਤਾ ਗਿਆ, ਤਾਂ ਇਸ ਘਟਨਾ ਨੇ ਵੀ ਬਹੁਤ ਅਸਰ ਪਾਇਆ। 'ਦੁਖੀ' ਜੀ ਹੁਣ ਆਪਣੇ ਦੋ ਭਰਾਵਾਂ ਕੋਲ ਬੰਗਾਲ ਪਹੁੰਚ ਗਏ ਅਤੇ ਅਰਵਿੰਦ ਘੋਸ਼ ਵਲੋਂ ਸਥਾਪਿਤ ਕ੍ਰਾਂਤੀਕਾਰੀਆਂ ਦੀ ਸਭਾ ਵਿਚ ਸ਼ਾਮਲ ਹੋ ਗਏ। ਸਿੱਖ ਇਤਿਹਾਸ ਵਿਚਲੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਸਾਖੀਆਂ ਤੋਂ ਤਾਂ ਉਹ ਪਹਿਲਾਂ ਹੀ ਪ੍ਰਭਾਵਤ ਸਨ। ਹੁਣ ਉਹ ਪ੍ਰਦੇਸ ਜਾਣ ਦੀ ਲਾਲਸਾ ਹਿਤ ਹਾਂਗਕਾਂਗ ਹੁੰਦੇ ਹੋਏ ਹੋਨੋਲੂਲੂ ਪਹੁੰਚ ਗਏ ਤੇ 1910 ਵਿਚ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਪੁੱਜਣ ਵਿਚ ਸਫਲ ਹੋ ਗਏ, ਜੋ ਕਿ ਉਸ ਸਮੇਂ ਸੰਸਾਰ ਭਰ ਦੇ ਕ੍ਰਾਂਤੀਕਾਰੀਆਂ ਦਾ ਸਰਗਰਮ ਸ਼ਹਿਰ ਸੀ ਤੇ ਅਪ੍ਰੈਲ 1913 ਵਿਚ ਗਦਰ ਪਾਰਟੀ ਦਾ ਮੁੱਢ ਬੱਝ ਗਿਆ। ਇਨਕਲਾਬ ਦੇ ਪ੍ਰਚਾਰ ਲਈ ਪਾਰਟੀ ਵਲੋਂ 'ਗਦਰ' ਨਾਂਅ ਦਾ ਪਰਚਾ ਪਹਿਲਾਂ ਉਰਦੂ ਵਿਚ ਤੇ ਬਾਦ ਵਿਚ ਛਪਣਾ ਸ਼ੁਰੂ ਹੋ ਗਿਆ। ਸੰਨ 1916 ਤੱਕ ਇਸ ਪਰਚੇ ਦੀ ਛਪਵਾਈ ਦਸ ਲੱਖ ਤੀਕ ਪਹੁੰਚ ਗਈ, ਜਿਹੜਾ ਕਿ ਸਭ ਥਾਈਂ ਮੁਫਤ ਭੇਜਿਆ ਤੇ ਵੰਡਿਆ ਜਾਂਦਾ ਸੀ। 'ਦੁਖੀ' ਜੀ ਦੀਆਂ ਕ੍ਰਾਂਤੀਕਾਰੀ ਤੇ ਜੋਸ਼ੀਲੀਆਂ ਕਵਿਤਾਵਾਂ ਇਸ ਵਿਚ ਆਮ ਛਪਦੀਆਂ ਸਨ।

ਇਕ ਤਾਂ ਮੁਨਸ਼ਾ ਸਿੰਘ 'ਦੁਖੀ' ਜੀ ਜੁਆਨੀ ਦੀ ਭਰ ਉਮਰ ਵਿਚ ਸਨ, ਦੂਜੇ ਸਿੱਖ ਵਿਰਸਾ ਵਿਰਾਸਤ ਤੇ ਕ੍ਰਾਂਤੀਕਾਰੀਆਂ ਦੀ ਸੰਗਤ, ਤੀਜੇ ਸੁਤੰਤਰ ਦੇਸ਼ ਵਿਚ ਗੁਲਾਮਾਂ ਤੇ ਸੁਤੰਤਰਾਂ ਵਿਚਕਾਰਲੇ ਫਰਕ ਦੀ ਮਨ 'ਤੇ ਛਾਪ, ਚੌਥੇ ਅਗਰੇਜ਼ਾਂ ਵਲੋਂ ਨੌਕਰਾਂ ਨਾਲ ਅੱਤਿਆਚਾਰੀ ਵਤੀਰਾ ਤੇ ਪੰਜਵੇਂ ਇਸ ਸੁਤੰਤਰ ਦੇਸ਼ ਵਿਚ ਪ੍ਰਵਾਸੀ ਭਾਰਤੀਆਂ ਨੂੰ



ਮਾਰੇ ਜਾਂਦੇ ਤਾਹਨੇ-ਮਿਹਣਿਆਂ ਨੇ ਸ. ਮੁਨਸ਼ਾ ਸਿੰਘ ਦੁਖੀ ਜੀ ਦੇ ਦਿਲ ਨੂੰ ਹੋਰ ਵੀ ਝੰਜੋੜਾ ਮਾਰਿਆ ਤੇ ਦੁਖੀ ਜੀ ਦੋ ਸਾਲ ਅਮਰੀਕਾ ਗੁਜ਼ਾਰਨ ਬਾਦ ਆਪਣੇ ਭਰਾ ਕੋਲ ਕੈਨੇਡਾ ਪਹੁੰਚ ਗਏ। ਕੈਨੇਡਾ ਪਹੁੰਚ ਕੇ ਮੁਨਸ਼ਾ ਸਿੰਘ 'ਦੁਖੀ' ਜੀ ਗਦਰ ਪਾਰਟੀ ਵਿਚ ਹੋਰ ਵੀ ਸਰਗਰਮ ਹੋ ਗਏ ਤੇ ਗੁਰਦੁਆਰੇ ਵਿਚ ਸਤਿਸੰਗ ਕਰਨ ਦੇ ਨਾਲ-ਨਾਲ ਕਵਿਤਾਵਾਂ ਲਿਖਣ ਤੇ ਇਕੱਠ ਵਿਚ ਪੜ੍ਹਨ ਨਾਲ ਇਨਕਲਾਬੀਆਂ ਦੀ ਪ੍ਰੇਰਨਾ ਸਰੋਤ ਬਣ ਗਏ। ਕਾਮਾਗਾਟਾ ਮਾਰੂ ਸਮੇਂ ਮੁਨਸ਼ਾ ਸਿੰਘ ਦੁਖੀ ਸ਼ੋਰ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਮੁਸਾਫਰਾਂ ਤੇ ਕੈਨੇਡੀਅਨ ਪੰਜਾਬੀਆਂ ਵਿਚਕਾਰ ਝੰਡੀ ਇਸ਼ਾਰਿਆਂ ਰਾਹੀਂ ਸੰਪਰਕ ਬਣਾਈ ਰੱਖਣ ਵਿਚ ਵੀ ਅਹਿਮ ਯੋਗਦਾਨ ਪਾਇਆ।

ਸੰਨ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜਨ ਸਮੇਂ ਕ੍ਰਾਂਤੀਕਾਰੀ ਜਿਨ੍ਹਾਂ ਨੂੰ 'ਗਦਰੀ ਬਾਬੇ' ਵੀ ਅਖਿਆ ਜਾਂਦਾ ਹੈ, ਭਾਰਤ ਦੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਦੀ ਤਿਆਰੀ ਲਈ ਦੇਸ਼ ਨੂੰ ਚਾਲੇ ਪਾ ਦਿੱਤੇ। ਦੇਸ਼ ਭਗਤਨ ਕਾਰਵਾਈਆਂ ਕਰਕੇ ਕੈਨੇਡਾ ਸਰਕਾਰ ਮੁਨਸ਼ਾ ਸਿੰਘ ਦੁਖੀ ਜੀ 'ਤੇ ਖਾਸ ਨਜ਼ਰ ਰੱਖ ਰਹੀ ਸੀ ਪਰ ਦੁਖੀ ਸਾਹਿਬ ਭੇਸ ਤੇ ਨਾਉਂ ਬਦਲ ਕੇ 6 ਅਗਸਤ 1914 ਨੂੰ ਐਂਪ੍ਰੈਸ ਆਫ ਰਸ਼ੀਆ ਰਾਹੀਂ ਕੈਨੇਡਾ ਵਿਚੋਂ ਨਿਕਲ ਗਏ। ਕਦੇ 'ਅਬਦੁਲਾ' ਨਾਂਅ ਹੇਠ ਤੇ ਕਦੇ 'ਬਾਬੂ' ਨਾਂਅ ਹੇਠ ਤੇ ਕਦੇ ਬਦਨਾਮ ਪੁਲਿਸ ਅਫਸਰ ਹੌਪਕਿਨਸਨ ਦੇ ਸੂਹੀਏ ਮੰਗਲ ਸਿੰਘ ਦੀ ਅੱਖੀਂ ਘੱਟਾ ਪਾ ਕੇ ਕੈਨੇਡਾ 'ਚੋਂ ਨਿਕਲਣ ਵਿਚ ਕਾਮਯਾਬ ਹੋ ਗਏ। ਹਾਂਗਕਾਂਗ ਪੁੱਜਣ 'ਤੇ ਫਿਰ ਪੁਲਿਸ ਕਪਤਾਨ ਤੋਂ ਬਚਣ ਲਈ ਪਾਗਲ ਬਨਣ ਦਾ ਨਾਟਕ ਖੇਡਣਾ ਪਿਆ। ਕਾਮਾਗਾਟਾਮਾਰੂ ਜਹਾਜ਼ ਜਦੋਂ ਕਲਕੱਤਾ ਦੇ ਬਜਬਜ ਘਾਟ 'ਤੇ 29 ਸਤੰਬਰ ਨੂੰ ਪਹੁੰਚਿਆ, ਤਾਂ ਮੁਨਸ਼ਾ ਸਿੰਘ 'ਦੁਖੀ' ਜੀ ਵੀ ਉਸ ਘਾਟ 'ਤੇ ਇਕ ਤਰ੍ਹਾਂ ਨਾਲ ਮੌਕੇ ਦੇ ਗਵਾਹ ਹਾਜ਼ਰ ਸਨ ਤੇ ਉਨ੍ਹਾਂ ਦੀ ਇਕ ਕਵਿਤਾ 'ਬਜਬਜ ਘਾਟ' ਇਸ ਗੱਲ ਦੀ ਪੁਸ਼ਟੀ ਕਰਦੀ ਹੈ, ਜਦੋਂ ਬ੍ਰਿਟਿਸ਼ ਸਰਕਾਰ ਵਲੋਂ ਨਿਹੱਥੇ ਤੇ ਭੁੱਖਣਭਾਣੇ ਮੁਸਾਫਿਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ।

ਸੰਨ 1915 'ਚ ਵਾਇਸਰਾਇ ਦੀ ਕੌਂਸਲ ਵਲੋਂ ਜਾਰੀ ਕੀਤੇ ਗਏ ਵਾਰੰਟ ਹੇਠ ਗ੍ਰਿਫਤਾਰ ਕਰ ਕੇ 'ਦੁਖੀ' ਜੀ ਨੂੰ ਮੁਲਤਾਨ ਕੇਂਦਰੀ ਜੇਲ੍ਹ ਦੀ ਕਾਲਕੋਠਰੀ ਵਿਚ ਬੰਦ ਕਰ ਦਿੱਤਾ। ਬਾਹਰਲੀ ਦੁਨੀਆਂ ਨਾਲੋਂ ਸੰਪਰਕ ਕੱਟ ਦਿੱਤਾ ਤੇ ਰਾਤ ਸਮੇਂ ਹਫਤੇ ਵਿਚ ਇਕ ਵਾਰ ਹੀ ਬਾਹਰ ਕੱਢ ਕੇ ਹਵਾ ਲੁਆਈ ਜਾਂਦੀ ਸੀ ਤੇ ਉਹ ਵੀ ਜਦੋਂ ਸਫਾਈ ਕਰਨੀ ਹੋਵੇ। ਇਕ ਸਾਲ ਪਿੱਛੋਂ ਦੁਖੀ ਜੀ ਦੀ 300 ਕੈਦੀਆਂ ਸਮੇਤ ਕੈਂਬਲਪੁਰ ਜੇਲ੍ਹ ਵਿਚ ਬਦਲੀ ਕਰ ਦਿੱਤੀ। ਫਿਰ ਲਾਹੌਰ ਸਾਜ਼ਿਸ਼ ਸੈਕੰਡ ਸਪਲੀਮੈਂਟਰੀ ਕੇਸ ਵਿਚ ਫਸਾ ਕੇ ਫਰੰਗੀ ਰਾਜ ਵਿਰੁੱਧ ਵਿਦਰੋਹ ਦਾ ਕੇਸ ਚਲਾਇਆਂ ਗਿਆ, ਜਿਸ ਵਿਚ ਬਾਗੀਆਨਾ ਤਕਰੀਰਾਂ, ਕਵਿਤਾਵਾਂ ਤੇ ਜਰਮਨ ਦੀ ਜਿੱਤ ਦਾ ਪ੍ਰਚਾਰ ਸ਼ਾਮਲ ਸਨ, ਜਿਵੇਂ ਕਿ:

ਦੁਸ਼ਮਨ ਸਾਡਾ ਯੂਰਪ ਦੇ ਵਿਚ, ਫਸਿਆ ਫਾਹੀ ਡਾਢੀ ਹੈ।
ਜਰਮਨ ਸ਼ੇਰ ਖੜਾ ਹੈ ਘੇਰੀ, ਹੁਣ ਤਾਂ ਢਿਲ ਅਸਾਡੀ ਹੈ।
ਅਤੇ;
ਬੇਈਮਾਨ ਫਰੰਗੀ ਨੂੰ ਦੂਰ ਕਰ ਕੇ, ਹਿੰਦੁਸਤਾਨ ਦੇ ਖੁਦ ਮੁਖਤਿਆਰ ਹੋ ਜਾਓ।
ਕਾਫਰ ਕੌਮ ਅੰਗਰੇਜ਼ਾਂ ਦੀ ਰੱਤ ਪੀ ਕੇ, ਭਰ ਪੇਟ ਸੀਨੇ ਠੰਢੇ ਠਾਰ ਹੋ ਜਾਓ।

ਇਸ ਕੇਸ ਵਿਚ ਦੇਸ਼ ਭਗਤ ਸੁਤੰਤਰਤਾ ਸੰਗਰਾਮੀਏ ਮੁਨਸ਼ਾ ਸਿੰਘ ਦੁਖੀ ਜੀ ਨੂੰ ਜਾਇਦਾਦ ਦੀ ਕੁਰਕੀ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਰਤਾਨੀਆ ਦੀ ਵਿਸ਼ਵ ਯੁੱਧ ਵਿਚ ਜਿੱਤ ਹੋਣ ਦੀ ਖੁਸ਼ੀ ਵਿਚ ਸ਼ਾਹੀ ਐਲਾਨ ਰਾਹੀਂ ਮਾਰਚ 1920 ਨੂੰ ਕੁਝ ਕੈਦੀ ਰਿਹਾਅ ਕਰ ਦਿੱਤੇ ਗਏ, ਜਿਨ੍ਹਾਂ ਵਿਚੋਂ ਇਕ ਮੁਨਸ਼ਾ ਸਿੰਘ 'ਦੁਖੀ' ਸਨ। ਪੰਜਾਬ ਪੁਲਿਸ ਫਿਰ ਵੀ ਉਨ੍ਹਾਂ ਦਾ ਪਰਛਾਵਾਂ ਬਣੀ ਰਹੀ ਪਰ ਦੇਸ਼ ਭਗਤੀ 'ਦੁਖੀ' ਜੀ ਦੇ ਖ਼ੂਨ ਵਿਚ ਰਚੀ ਹੋਈ ਸੀ ਤੇ ਪੁਲਿਸ ਦਮਨ ਚੱਕਰ ਵੀ ਉਨ੍ਹਾਂ ਦੇ ਕਵਿਤਾ ਲਿਖਣ ਦੇ ਸ਼ੌਂਕ ਤੇ ਜਜ਼ਬੇ ਨੂੰ ਮੱਠਾ ਨਾ ਕਰ ਸਕੇ ਤੇ ਸਰਕਾਰ ਨੂੰ ਸਮਝਾਉਣ ਲਈ 'ਦੁਖੀ' ਜੀ ਨੇ ਇਕ ਕਵਿਤਾ ਲਿਖੀ, ਜਿਸਦਾ ਸਿਰਲੇਖ ਸੀ "ਚਸਕਾ ਛੁਟਣਾ ਨਹੀਂ ਸਰਕਾਰ ਮੇਰਾ"। ਕਵੀ ਹੋਣ ਦੇ ਨਾਲ-ਨਾਲ ਵਾਰਤਿਕ ਤੇ ਜੀਵਨੀਆਂ ਦੇ ਲਿਖਾਰੀ ਵੀ ਸਨ। ਕਈ ਮਾਸਿਕ ਪਰਚੇ ਵੀ ਕੱਢੇ। ਭਾਰਤ ਵਿਚ 38 ਦੇ ਕਰੀਬ ਪੁਸਤਕਾਂ ਪ੍ਰਕਾਸ਼ਤ ਹੋਈਆਂ ਤੇ 25 ਦੇ ਕਰੀਬ ਅਜੇ ਅਣਛਪੀਆਂ ਪਈਆਂ ਹਨ। ਗਦਰ ਆਸ਼ਰਮ ਅਮਰੀਕਾ ਵਲੋਂ ਵੀ ਬਹੁਤ ਸਾਰੀਆਂ ਪੁਸਤਕਾਂ ਛਾਪੀਆਂ ਗਈਆਂ ਹਨ। ਆਪਣੇ ਜੀਵਨ ਕਾਲ ਵਿਚ ਏਸ਼ੀਆ, ਯੂਰਪ, ਅਫਰੀਕਾ ਤੇ ਕੈਨੇਡਾ ਅਮਰੀਕਾ ਦੇ ਬਹੁਤੇ ਸ਼ਹਿਰਾਂ ਦਾ ਭਰਮਨ ਵੀ ਕੀਤਾ ਤੇ ਅੰਤ ਨੂੰ 26 ਜਨਵਰੀ ਗਣਤੰਤਰ ਦਿਵਸ ਤੇ 1971 ਵਿਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਸਿੱਖ ਕੌਮ ਤੇ ਰਾਮਗੜ੍ਹੀਆ ਕਮਿਊਨਿਟੀ ਇਸ ਇਨਕਲਾਬੀ ਕਵੀ, ਸਾਹਿਤਕਾਰ ਲਿਖਾਰੀ ਤੇ ਭਾਰਤ ਦੀ ਆਜ਼ਾਦੀ ਨੂੰ ਸਮਰਪਿਤ ਦੇਸ ਭਗਤ ਉਤੇ ਜਿਨ੍ਹਾਂ ਵੀ ਮਾਣ ਕਰੇ, ਉਹ 'ਦੁਖੀ' ਜੀ ਦੀ ਕਰਨੀ ਮੁਤਾਬਿਕ ਬਹੁਤ ਹੀ ਥੋੜਾ ਹੈ।

---

# ਉੱਚੀ ਉਡਾਣ ਭਰਨ ਦੇ ਸੁਪਨਸਾਜ਼

ਡਾ. ਪ੍ਰਿਤਪਾਲ ਸਿੰਘ ਮਹਿਰੋਕ
185-ਵਸੰਤ ਵਿਹਾਰ, ਡੀ.ਸੀ. ਰੈਜ਼ੀਡੈਂਸ ਰੋਡ,
ਹੁਸ਼ਿਆਰਪੁਰ - 146 001
98885-10185
ਪੰਜਾਬ ਮੇਲ USA



ਜੈਪੁਰ ਦੇ ਰੇਲਵੇ ਸਟੇਸ਼ਨ ਦੇ ਕੋਲ ਇਕ ਹੋਟਲ ਵਿਚ ਕੁਝ ਦਿਨ ਠਹਿਰਨ ਪਿੱਛੋਂ ਅਗਲੇ ਦਿਨ ਅਸੀਂ ਵਾਪਸ ਮੁੜਨਾ ਸੀ। ਉਥੇ ਅਸੀਂ ਸੈਰ ਸਪਾਟੇ ਲਈ ਨਹੀਂ, ਸਗੋਂ ਉਥੋਂ ਦੇ ਇਕ ਪ੍ਰਸਿੱਧ ਨਿੱਜੀ ਹਸਪਤਾਲ ਦੇ ਮੁੜ-ਵਸੇਬਾ ਕੇਂਦਰ ਵਿਚ ਆਪਣੇ ਇਕ ਨਿੱਜੀ ਕੰਮ ਲਈ ਗਏ ਸਾਂ। ਇਕ ਕੰਪਨੀ ਵਿਚ ਸਹਾਇਕ ਮੈਨੇਜਰ ਲੱਗੇ ਮੇਰੇ ਬੇਟੇ ਨਵ ਪੁਨੀਤ ਸਿੰਘ ਨੇ ਘੱਟ ਤੋਂ ਘੱਟ ਛੁੱਟੀਆਂ ਲੈ ਕੇ ਜੈਪੁਰ ਤੋਂ ਵਾਪਸ ਆ ਜਾਣ ਦੇ ਇਰਾਦੇ ਨਾਲ ਚੰਡੀਗੜ੍ਹ ਤੋਂ ਜੈਪੁਰ (ਬਰਾਸਤਾ ਦਿੱਲੀ) ਜਾਣ-ਆਉਣ ਲਈ ਹਵਾਈ ਜਹਾਜ਼ ਦੀਆਂ ਟਿਕਟਾਂ ਬੁੱਕ ਕਰਵਾ ਲਈਆਂ ਸਨ। ਦੋ-ਤਿੰਨ ਦਿਨ ਮੁੜ-ਵਸੇਬਾ ਕੇਂਦਰ ਵਿਚ ਸਵੇਰੇ, ਦੁਪਹਿਰੇ, ਸ਼ਾਮ ਕਈ ਚੱਕਰ ਲਗਾਉਣ ਤੇ ਖੱਜਲ-ਖੁਆਰ ਹੋਣ ਪਿੱਛੋਂ 09 ਅਪ੍ਰੈਲ, 2016 ਨੂੰ ਸਾਡਾ ਵਾਪਸ ਆਉਣ ਦਾ ਦਿਨ ਸੀ। ਟੈਕਸੀ ਦੀਆਂ ਆਨ ਲਾਈਨ ਸੇਵਾਵਾਂ ਦਾ ਲਾਭ ਲੈਂਦਿਆਂ ਮੇਰੇ ਬੇਟੇ ਨੇ ਕੈਬ ਵਾਲੇ ਨੂੰ ਜੋ ਟਾਈਮ ਦਿੱਤਾ ਸੀ, ਉਸ ਤੋਂ ਪੰਜ ਮਿੰਟ ਪਹਿਲਾਂ ਹੀ ਉਹ ਹੋਟਲ ਦੇ ਗੇਟ 'ਤੇ ਪਹੁੰਚ ਗਿਆ ਸੀ। ਗੱਡੀ ਵਿਚ ਸਮਾਨ ਟਿਕਾ ਕੇ 04:00 ਵਜੇ ਸਵੇਰੇ ਅਸੀਂ ਹੋਟਲ ਤੋਂ ਚੱਲ ਪਏ ਸਾਂ। ਟਿਕਿਆ ਹੋਇਆ ਸਵੇਰ ਦਾ ਸਮਾਂ ਸੀ। ਸੜਕਾਂ ਵਾਸਤੇ ਵਾਹਨਾਂ ਦੇ ਭਾਰ ਤੋਂ ਕੁਝ ਰਾਹਤ ਲੈਣ ਦਾ ਸਮਾਂ ਸੀ ਇਹ। ਚੌਫੇਰੇ ਸ਼ਾਂਤੀ ਪਸਰੀ ਹੋਈ ਸੀ। ਕੈਬ ਡਰਾਈਵਰ ਨੇ ਗੀਤ ਲਗਾ ਲਿਆ :

ਬਾਬਾ, ਮੈਂ ਤੇਰੀ ਪਤੰਗ, ਹਵਾ ਵਿਚ ਉਡਦੀ ਜਾਵਾਂਗੀ
ਬਾਬਾ, ਡੋਰ ਹੱਥੋਂ ਛੱਡੀਂ ਨਾ, ਮੈਂ ਕੱਟੀ ਜਾਵਾਂਗੀ...।

ਗੀਤ ਦੇ ਬੋਲਾਂ ਨਾਲ ਇਕ ਸੁਰ ਹੋਇਆ ਡਰਾਈਵਰ ਬਹੁਤ ਆਰਾਮ ਤੇ ਸਹਿਜ ਨਾਲ ਗੱਡੀ ਚਲਾ ਰਿਹਾ ਸੀ। ਕੋਈ ਕਾਹਲੀ ਨਹੀਂ ਸੀ ਕਰ ਰਿਹਾ ਉਹ। ਗੀਤ ਸੁਣਦਿਆਂ ਉਹ ਅਜੀਬ ਜਿਹੀ ਮਸਤੀ ਵਿਚ ਝੂਮ ਰਿਹਾ ਸੀ। ਮੈਨੂੰ ਵੀ ਗੀਤ ਦੇ ਬੋਲ, ਉਸਦੀ ਕੰਪੋਜ਼ੀਸ਼ਨ, ਗਾਇਕ ਦੀ ਗਾਇਨ ਕਲਾ, ਉਸਦੀ ਆਵਾਜ਼, ਗੀਤ ਤੇ ਸੰਗੀਤ ਦਾ ਸੁਮੇਲ ਤੇ ਗੀਤ ਦਾ ਸਮੁੱਚਾ ਵਾਤਾਵਰਨ ਚੰਗਾ ਲੱਗ ਰਿਹਾ ਸੀ। ਇਸ ਗੀਤ ਪਿੱਛੋਂ ਇਕ ਹੋਰ ਗੀਤ ਸ਼ੁਰੂ ਹੋ ਗਿਆ:

ਦਿਲ ਹੈ ਛੋਟਾ ਸਾ, ਛੋਟੀ ਸੀ ਆਸ਼ਾ
ਆਸਮਾਨੋਂ ਮੇਂ ਉਡਨੇ ਕੀ ਆਸ਼ਾ
ਮਸਤੀ ਭਰੇ ਮਨ ਕੀ, ਭੋਲੀ ਸੀ ਆਸ਼ਾ
ਛੋਟੀ ਸੀ ਆਸ਼ਾ...

ਇਸ ਗੀਤ ਨੂੰ ਸੁਣਦਿਆਂ ਵੀ ਡਰਾਈਵਰ ਮਸਤੀ ਵਿਚ ਖੀਵਾ ਹੁੰਦਾ ਜਾ ਰਿਹਾ ਸੀ। ਵਾਰੀ-ਵਾਰੀ ਦੋਵੇਂ ਗੀਤ ਉਸਨੇ ਦੋ-ਦੋ, ਤਿੰਨ-ਤਿੰਨ ਵਾਰ ਸੁਣੇ। ਮੈਂ ਵੀ ਗੀਤਾਂ ਨੂੰ ਮਾਣਿਆਂ। ਅੰਤਰਰਾਸ਼ਟਰੀ ਹਵਾਈ ਅੱਡੇ, ਜੈਪੁਰ ਤੱਕ ਦਾ 25 ਕੁ ਮਿੰਟ ਦਾ ਥੋੜ੍ਹਾ ਜਿਹਾ ਇਹ ਸਫ਼ਰ ਮੇਰੇ ਲਈ ਸੁਖਾਵਾਂ ਅਨੁਭਵ ਗ੍ਰਹਿਣ ਕਰਨ ਯੋਗ ਹੋ ਨਿਬੜਿਆ ਸੀ। ਅਸੀਂ ਆਪਣਾ ਸਮਾਨ ਚੁੱਕਿਆ ਤੇ ਖੁਸ਼-ਮਿਜਾਜ਼ ਡਰਾਈਵਰ ਨੂੰ ਦੁਆ-ਸਲਾਮ ਕਰ ਕੇ ਅੰਦਰ ਵੱਲ ਵਧਣ ਲੱਗੇ। ਚੈੱਕ-ਇਨ ਪਿੱਛੋਂ ਅਸੀਂ ਲਾਂਜ ਵਿਚ ਜਾ ਬੈਠੇ। ਸਾਹਮਣੇ ਸਕਰੀਨ 'ਤੇ ਹੋਰ ਸੂਚਨਾਵਾਂ ਦੇ ਨਾਲ ਨਾਲ ਜੈਪੁਰ-ਦਿੱਲੀ ਜਹਾਜ਼ ਦੇ ਠੀਕ ਸਮੇਂ ਸਿਰ ਰਵਾਨਾ ਹੋਣ ਦੀ ਸੂਚਨਾ ਵੀ ਨਸ਼ਰ ਹੋ ਰਹੀ ਸੀ। ਕੈਬ ਵਿਚ ਸੁਣੇ ਗੀਤਾਂ ਨੂੰ ਮੈਂ ਮੁੜ ਚਿਤਵਨ ਲੱਗ ਪੈਂਦਾ ਹਾਂ। ਕੈਬ ਦੇ ਡਰਾਈਵਰ ਦਾ ਚਿਹਰਾ ਮੇਰੀਆਂ ਅੱਖਾਂ ਸਾਹਵੇਂ ਸਹਿਜੇ ਹੀ ਆ ਜਾਂਦਾ ਰਿਹਾ। ਮੇਰੇ ਮਨ ਵਿਚ ਇਹ ਵਿਚਾਰ ਮੁੜ-ਮੁੜ ਆ ਰਿਹਾ ਸੀ ਕਿ ਗੀਤਾਂ ਦੇ ਸ਼ੁਕੀਨ ਤੇ ਕਦਰਦਾਨ ਕੈਬ ਡਰਾਈਵਰ ਨੇ ਜਿਵੇਂ ਦੋਹਾਂ ਗੀਤਾਂ ਵਿਚਲੀ ਰਲਦੀ-ਮਿਲਦੀ ਰਗ ਨੂੰ ਪਛਾਣ ਲਿਆ ਹੋਵੇ। ਦੋਹਾਂ ਗੀਤਾਂ ਦੇ ਬੋਲਾਂ ਵਿਚ ਉਡਣ ਦੀ ਇੱਛਾ ਹੈ, ਉਡਣ ਦੀ ਸਾਂਝ ਹੈ, ਦੁਰੇਡੀਆਂ ਮੰਜ਼ਿਲਾਂ ਤੱਕ ਨਜ਼ਰ ਟਿਕੇ ਹੋਣ ਦੀ ਤਾਂਘ ਹੈ ਤੇ ਹੋਰ ਵੀ ਕਿੰਨਾਂ ਕੁਝ ਹੈ, ਸਾਂਝਾ ਹੈ ਉਨ੍ਹਾਂ ਵਿਚ! ਇਕ ਗੀਤ ਦਾ ਪ੍ਰਕਾਰਜ ਦੁਨਿਆਵੀ ਹੈ, ਦੂਜੇ ਦਾ ਅਧਿਆਤਮ ਦੇ ਖੇਤਰ ਨਾਲ ਜਾ ਜੁੜਦਾ ਹੈ।

ਲਾਂਜ ਵਿਚ ਥੋੜ੍ਹੀ ਦੂਰੀ 'ਤੇ ਕਿਸੇ ਸਕੂਲ ਦੀ ਵਰਦੀ ਪਹਿਨੀਂ ਬੱਚੇ ਸਜੇ ਬੈਠੇ ਸਨ। ਬਹੁਤ ਪਿਆਰੇ ਲੱਗ ਰਹੇ ਸਨ ਉਹ ਬੱਚੇ। 05:20 ਵਜੇ ਸਵੇਰੇ ਅਸੀਂ ਜਹਾਜ਼ ਵਿਚ ਸਵਾਰ ਹੋ ਗਏ। ਸਕੂਲ ਦੀ ਵਰਦੀ ਪਹਿਨੀਂ ਜ਼ਾਬਤਾ ਪਸੰਦ ਬੱਚੇ ਵੀ ਉਸੇ ਜਹਾਜ਼ ਵਿਚ ਸਵਾਰ ਹੋ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਮੈਨੂੰ ਬਹੁਤ ਚੰਗਾ ਲੱਗ ਰਿਹਾ ਸੀ। 05:50 ਵਜੇ ਜਹਾਜ਼ ਨੇ ਜੈਪੁਰ ਤੋਂ ਉਡਾਣ ਭਰੀ ਤੇ 06:40 ਵਜੇ ਜਹਾਜ਼ ਦਿੱਲੀ ਜਾ ਉਤਰਿਆ। ਇਥੇ ਫਿਰ ਸਾਢੇ ਤਿੰਨ ਘੰਟੇ ਦੇ ਕਰੀਬ ਲਾਂਜ ਵਿਚ ਉਡੀਕ ਕਰਨੀ ਪਈ। 10:10 ਵਜੇ (ਸਵੇਰੇ) ਅਸੀਂ ਜਹਾਜ਼ ਵਿਚ ਸਵਾਰ ਹੋਏ, ਤਾਂ ਸਕੂਲ ਦੇ ਉਹੀ ਬੱਚੇ ਉਸ ਉਡਾਣ ਵਿਚ ਵੀ ਬੈਠ ਰਹੇ ਸਨ। ਦਿੱਲੀ ਤੋਂ 10:30 ਵਜੇ ਉਡ ਕੇ ਜਹਾਜ਼ 11:15 ਵਜੇ ਚੰਡੀਗੜ੍ਹ ਆ ਉਤਰਿਆ। ਅਸੀਮ ਸੰਭਾਵਨਾਵਾਂ ਨਾਲ ਭਰਪੂਰ ਉਨ੍ਹਾਂ ਬੱਚਿਆਂ ਦੀਆਂ ਅਦਾਵਾਂ ਇਧਰੋਂ-ਉਧਰੋਂ ਗੁਜ਼ਰਨ ਵਾਲੇ ਯਾਤਰੂਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੀਆਂ ਸਨ। ਸਮਾਨ ਦੀ ਉਡੀਕ ਕਰਦਿਆਂ ਤੇ ਬਾਹਰ ਵੱਲ ਆਉਂਦਿਆਂ ਮੈਨੂੰ ਬੱਚਿਆਂ ਦੇ ਇਸ ਟਰਿੱਪ ਦੇ ਇੰਚਾਰਜ ਨਾਲ ਸੰਖੇਪ ਜਿਹੀ ਗੱਲਬਾਤ ਕਰਨ ਦਾ ਮੌਕਾ ਮਿਲ ਗਿਆ। ਮੇਰੇ ਇਹ ਪੁੱਛਣ 'ਤੇ ਕਿ ਕਿਸ ਸਕੂਲ ਤੋਂ ਹਨ ਇਹ ਬੱਚੇ? ਉਨ੍ਹਾਂ ਸੰਖੇਪ ਵਿਚ ਦੱਸਿਆ- "ਇਹ ਆਕਲੈਂਡ ਹਾਊਸ ਸਕੂਲ (ਏ.ਐੱਚ.ਐੱਸ.) ਸ਼ਿਮਲਾ ਦੇ ਬੱਚੇ ਹਨ। ਇਹ ਬੱਚੇ ਜੈਪੁਰ ਅਤੇ ਰਾਜਸਥਾਨ ਦੇ ਕੁਝ ਹੋਰ ਪ੍ਰਮੁੱਖ ਸ਼ਹਿਰਾਂ/ਥਾਵਾਂ 'ਤੇ ਘੁੰਮ ਕੇ ਆਏ ਹਨ। ਇਨ੍ਹਾਂ ਨੇ ਆਪਣੇ ਇਸ ਵਿਦਿਅਕ ਟੂਰ ਨੂੰ ਬੇਹੱਦ ਮਾਣਿਆ ਹੈ। ਹੁਣ ਇਨ੍ਹਾਂ ਬੱਚਿਆਂ ਨੂੰ ਅਸੀਂ ਚੰਡੀਗੜ੍ਹ ਅਤੇ ਆਸ-ਪਾਸ ਦੀਆਂ ਪ੍ਰਮੁੱਖ ਤੇ ਪ੍ਰਸਿੱਧ ਥਾਵਾਂ ਵਿਖਾਵਾਂਗੇ...।" ਮੈਂ ਟੀਚਰ ਇੰਚਾਰਜ ਦੀਆਂ ਗੱਲਾਂ ਵੀ ਸੁਣ ਰਿਹਾ ਸਾਂ ਤੇ ਉਨ੍ਹਾਂ ਬੱਚਿਆਂ ਦੀ ਤਾਂਘ ਤੇ ਜਗਿਆਸਾ 'ਤੇ ਖੁਸ਼ੀ ਵੀ ਮਹਿਸੂਸ ਕਰ ਰਿਹਾ ਸਾਂ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਨ੍ਹਾਂ ਬੱਚਿਆਂ ਦੀਆਂ ਅੱਖਾਂ ਵਿਚ ਸਮੋਏ ਸੁਪਨਿਆਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ? ਤਾਂ ਉਨ੍ਹਾਂ ਦਾ ਜੁਆਬ ਸੀ- "ਇਨ੍ਹਾਂ ਬੱਚਿਆਂ ਵਿਚੋਂ ਕੁਝ ਨੇ ਸਿਵਲ/ਪੁਲਿਸ ਪ੍ਰਸ਼ਾਸਨਿਕ ਸੇਵਾਵਾਂ ਵੱਲ ਜਾਣ ਦੇ ਟੀਚੇ ਮਿੱਥੇ ਹਨ, ਕੁਝ ਨੇ ਐੱਨ.ਡੀ.ਏ., ਆਈ.ਆਈ.ਟੀ., ਆਈ.ਆਈ.ਐੱਮ., ਆਈ.ਆਈ.ਐੱਸ. ਆਦਿ ਵੱਲ ਜਾਣ ਦਾ ਉਦੇਸ਼ ਮਿਥਿਆ ਹੈ। ਕਈ ਬੱਚੇ ਡਾਕਟਰ ਬਣਨ ਦੀ ਇੱਛਾ ਵੀ ਰੱਖਦੇ ਹਨ। ਕਈ ਆਪਣੇ ਬਿਜ਼ਨਸ ਵਿਚ ਵੀ ਕੁਝ ਵੱਖਰਾ ਕਰਕੇ ਵਿਖਾਉਣ ਦਾ ਮਨ ਬਣਾਈ ਬੈਠੇ ਹਨ...।" ਬੇਹੱਦ ਸਲੀਕੇ ਨਾਲ ਚੰਡੀਗੜ੍ਹ ਹਵਾਈ ਅੱਡੇ ਤੋਂ ਬਾਹਰ ਵੱਲ ਤੁਰੇ ਆਉਂਦੇ ਉਨ੍ਹਾਂ ਬੱਚਿਆਂ ਨੂੰ ਮੈਂ ਬਹੁਤ ਦੇਰ ਤੱਕ ਵੇਖਦਾ ਰਿਹਾ।

ਆਪਣੇ ਘਰ ਹੁਸ਼ਿਆਰਪੁਰ ਜਾਣ ਲਈ ਮੈਂ ਆਪਣੀ ਗੱਡੀ ਵਿਚ ਬੈਠਣ ਸਾਰ ਟੂਰ 'ਤੇ ਆਏ ਉਨ੍ਹਾਂ ਬੱਚਿਆਂ ਬਾਰੇ ਸੋਚਣ ਲੱਗ ਗਿਆ ਹਾਂ। ਬੇਹੱਦ ਉਤਸ਼ਾਹਿਤ ਨਜ਼ਰ ਆਉਂਦੇ ਉਹ ਬੱਚੇ ਆਪਣੇ ਇਸ ਆਨੰਦਦਾਇਕ ਟੂਰ ਦੀਆਂ ਹੁਸੀਨ ਯਾਦਾਂ ਨੂੰ ਆਪਣੇ ਮਨ-ਮਸਤਕ ਵਿਚ ਵਸਾ ਕੇ ਲਿਆਏ ਹੋਣਗੇ। ਉਹ ਦਿਨ ਉਨ੍ਹਾਂ ਦੀ ਜ਼ਿੰਦਗੀ ਦੇ ਖਾਸ ਦਿਨ ਬਣ ਕੇ ਪ੍ਰਗਟ ਹੋਏ ਹੋਣਗੇ। ਇਨ੍ਹਾਂ ਬੱਚਿਆਂ ਨੇ ਆਪਣੀ ਜ਼ਿੰਦਗੀ ਵਿਚ ਵੱਡੇ ਟੀਚੇ ਮਿਥੇ ਹੋਣਗੇ। ਉਚੇਰੀਆਂ ਮੰਜ਼ਿਲਾਂ ਤੱਕ ਪਹੁੰਚਣ ਲਈ ਆਪਣਾ ਮਨ ਬਣਾਈ ਬੈਠੇ ਇਨ੍ਹਾਂ ਬੱਚਿਆਂ ਨੇ ਨਿਸ਼ਚੇ ਹੀ ਵੱਡੀਆਂ ਪ੍ਰਾਪਤੀਆਂ ਕਰ ਲੈਣੀਆਂ ਹਨ। ਬੱਚਿਆਂ ਦੇ ਸਾਧਨ-ਸੰਪੰਨ ਮਾਪਿਆਂ ਨੇ ਉਨ੍ਹਾਂ ਨੂੰ ਇਸ ਟੂਰ 'ਤੇ ਜਾਣ ਦਾ ਅਵਸਰ ਪ੍ਰਦਾਨ ਕੀਤਾ ਹੈ ਤੇ ਇਸ ਰੁਤਬੇ ਤੱਕ ਪਹੁੰਚਣ ਦੇ ਸਮਰੱਥ ਬਣਾਇਆ ਹੈ।

ਮੈਂ ਸੋਚ ਰਿਹਾ ਹਾਂ ਕਿ ਸਰਕਾਰੀ ਹਾਈ ਸਕੂਲ ਛੱਜਲਵੱਡੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪ੍ਰਾਇਮਰੀ ਕਲਾਸਾਂ ਵਿਚ ਟਾਟ 'ਤੇ ਬੈਠ ਕੇ ਤੇ ਫਿਰ ਛੇਵੀਂ ਤੋਂ ਦਸਵੀਂ ਜਮਾਤ ਤੱਕ ਬੈਂਚਾਂ 'ਤੇ ਬੈਠ ਕੇ ਪੜ੍ਹਾਈ ਕਰਦਿਆਂ ਮੈਂ ਵੀ ਕਦੇ ਕੁਝ ਬਣਨ ਦੇ ਸੁਪਨੇ ਵੇਖਦਾ ਹੁੰਦਾ ਸਾਂ। ਮੇਰੇ ਜਾਂ ਮੇਰੇ ਮਾਪਿਆਂ ਕੋਲ ਨਾ ਤਾਂ ਕੋਈ ਸਾਧਨ ਸਨ ਤੇ ਨਾ ਹੀ ਕੋਈ ਸਹੂਲਤ ਪ੍ਰਾਪਤ ਸੀ। ਮੇਰੇ ਅਧਿਆਪਕ ਪਿਤਾ ਨੇ ਮੈਨੂੰ ਮਿਹਨਤ ਕਰਨ ਦਾ ਮੰਤਰ ਸਿਖਾਇਆ ਸੀ, ਜਿਸ 'ਤੇ ਅਮਲ ਜਾਰੀ ਰੱਖਦਿਆਂ ਮੈਂ ਪੜ੍ਹਾਈ ਕੀਤੀ। ਐਸੋਸੀਏਟ ਪ੍ਰੋਫੈਸਰ ਬਣਿਆ। ਫਿਰ ਕਾਲਜ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਵੀ ਨਿਭਾਈ। ਬਹੁਤ ਵੱਡੇ ਸੁਪਨੇ ਹੈ ਹੀ ਨਹੀਂ ਸਨ। ਕਿਸੇ ਹੱਦ ਤੱਕ ਮੈਂ ਆਪਣੇ ਕੁਝ ਸੁਪਨੇ ਪੂਰੇ ਕਰਨ ਵਿਚ ਕਾਮਯਾਬ ਹੋ ਹੀ ਗਿਆ।...ਪਰ ਇਨ੍ਹਾਂ ਬੱਚਿਆਂ ਦੇ ਰਾਹ ਬੜੇ ਪੱਧਰੇ, ਸੁਖਾਵੇਂ ਤੇ ਆਸ਼ਾਵਾਂ ਨਾਲ ਭਰਪੂਰ ਹਨ। ਲੋੜ ਹੈ, ਤਾਂ ਮਿਹਨਤ ਦੀ, ਲਕਸ਼ ਵੱਲ ਵਧਣ ਦੀ ਅਤੇ ਮੌਕਿਆਂ ਦਾ ਫਾਇਦਾ ਉਠਾਉਣ ਦੀ।

ਸਵੇਰੇ ਸੁਣਿਆ ਗੀਤ "ਆਸਮਾਨੋਂ ਮੇਂ ਉਡਨੇ ਕੀ ਆਸ਼ਾ..." ਫਿਰ ਯਾਦ ਆ ਰਿਹਾ ਹੈ। ਮਨ ਦੀ ਉਡਾਣ, ਸੁਪਨਿਆਂ ਦੀ ਉਡਾਣ, ਖਿਆਲਾਂ ਦੀ ਉਡਾਣ, ਧਰਤੀ 'ਤੇ ਤੁਰਦਿਆਂ ਦੀ ਉਡਾਣ, ਹਵਾਈ ਉਡਾਣ, ਹਰੇਕ ਤਰ੍ਹਾਂ ਦੀ ਉਡਾਣ ਦਾ ਆਪਣਾ ਹੀ ਸਰੂਰ ਹੁੰਦਾ ਹੈ। ਉਨ੍ਹਾਂ ਬੱਚਿਆਂ ਨੇ ਆਪਣੀ ਜ਼ਿੰਦਗੀ ਦੇ ਅਸਮਾਨ ਵਿਚ ਉਚੇਰਿਆਂ ਉਡਣ ਦੀ ਆਸ਼ਾ ਪਾਲ ਰੱਖੀ ਹੈ ਤੇ ਇਸ ਅਭਿਲਾਸ਼ਾ ਨੂੰ ਅਮਲ ਵਿਚ ਲਿਆਉਣ ਲਈ ਉਹ ਨਿਹਚਾ ਤੇ ਇਰਾਦਾ ਵੀ ਰੱਖ ਰਹੇ ਹਨ। ਮੈਂ ਸਮਝਦਾ ਹਾਂ ਕਿ ਜ਼ਿੰਦਗੀ ਵਿਚ ਉੱਚੀ ਉਡਾਣ ਭਰਨ ਦੇ ਸੁਪਨਸਾਜ਼ ਉਨ੍ਹਾਂ ਬੱਚਿਆਂ ਨੇ ਆਪਣੀ ਗੁਣਾਤਮਿਕ, ਸਰਗਰਮ ਤੇ ਬਹੁਭਾਂਤੀ ਸਮਰੱਥਾ ਤੇ ਸ਼ਮੂਲੀਅਤ ਨਾਲ ਦੁਨੀਆਂ ਨੂੰ ਵੰਨ-ਸੁਵੰਨੇ ਰੰਗਾਂ ਨਾਲ ਸ਼ਿੰਗਾਰਨਾ ਹੈ। ਉਨ੍ਹਾਂ ਅੰਦਰ ਪਨਪਦੇ ਸਵੈ ਵਿਸ਼ਵਾਸ ਨਾਲ ਓਤਪੋਤ ਉਨ੍ਹਾਂ ਦੀ ਸਾਬਤਕਦਮੀ ਮੈਨੂੰ ਚਿਰਾਂ ਤੱਕ ਚੰਗੀ ਲੱਗਦੀ ਰਹੀ। ਉਨ੍ਹਾਂ ਦੇ ਚਿਹਰਿਆਂ ਤੋਂ ਝਲਕਦਾ ਸਵੈ ਵਿਸ਼ਵਾਸ ਬਹੁਤ ਦੇਰ ਤੱਕ ਮੈਨੂੰ ਉਨ੍ਹਾਂ ਦੇ ਸੰਭਾਵਿਤ ਉਜਵਲ ਭਵਿੱਖ ਵੱਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਰਿਹਾ।

# ਜੰਨਤ ਵੇਖਣੀ ਹੈ ਤਾਂ ਚਲੋ ਊਟੀ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA





ਨੀਲਗਿਰੀ ਪਰਬਤ ਦੀ ਗੋਦ ਵਿਚ ਵੱਸਿਆ ਇਹ ਅਤਿ ਸੁੰਦਰ ਸਥਾਨ ਊਟੀ ਦੱਖਣ ਭਾਰਤ ਦੇ ਪ੍ਰਮੁੱਖ ਪਹਾੜੀ ਸਥਾਨਾਂ 'ਚੋਂ ਇਕ ਹੈ। ਸਮੁੰਦਰ ਤਲ ਤੋਂ ਇਸ ਦੀ ਉਚਾਈ ਲਗਭਗ 2240 ਮੀਟਰ ਹੈ। ਊਟਕਮੰਡ ਤੋਂ ਊਟੀ ਨਾਮ ਪ੍ਰਚਲਿਤ ਹੋਇਆ।

ਊਟੀ ਦਰਸ਼ਨੀਏ ਸਥਾਨਾਂ ਦੀ ਜੰਨਤ ਹੈ। ਪੈਰ੍ਹ-ਪੈਰ੍ਹ 'ਤੇ ਖ਼ੂਬਸੂਰਤੀ ਅਪਣੀ ਪਰਿਭਾਸ਼ਾ ਖ਼ੁਦ ਕਹਿੰਦੀ ਹੈ। ਖ਼ੂਬਸੂਰਤ ਪ੍ਰਾਕ੍ਰਿਤਕ ਨਜ਼ਾਰਿਆ ਦਾ ਪਹਾੜੀ ਇਲਾਕਾ ਹੈ ਊਟੀ। ਇਥੇ ਪ੍ਰਾਕ੍ਰਿਤਕ ਸ਼ਕਤੀ ਅਤੇ ਮਾਨਵੀਏ ਉਦਮਾਂ ਦੇ ਨਾਂ ਦਿਲਕਸ਼ ਮਿਸ਼ਰਣ ਹੈ ਕਿ ਸੁੰਦਰ ਦ੍ਰਿਸ਼ ਅੱਖਾਂ ਵਿਚ ਉਤਰਦੇ ਹੋਏ ਹਿਰਦੇ ਤੱਕ ਉਤਰ ਕੇ ਆਨੰਦ ਵਿਭੋਰਤਾ ਦਾ ਅਹਿਸਾਸ ਦਿਲਾਂ ਦੇ ਚਲੇ ਜਾਂਦੇ ਹਨ। ਇੱਥੇ ਪਹਾੜੀਆਂ ਦੀਆਂ ਚੋਟੀਆਂ ਤੋਂ ਡਿਗਦੇ ਦਿਲਕਸ਼ ਝਰਨੇ, ਪੌੜੀਆਂਦਾਰ ਲੰਬੇ ਚੌੜ੍ਹੇ ਚਾਹ ਦੇ ਬਾਗਾਨ, ਹਰਿਆਲੀ ਦਾ ਆਂਚਲ ਲਹਿਰਾਉਂਦੇ ਉੱਚੇ-ਉੱਚੇ ਸੁੰਦਰ ਪਰਬਤ, ਤਰ੍ਹਾਂ-ਤਰ੍ਹਾਂ ਦੇ ਸੁੰਦਰ ਮਨਮੋਹਣੇ ਫੁੱਲ, ਦਿਲਕਸ਼ ਝੀਲਾਂ, ਸੁਹਣੇ-ਸੁਹਣੇ ਪਾਰਕ, ਪਹਾੜੀ ਰੇਲ ਮਾਰਗ, ਤਰ੍ਹਾਂ-ਤਰ੍ਹਾਂ ਦੇ ਪੌਦੇ, ਰੁੱਖ, ਫ਼ੁਲਦਾਰ ਝਾੜੀਆਂ, ਵਹਿੰਦੇ ਦਰਿਆ ਆਦਿ ਊਟੀ ਦੇ ਸੁਹੱਪਣ ਨੂੰ ਚਾਰ ਚੰਨ੍ਹ ਲਾਉਂਦੇ ਹਨ।

ਊਟੀ ਦਾ ਨਜ਼ਦੀਕੀ ਹਵਾਈ ਅੱਡਾ ਕੋਇੰਬਟੂਰ ਪੈਂਦਾ ਹੈ, ਜੋ ਲਗਭਗ ਇਕ ਸੌ ਕਿਲੋਮੀਟਰ ਦੂਰੀ ਉਪਰ ਸਥਿਤ ਹੈ। ਇਹ ਹਵਾਈ ਅੱਡਾ ਅਨੇਕਾਂ ਹੀ ਵੱਡੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਊਟੀ ਦੀ ਸੁੰਦਰਤਾ ਦੇ ਦ੍ਰਿਸ਼ ਵੇਖਣੇ ਹੋਣ, ਤਾਂ ਤੁਹਾਨੂੰ ਮੇਟ ਪਲਾਇਮ ਤੋਂ ਕੁੰਨੂਰ ਹੁੰਦੇ ਹੋਏ ਛੋਟੀ ਟ੍ਰੇਨ ਲੇਟ ਉਪਰ ਜਾਣਾ ਚਾਹੀਦਾ ਹੈ। ਛੋਟੀ ਟ੍ਰੇਨ ਘੱਟ ਗਤੀ ਵਿਚ ਚੱਲਦੀ ਹੈ, ਜਿਸ 'ਚੋਂ ਸੁੰਦਰ ਦ੍ਰਿਸ਼ ਵੇਖਣ ਦਾ ਮਜ਼ਾ ਆ ਜਾਂਦਾ ਹੈ।

ਊਟੀ ਵਿਖੇ ਬਸ ਟੈਕਸੀ ਆਦਿ ਦੁਆਰਾ ਵੀ ਜਾਇਆ ਜਾਂਦਾ ਹੈ, ਊਟੀ ਵਿਖੇ ਬਸ, ਟੈਕਸੀ ਅਤੇ ਆਟੋਰਿਕਸ਼ਾ ਵਰਗੀਆਂ ਸਹੂਲਤਾਂ ਹਨ। ਊਟੀ ਵਿਖੇ ਘੁੰਮਣ ਫ਼ਿਰਨ ਦਾ ਵਧੀਆ ਸਮਾਂ ਫਰਵਰੀ ਤੋਂ ਜੁਲਾਈ ਅਤੇ ਨਵੰਬਰ ਮਹੀਨੇ ਹਨ। ਇਨ੍ਹਾਂ ਮਹੀਨਿਆਂ ਵਿਚ ਮੌਸਮ ਵਧੀਆ ਹੁੰਦਾ ਹੈ। ਇਥੇ ਲਗਭਗ 125 ਸੈਂਟੀਮੀਟਰ ਤੱਕ ਬਰਫ਼ ਪੈਂਦੀ ਹੈ। ਬਰਫ਼ਬਾਰੀ ਦੇ ਦਿਨਾਂ ਵਿਚ ਸੈਲਾਨੀ ਖ਼ੂਬ ਆਨੰਦ ਉਠਾਂਦੇ ਹਨ। ਗਰਮੀਆਂ ਵਿਚ ਇਥੋਂ ਦਾ ਜ਼ਿਆਦਾ ਤਾਪਮਾਨ 2.5 ਡਿਗਰੀ ਅਤੇ ਹੇਠਲੇ ਤਾਪਮਾਨ 10 ਡਿਗਰੀ ਸੈਲਸੀਅਸ ਹੁੰਦਾ ਹੈ ਅਤੇ ਸਰਦੀਆਂ ਵਿਚ ਜ਼ਿਆਦਾ ਤਾਪਮਾਨ 22 ਡਿਗਰੀ ਅਤੇ ਹੇਠਲਾ ਤਾਪਮਾਨ 6 ਡਿਗਰੀ ਸੈਲਸੀਅਸ ਤੱਕ ਹੁੰਦਾ ਹੈ।

ਊਟੀ ਵਿਚ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਖਾਸ ਕਰਕੇ ਮਲਆਇਲਮ, ਹਿੰਦੀ, ਕੰਨੜ, ਅੰਗਰੇਜ਼ੀ, ਤਮਿਲ ਆਦਿ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਊਟੀ ਵਿਖੇ ਠਹਿਰਨ ਲਈ ਸਸਤੇ-ਮਹਿੰਗੇ ਹੋਟਲ ਮਿਲ ਜਾਂਦੇ ਹਨ। ਗੈਸਟ ਹਾਊਸ, ਧਰਮਸ਼ਲਾਵਾਂ ਆਦਿ ਦੀ ਸੁਵਿਧਾ ਹੈ। ਇਥੇ ਸਭ ਪ੍ਰਕਾਰ ਦੇ ਦੇਸੀ-ਵਿਦੇਸ਼ੀ ਪਕਵਾਨ ਮਿਲ ਜਾਂਦੇ ਹਨ। ਜੇਬ ਦੇ ਹਿਸਾਬ ਨਾਲ ਹੋਟਲ ਅਤੇ ਖ਼ਾਣ-ਪਾਣ ਲਿਆ ਜਾਂਦਾ ਹੈ।

ਮਦਰਾਸ ਦੇ ਗਵਰਨਰ ਲਾਰਡ ਵੈਨਲਾਕ ਦੁਆਰਾ ਸਵਿਸਕਲਾਕਾਰੀ ਦਾ ਰੇਲ ਮਾਰਗ ਬਣਵਾਇਆ ਗਿਆ ਸੀ। ਊਟੀ ਬਾਗਾਂ ਲਈ ਮਸ਼ਹੂਰ ਹੈ। ਇਸ ਲਈ ਵਨਸਪਤੀ ਬਾਗ਼ ਦੀ ਨੀਂਹ ਕਿਓ ਗਾਰਡਨ ਦੇ ਸ੍ਰੀ ਜਾਨਸਨ ਨੇ ਰੱਖੀ ਸੀ। ਉਹ ਅਪਣੇ ਨਾਲ ਇਗਲੈਂਡ ਤੋਂ ਤਰ੍ਹਾਂ-ਤਰ੍ਹਾਂ ਦੇ ਰੁੱਖ, ਪੌਦੇ ਲੈ ਕੇ ਆਇਆ ਸੀ। ਇਥੋਂ ਦੀ ਲਾਲ ਮਿੱਟੀ ਬਹੁਤ ਉਪਜਾਊ ਹੈ, ਜਿਸ ਵਿਚ ਸਭ ਪ੍ਰਕਾਰ ਦੇ ਫੁੱਲ, ਪੌਦੇ ਲੱਗ ਜਾਂਦੇ ਹਨ।

ਊਟੀ ਵਿਖੇ ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਛੁੱਟੀਆਂ ਵਿਚ ਇਥੇ ਘੁੰਮਣ ਦਾ, ਪਿਕਨਿਕ ਮਨਾਉਣ ਦਾ, ਬਰਫ਼ ਨਾਲ ਢੱਕੀਆਂ ਪਹਾੜੀਆਂ ਨੂੰ ਵੇਖਣ ਦਾ, ਸੱਪ ਦੀ ਤਰ੍ਹਾਂ ਵਲ ਖਾਂਦੀਆਂ ਪਗਡੰਡੀਆਂ ਨੂੰ ਵੇਖਣ ਦਾ, ਵਹਿੰਦੇ ਦਰਿਆ, ਢਲਾਨਾ ਵਿਖੇ ਖਿਡੌਣਿਆਂ ਵਰਗੇ ਘਰ, ਅਨੇਕਤਾ ਸਮੇਟੀ ਫੁੱਲ ਅਤੇ ਕਈ ਤਰ੍ਹਾਂ ਦੇ ਦਿਲਕਸ਼ ਨਜ਼ਾਰਿਆਂ ਦੀ ਮਸਤੀ ਲਈ ਸ਼ਾਂਤ, ਅਤਿ ਸੁੰਦਰ ਊਟੀ ਜੰਨਤ ਹੀ ਹੋ ਜਾਂਦੀ ਹੈ। ਹਨੀਮੂਨ ਮਨਾਉਣ ਵਾਲੇ ਇਥੋਂ ਲੱਖਾਂ ਖੁਸ਼ੀਆਂ, ਲੱਖਾਂ ਨਜ਼ਾਰੇ ਲੁੱਟ ਕੇ ਨਾਲ ਲੈ ਜਾਂਦੇ ਹਨ। ਘੌੜ ਦੌੜ ਅਤੇ ਕਈ ਹੋਰ ਖੇਡ-ਕਿਰਿਆਵਾਂ ਰੋਮਾਂਚ ਪੈਦਾ ਕਰਦੀਆਂ ਹਨ।

ਇਥੇ ਲਲਿਤ ਕਲਾ ਅਕਾਦਮੀ ਆਰਟ ਗੈਲਰੀ ਵੀ ਹੈ, ਜੋ ਉਧਮੰਡਲਮ ਤੋਂ ਦੋ ਕਿਲੋਮੀਟਰ ਦੂਰ ਹੈ। ਜਿਸ ਵਿਚ ਪ੍ਰਸਿੱਧ ਕਲਾਕਾਰਾਂ ਦੀਆਂ ਪੇਂਟਿੰਗਸ ਅਤੇ ਸਕਲਪਚਰਸ ਮੌਜੂਦ ਹਨ। ਇਥੋਂ ਦੇ ਪਾਰਕ ਬਹੁਤ ਸੁੰਦਰ-ਸੁਸਜਿੱਤ ਅਤੇ ਸੁਵਿਧਾਪੂਰਵਕ ਹਨ। ਇਥੇ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀਆਂ ਸੁਗੰਧੀਆਂ ਮਨ ਨੂੰ ਭਾਉਂਦੀਆਂ ਹਨ। ਅੱਖਾਂ ਦੀ ਸੰਤੁਲਿਤ ਖ਼ੁਰਾਕ ਹੁੰਦੇ ਹਨ ਸੁੰਦਰ ਫੁੱਲ। ਇਨ੍ਹਾਂ ਪਾਰਕਾਂ ਵਿਚ ਬੱਚਿਆਂ ਦੇ ਮਨੋਰੰਜਨ ਲਈ ਸਭ ਪ੍ਰਕਾਰ ਦੀਆਂ ਸਹੂਲਤਾਂ ਹਨ।

ਇਥੋਂ ਦੀ ਦਿਲਖਿੱਚਵੀਂ ਜਚਵੀਂ ਝੀਲ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ, ਜਿਸ ਤਰ੍ਹਾਂ ਕਿਸੇ ਚਿੱਤਰਕਾਰ ਨੇ ਸੁੰਦਰ ਚਿੱਤਰ ਬਣਾਇਆ ਹੋਵੇ। ਝੀਲ ਵਿਚ ਮੋਟਰ ਬੋਟ, ਪੈਡਲ ਬੋਟ ਆਦਿ ਦਾ ਲੁਤਫ਼ ਉਠਾਉਣ ਦਾ ਅਲਗ ਹੀ ਤਜ਼ਰਬਾ ਹੁੰਦਾ ਹੈ। ਖ਼ਾਸ ਕਰਕੇ ਬੱਚੇ, ਨਵੀਂ-ਨਵੀਂ ਜਗਿਆਸਾ, ਨਵੇਂ-ਨਵੇਂ ਪ੍ਰਯੋਗ ਅਤੇ ਤਜ਼ਰਬਿਆਂ ਨਾਲ ਜੁੜਦੇ ਹਨ ਅਤੇ ਉਨ੍ਹਾਂ ਦੀ ਦਿਮਾਗੀ ਸੀ.ਡੀ. ਵਿਚ ਵਾਧਾ ਹੁੰਦਾ ਹੈ। ਬੌਧਿਰ ਪੱਧਰ ਵਿਚ ਰੌਸ਼ਨੀ ਪੈਦਾ ਹੁੰਦੀ ਹੈ ਅਤੇ ਵਿਵੇਕਤਾ ਵਿਚ ਤਾਜ਼ਾਪਣ ਆਉਂਦਾ ਹੈ।

ਇਥੋਂ ਦਾ ਮਸ਼ਹੂਰ ਬੋਟੇਨਿਕਲ ਗਾਰਡਨ ਹੈ, ਜੋ ਲਗਭਗ 22 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਇਥੇ ਲਗਭਗ ਸਤ ਸੌ ਕਿਸਮ ਦੇ ਤਰ੍ਹਾਂ-ਤਰ੍ਹਾਂ ਦੇ ਸੁੰਦਰ ਗੁਲਾਬ, ਫੁੱਲ, ਝਾੜੀਆਂ ਪੌਦੇ ਆਦਿ ਪਾਏ ਜਾਂਦੇ ਹਨ। ਹਰ ਸਾਲ ਵਿਚ ਫੈਸਟੀਵਲ ਵੀ ਕਰਵਾਇਆ ਜਾਂਦਾ ਹੈ, ਜਿਸ ਵਿਚ ਵਨਸਪਤੀ ਵਿਗਿਆਨ ਦੀਆਂ ਸ੍ਰੇਣੀਆਂ ਪਾਈਆਂ ਜਾਂਦੀਆਂ ਹਨ। ਨਾਲ ਹੀ ਨਾਲ ਸੱਭਿਆਚਾਰਕ ਸਮਾਗਮ ਵੀ ਕਰਵਾਇਆ ਜਾਂਦਾ ਹੈ ਅਤੇ ਕਿਆ ਖ਼ੂਬਸੂਰਤ ਹੈ ਇਥੋਂ ਦਾ ਰੋਜ਼ ਗਾਰਡਨ। ਇਸ ਨੂੰ 1995 ਵਿਚ ਬਣਵਾਇਆ ਗਿਆ ਸੀ। ਇਸ ਵਿਚ ਲਗਭਗ 210 ਕਿਸਮ ਦੇ ਗੁਲਾਬ ਪਾਏ ਜਾਂਦੇ ਹਨ। ਇਨ੍ਹਾਂ ਗੁਲਾਬਾਂ ਦੀ ਸੁਗੰਧੀ ਸਾਰੇ ਵਾਤਾਵਰਣ ਵਿਚ ਇਤਰ ਘੋਲਦੀ ਚਲੀ ਜਾਂਦੀ ਹੈ।

ਊਟੀ ਦੇ ਨੇੜੇ-ਨੇੜੇ ਵੇਖਣ ਵਾਲੇ ਕਈ ਸਥਾਨ ਹਨ। ਖ਼ਾਸ ਕਰਕੇ ਨੀਲਗਿਰੀ ਗਗਨ ਛੂਹਦੀ ਚੋਟੀ ਜੋ 2636 ਮੀਟਰ ਦੀ ਉਚਾਈ ਉਪਰ ਹੈ। ਇਥੋਂ ਦੂਰ-ਦੂਰ ਦੇ ਸ਼ਹਿਰਾਂ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਨਾਲ ਹੀ ਟੂਟੀ ਝਰਨਾ ਜੋ ਲਗਭਗ ਇਕ ਸੌ ਮੀਟਰ ਉਚਾ ਹੈ। ਡਾਲਫਿਸ, ਕੈਟਾਗਿਰੀ ਅਤੇ ਵਾਈਲਡ ਲਾਈਫ ਸੈਕਚੁਰੀ ਆਦਿ ਸਥਾਨਾਂ ਵੇਖਣਯੋਗ ਹਨ। ਇਥੇ ਤਰ੍ਹਾਂ-ਤਰ੍ਹਾਂ ਦੇ ਪੰਛੀ, ਪਸ਼ੂ ਵੀ ਪਾਏ ਜਾਂਦੇ ਹਨ। ਊਟੀ ਭਾਰਤ ਦੇ ਸੁੰਦਰ ਅਤਿ ਸੁੰਦਰ ਪਹਾੜੀ ਇਲਾਕਿਆਂ 'ਚੋਂ ਇੱਕ ਹੈ। ਇਥੇ ਖ਼ੂਬਸੂਰਤੀ ਆਪਣੀ ਅਲੌਕਿਕ ਸ਼ਕਤੀ ਦੇ ਫੁੱਲ ਬਿਖੇਰਦੀ ਹੈ। ਤੁਸੀਂ ਵੀ ਜਾਊ ਬੱਚਿਆਂ ਨਾਲ ਛੁੱਟੀ ਮਨਾਉਣ ਲਈ।

# ਭੈਣਾਂ ਦੇ ਪਿਆਰ ਤੋਂ ਵੱਧ ਨਹੀਂ ਕੋਈ ਕੀਮਤੀ ਗਹਿਣਾਂ

ਕਵਿਤਾ ਬੇਦੀ
ਜਲੰਧਰ
ਪੰਜਾਬ ਮੇਲ USA



ਰਿਸ਼ਤਿਆਂ ਦੀ ਬੁਨਿਆਦ ਹਮੇਸ਼ਾ ਮੋਹ, ਮਹੁੱਬਤ ਅਤੇ ਸਨੇਹ ਨਾਲ ਹੀ ਜੁੜੀ ਹੁੰਦੀ ਹੈ ਅਤੇ ਸੱਚਾ ਪਿਆਰ ਬਿਨਾਂ ਕਿਸੇ ਸ਼ਰਤ ਦੇ ਹੁੰਦਾ ਹੈ, ਜੋ ਸਾਨੂੰ ਇਹ ਸਿਖਾਉਂਦਾ ਹੈ ਕਿ ਕਿਵੇਂ ਪਿਆਰ ਨਾਲ ਹਰ ਰਿਸ਼ਤੇ ਨੂੰ ਨਿਭਾਇਆ ਜਾਵੇ। ਜਿਸ ਦੇ ਨਾਲ ਸਾਡੇ ਰਿਸ਼ਤੇ ਹੋਰ ਵੀ ਮਜ਼ਬੂਤ ਹੋਣ ਦੇ ਨਾਲ ਸਾਡੇ ਜੀਵਨ ਨੂੰ ਖ਼ੁਸ਼ਹਾਲ ਬਣਾਉਂਦੇ ਹਨ।

ਬਚਪਨ ਦੀਆਂ ਸਾਂਝਾਂ ਸਾਡੇ ਰਿਸ਼ਤਿਆਂ ਦੀਆਂ ਨੀਹਾਂ ਨੂੰ ਹੋਰ ਵੀ ਮਜ਼ਬੂਤ ਬਣਾਉਂਦੀਆਂ ਹਨ। ਕਿਉਂਕਿ ਬਚਪਨ ਦੀਆਂ ਯਾਦਾਂ ਸਾਨੂੰ ਕਿਸੇ ਨੂੰ ਵੀ ਨਹੀਂ ਭੁੱਲਦੀਆਂ। ਇਨ੍ਹਾਂ ਬਚਪਨ ਦੇ ਰਿਸ਼ਤਿਆਂ ਵਿਚੋਂ ਹੀ ਇੱਕ ਹੈ ਭੈਣਾਂ ਦਾ ਰਿਸ਼ਤਾ, ਭਾਵ ਇੱਕ ਭੈਣ ਦਾ ਦੂਜੀ ਭੈਣ ਨਾਲ ਰਿਸ਼ਤਾ। ਇਹ ਰਿਸ਼ਤਾ ਸੱਭਿਆਚਾਰਕ ਅਤੇ ਜਾਤਕ ਪੱਧਰ 'ਤੇ ਵੀ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਸਿਰਫ ਖ਼ੂਨ ਦਾ ਹੀ ਨਹੀਂ, ਬਲਕਿ ਪਿਆਰ, ਸਨਮਾਨ ਅਤੇ ਭਰੋਸੇ ਦੇ ਧਾਗਿਆਂ ਨਾਲ ਬੁਣਿਆ ਹੁੰਦਾ ਹੈ ਇਹ ਰਿਸ਼ਤਾ। ਭੈਣਾਂ ਵਿਚ ਇੱਕ ਅਜਿਹਾ ਬੰਧਨ ਹੁੰਦਾ ਹੈ, ਜੋ ਉਨ੍ਹਾਂ ਨੂੰ ਇਕ ਦੂਜੇ ਦੇ ਜ਼ਿੰਦਗੀ ਦੇ ਹਰ ਪਲ ਵਿਚ ਸਾਥੀ ਬਣਾਉਂਦਾ ਹੈ। ਚਾਹੇ ਉਹ ਬਚਪਨ ਦੇ ਨਿੱਕੇ-ਨਿੱਕੇ ਲੜਾਈ, ਝਗੜੇ ਤੇ ਰੁੱਸਣਾ ਮਨਾਉਣਾ ਹੋਵੇ ਜਾਂ ਫੇਰ ਬੁਢਾਪੇ 'ਚ ਸੁੱਖ-ਦੁੱਖ ਦੀ ਸਾਂਝ ਹੋਵੇ, ਹਰ ਉਮਰ 'ਚ ਇੱਕ ਭੈਣ ਆਪਣੀ ਭੈਣ ਲਈ ਹਮੇਸ਼ਾਂ ਨਾਲ ਖੜ੍ਹੀ ਮਿਲਦੀ ਹੈ।



ਵਿਆਹਾਂ ਸ਼ਾਦੀਆਂ ਮੌਕੇ ਇਕੱਠੀਆਂ ਹੋਈਆਂ ਭੈਣਾਂ।

ਭੈਣਾਂ ਦੇ ਰਿਸ਼ਤੇ ਵਿਚ ਬਚਪਨ ਦੀਆਂ ਸਾਂਝੀਆਂ ਯਾਦਾਂ ਖਾਸ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਬਚਪਨ ਦੀਆਂ ਖੇਡਾਂ, ਸੱਤਵੇਂ ਆਸਮਾਨ ਨੂੰ ਛੂਹਣ ਵਾਲੇ ਖ਼ੁਸ਼ੀ ਦੇ ਮੌਕੇ ਅਤੇ ਹਨ੍ਹੇਰੇ ਪਲਾਂ ਵਿਚ ਇੱਕ ਦੂੱਜੇ ਦਾ ਸਾਥ, ਉਨ੍ਹਾਂ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਬਣਾਉਂਦਾ ਹੈ। ਇਹ ਯਾਦਾਂ ਜ਼ਿੰਦਗੀ ਦੇ ਹਰ ਪਲ ਵਿਚ ਉਨ੍ਹਾਂ ਨੂੰ ਹੌਂਸਲਾ ਦੇਂਦੀਆਂ ਹਨ। ਭੈਣਾਂ ਦੇ ਰਿਸ਼ਤੇ ਵਿਚ ਸਹਿਯੋਗ ਅਤੇ ਸੰਘਰਸ਼ ਦੋਵੇਂ ਹੁੰਦੇ ਹਨ। ਛੋਟੀ-ਮੋਟੀ ਗੱਲਾਂ 'ਤੇ ਝਗੜਾ ਅਤੇ ਨਾਰਾਜ਼ਗੀ ਵੀ ਹੁੰਦੀ ਹੈ, ਪਰ ਇਨ੍ਹਾਂ ਝਗੜਿਆਂ ਵਿਚ ਵੀ ਪਿਆਰ ਲੁੱਕਿਆ ਹੁੰਦਾ ਹੈ। ਜਦੋਂ ਜ਼ਿੰਦਗੀ ਵਿਚ ਕਿਸੇ ਸੰਘਰਸ਼ ਦਾ ਸਾਹਮਣਾ ਹੁੰਦਾ ਹੈ, ਤਾਂ ਭੈਣਾਂ ਹੀ ਇਕ ਦੂਜੇ ਲਈ ਹੌਂਸਲਾ ਬਣ ਕੇ ਖੜ੍ਹੀਆਂ ਰਹਿੰਦੀਆਂ ਹਨ। ਕਈ ਵਾਰ ਵੱਡੀਆਂ ਭੈਣਾਂ, ਛੋਟੀਆਂ ਭੈਣਾਂ ਲਈ ਰੋਲ ਮਾਡਲ ਬਣਦੀਆਂ ਹਨ ਅਤੇ ਉਨ੍ਹਾਂ ਦੀਆਂ ਚੰਗੀਆਂ ਆਦਤਾਂ, ਸੰਸਕਾਰ ਤੇ ਸਫਲਤਾਵਾਂ ਛੋਟੀ ਭੈਣ ਲਈ ਪ੍ਰੇਰਣਾ ਦਾ ਸਰੋਤ ਬਣਦੀਆਂ ਹਨ। ਵੱਡੀਆਂ ਭੈਣਾਂ ਆਪਣੀ ਜ਼ਿੰਦਗੀ ਵਿਚ ਸਫਲ ਹੋਣ ਦੀ ਸਿੱਖ ਦੇਂਦੀਆਂ ਹਨ ਅਤੇ ਉਨ੍ਹਾਂ ਦੇ ਮਾਰਗਦਰਸ਼ਨ ਨਾਲ ਛੋਟੀਆਂ ਭੈਣਾਂ ਵੀ ਅੱਗੇ ਵਧਦੀਆਂ ਹਨ।

ਭੈਣਾਂ ਇੱਕ ਦੂਜੇ ਦੀ ਸੰਭਾਲ ਅਤੇ ਮਿਲਣ ਵਰਤਣ ਨਾਲ ਪਲਦੀਆਂ ਹਨ। ਵੱਡੀ ਭੈਣ ਛੋਟੀ ਨੂੰ ਮਾਂ ਵਾਂਗ ਪਿਆਰ ਕਰਦੀ ਹੈ ਅਤੇ ਉਸਦੀ ਸੰਭਾਲ ਕਰਦੀ ਹੈ, ਜਦਕਿ ਛੋਟੀ ਭੈਣ ਵੱਡੀ ਦੀ ਇੱਜ਼ਤ ਕਰਦੀ ਹੈ ਅਤੇ ਉਸ ਤੋਂ ਮਾਂ ਦੀ ਮਮਤਾ ਦੇ ਨਿੱਘ ਦਾ ਆਨੰਦ ਲੈਂਦੀ ਹੈ। ਇਸ ਰਿਸ਼ਤੇ ਤੋਂ ਸਾਨੂੰ ਮਮਤਾ ਅਤੇ ਰਿਸ਼ਤੇ ਦੀ ਸੰਭਾਲ ਦਾ ਮਹੱਤਵ ਪਤਾ ਲੱਗਦਾ ਹੈ। ਭੈਣਾਂ ਦਾ ਰਿਸ਼ਤਾ ਬਿਨਾਂ ਕਿਸੇ ਮੁੱਲ ਤੋਂ ਪਿਆਰ ਦਾ ਪ੍ਰਤੀਕ ਹੁੰਦਾ ਹੈ। ਜਿਸ ਨੂੰ ਕਈ ਵਾਰ ਇੱਕੋ ਘਰ ਵਿਆਹੇ ਜਾਣ 'ਤੇ ਦਰਾਣੀ ਜਠਾਣੀ ਦੇ ਰਿਸ਼ਤੇ 'ਚ ਵੀ ਵੇਖਿਆ ਜਾਂਦਾ ਹੈ।

ਬਚਪਨ ਤੋਂ ਬੁਢਾਪੇ ਤੱਕ, ਇਹ ਪਿਆਰ ਕਦੇ ਘਟਦਾ ਨਹੀਂ। ਇਹ ਸਾਨੂੰ ਸਿਖਾਉਂਦਾ ਹੈ ਕਿ ਸੱਚਾ ਪਿਆਰ ਕਿਵੇਂ ਹੁੰਦਾ ਹੈ ਅਤੇ ਕਿਵੇਂ ਇਸ ਨੂੰ ਨਿਭਾਇਆ ਜਾਵੇ। ਭੈਣਾਂ ਜ਼ਿੰਦਗੀ ਦੇ ਬਾਗ਼ 'ਚ ਉਸ ਫੁੱਲ ਦੀ ਤਰ੍ਹਾਂ ਰਹਿੰਦੀਆਂ, ਜਿਸ ਦੀ ਮਹਿਕ ਪੇਕੇ ਅਤੇ ਸਹੁਰੇ ਘਰ ਚੋਹਾਂ ਪਾਸੇ ਹੀ ਫੈਲਦੀ ਹੈ। ਵਿਆਹ, ਸ਼ਾਦੀ ਜਾਂ ਫੇਰ ਹੋਰ ਖ਼ੁਸ਼ੀ ਦੇ ਮੌਕੇ ਇਨ੍ਹਾਂ ਭੈਣਾਂ ਨਾਲ ਹੀ ਫ਼ਬਦੇ ਹਨ। ਬਹੁਤ ਸਾਰੇ ਕਾਰਜ ਇਨ੍ਹਾਂ ਦੇ ਆਉਣ ਨਾਲ ਹੀ ਪੂਰੇ ਹੁੰਦੇ ਹਨ।

ਭੈਣਾਂ ਦਾ ਰਿਸ਼ਤਾ ਸਾਡੇ ਜੀਵਨ ਨੂੰ ਕਈ ਮਹੱਤਵਪੂਰਨ ਸਿੱਖਿਆਵਾਂ ਦਿੰਦਾ ਹੈ ਅਤੇ ਇਹ ਸਿੱਖਿਆਵਾਂ ਸਾਡੇ ਲਈ ਇੱਕ ਮਾਰਗਦਰਸ਼ਕ ਬਣਦੀਆਂ ਹਨ। ਇਹ ਭੈਣਾਂ ਦਾ ਰਿਸ਼ਤਾ ਸਾਡੇ ਰਿਸ਼ਤਿਆਂ ਦੀ ਤੰਦ ਨੂੰ ਹੋਰ ਵੀ ਮਜ਼ਬੂਤ ਅਤੇ ਖ਼ੁਸ਼ਹਾਲ ਬਣਾ ਇਕ ਹੋਰ ਮਾਸੀ ਦੇ ਰਿਸ਼ਤੇ ਦੀ ਨੀਂਹ ਵੀ ਰੱਖਦਾ ਹੈ।

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



## ਕਾਂਡ 18




ਅੱਠ ਘੰਟੇ ਦੀ ਉਡਾਨ ਬਾਅਦ ਜਹਾਜ਼ ਖੰਭ ਜਿਹੇ ਖਿਲਾਰ ਕੇ ਲੰਡਨ ਦੇ ਹੀਥਰੋ ਏਅਰਪੋਰਟ ਆ ਉੱਤਰਿਆ। ਇੱਥੇ ਉਨ੍ਹਾਂ ਨੇ ਤਿੰਨ ਦਿਨ ਰੁਕ ਕੇ ਅੱਗੇ ਕੈਨੇਡਾ ਨੂੰ ਜਾਣਾ ਸੀ।

ਉਸ ਨੇ ਏਅਰਪੋਰਟ ਤੋਂ ਆਪਣੇ ਡੈਡ ਜੋਰਾ ਸਿੰਘ ਨੂੰ ਫ਼ੋਨ ਕੀਤਾ।

ਫ਼ੋਨ ਜਿੰਦਰ ਨੇ ਚੁੱਕਿਆ ਅਤੇ "ਹੈਲੋ" ਆਖ ਆਪਣੀ ਭੂਆ ਨੂੰ ਫ਼ੜਾ ਦਿੱਤਾ।

-"ਤੁਸੀਂ ਪਰਸੋਂ ਨੀ ਆਏ..? ਤੇਰਾ ਪਿਉ ਤਿੰਨ ਘੰਟੇ ਏਅਰਪੋਰਟ 'ਤੇ ਬੈਠ ਕੇ ਮੁੜ ਗਿਆ..!" ਮਾਂ ਗੁਰਮੇਲ ਕੌਰ ਨੇ ਗੁਰਮੀਤ ਨੂੰ ਉਲਾਂਭਾ ਜਿਹਾ ਦਿੱਤਾ।

-"ਸਾਡੀ ਫ਼ਲਾਈਟ ਲੰਘ ਗਈ ਸੀ, ਮੰਮ..! ਤੁਸੀਂ ਡੈਡ ਨੂੰ ਭੇਜ ਦਿਓ..! ਸਾਨੂੰ 'ਪਿੱਕ' ਕਰ ਲਊਗਾ..!"

-"ਉਹ ਤਾਂ ਪੁੱਤ ਕੰਮ 'ਤੇ ਗਿਐ, ਤੂੰ 'ਕੈਬ' ਲੈ ਕੇ ਆ ਜਾਹ, ਪੈਸੇ ਮੈਂ ਦੇ ਦਿਊਂਗੀ..!" ਗੁਰਮੇਲ ਕੌਰ ਨੇ ਕਿਹਾ।

-"ਚੰਗਾ..!"

ਉਸ ਨੇ ਫ਼ੋਨ ਰੱਖ ਦਿੱਤਾ।

-"ਕੁਛ ਖਾਣਾ ਪੀਣੈਂ ਪੁੱਤ..?" ਗੁਰਮੀਤ ਨੇ ਬੱਚਿਆਂ ਨੂੰ ਪੁੱਛਿਆ।

-"ਮੈਂ ਹੌਟ ਚੌਕਲੇਟ ਲੈਣੀ ਐਂ..!" ਜੋਬਨ ਪਹਿਲੀ ਵਾਰ ਖੁੱਲ੍ਹ ਕੇ ਬੋਲਿਆ ਸੀ। ਲੰਡਨ ਪਹੁੰਚ ਕੇ ਬੱਚੇ ਥੋੜ੍ਹਾ ਸੁਖਾਲ਼ਾ ਮਹਿਸੂਸ ਕਰ ਰਹੇ ਸਨ।

ਗੁਰਮੀਤ ਉਨ੍ਹਾਂ ਉਪਰ ਨੂੰ ਕੈਫ਼ੇ ਹਾਊਸ ਵਿਚ ਲੈ ਗਈ।

ਗੀਤ ਅਤੇ ਜੋਬਨ ਨੇ ਹੌਟ ਚੌਕਲੇਟ ਅਤੇ ਗੁਰਮੀਤ ਨੇ ਕੌਫ਼ੀ ਲੈ ਲਈ।

ਕੌਫ਼ੀ ਅਤੇ ਹੌਟ ਚਾਕਲੇਟ ਪੀਣ ਤੋਂ ਬਾਅਦ ਉਹ ਟਰਮੀਨਲ ਤੋਂ ਬਾਹਰ, ਟੈਕਸੀ ਸਟੈਂਡ 'ਤੇ ਆ ਗਏ। ਗੀਤ ਤੋਂ ਅਜੇ ਵੀ ਸਿੱਧਾ ਤੁਰਿਆ ਨਹੀਂ ਜਾਂਦਾ ਸੀ। ਉਸ ਦੇ ਸਰੀਰ ਦਾ ਹੇਠਲਾ ਹਿੱਸਾ ਅਜੇ ਵੀ ਚਸਕਾਂ ਮਾਰ ਰਿਹਾ ਸੀ।

ਉਨ੍ਹਾਂ ਟੈਕਸੀ ਫ਼ੜੀ ਅਤੇ ਘਰ ਆ ਗਏ।

-"ਜਾਹ ਕੁੜ੍ਹੇ ਜਿੰਦਰ, ਟੈਕਸੀ 'ਚੋਂ ਸਮਾਨ ਚੱਕ ਕੇ ਲਿਆ..! ਖੜ੍ਹੀ ਝਾਕੀ ਕਿਵੇਂ ਜਾਂਦੀ ਐ ਮੁਤਰ-ਮੁਤਰ, ਤੇਰਾ ਦਿਮਾਗ ਨੀ ਕੰਮ ਕਰਦਾ..? ਜਾਹ ਲਿਆ ਸਮਾਨ ਚੱਕ ਕੇ..!" ਭੂਆ ਗੁਰਮੇਲ ਕੌਰ ਨੇ ਹੁਕਮ ਦਾ ਮਰੋੜਾ ਚਾੜ੍ਹਿਆ।

ਜਿੰਦਰ 'ਰਾਮ ਗਊ' ਵਾਂਗ ਹੁਕਮ ਦੀ ਤਾਮੀਲ ਕਰਨ ਲੱਗ ਪਈ।

ਅਜਿਹੀ 'ਕੁੱਤੇ-ਖਾਣੀ' ਉਸ ਨਾਲ਼ ਹੁਣ ਹਰ ਰੋਜ਼ ਵਾਂਗ ਹੀ ਹੋਣ ਲੱਗ ਪਈ ਸੀ। ਪਰ ਉਹ ਸਾਰੀ ਬੇਇੱਜ਼ਤੀ ਪਾਣੀ ਦੀ ਘੁੱਟ ਵਾਂਗ ਪੀ ਕੇ ਰਹਿ ਜਾਂਦੀ। ਜਦ ਭੂਆ, ਜਾਂ ਉਸ ਦੇ ਬੱਚੇ ਜਿੰਦਰ ਦੀ ਬਿਨਾਂ ਕਿਸੇ ਕਾਰਨ ਤੋਂ 'ਲਾਹ-ਪਾਅ' ਕਰਦੇ, ਤਾਂ ਜਿੰਦਰ ਦਾ ਇੱਥੋਂ 'ਬੂਅ' ਕਰ ਕੇ ਭੱਜ ਜਾਣ ਨੂੰ ਜੀਅ ਕਰਦਾ! ਪਰ ਜਾਊਂ ਕਿੱਥੇ..? ਪਿੱਛੇ..? ਆਪਦੇ ਮਾਂ-ਬਾਪ ਕੋਲ਼..? ਜਿਹੜੇ ਮਾਂ-ਬਾਪ ਨੇ ਐਨੇ ਪਾਪੜ ਵੇਲ-ਵੇਲ ਕੇ ਮੈਨੂੰ ਬਾਹਰ ਤੋਰਿਐ, ਉਹ ਤਾਂ ਗ਼ਮ ਵਿਚ ਹਾਉਕਾ ਖਿੱਚ ਜਾਣਗੇ..! ਉਹ ਤਾਂ ਆਪਣੀ ਕਿਸਮਤ ਹੀ ਮੇਰੇ ਨਾਲ਼ ਜੋੜੀ ਬੈਠੇ ਐ..! ਆਪਦੇ ਸੁੱਖ ਨੂੰ ਭੂਆ ਮੇਰਾ ਵਿਆਹ ਵੀ ਨਹੀਂ ਕਰਦੀ..! ਉਹ ਸੋਚਦੀ ਰਹਿੰਦੀ। ... ਭੂਆ ਨੂੰ ਮੁਫ਼ਤ ਦੀ ਨੌਕਰਾਣੀ ਜਿਉਂ ਮਿਲ਼ੀ ਹੋਈ ਐ, ਭੂਆ ਮੇਰਾ ਵਿਆਹ ਕਿਉਂ ਕਰੂ..? ਓਹ ਜਾਣੇ, ਮੇਰੇ ਵਾਲ਼ਾ ਬਲਜੀਤ ਚਾਹੇ ਲੱਖ ਕਮਲ਼ੈ, ਉਹਨੂੰ ਮੈਂ ਆਪੇ ਸਮਝਾ ਕੇ ਸਿੱਧੇ ਰਾਹ 'ਤੇ ਲੈ ਆਊਂਗੀ..! ਪਰ ਭੂਆ, ਤੇ ਉਸ ਦੇ ਬੱਚਿਆਂ ਦਾ ਅਕਾਖਾਨਾਂ ਜਰਨਾਂ ਹੁਣ ਬਹੁਤ ਔਖੈ..! ਜਿੰਦਰ ਦੇ ਮਨ ਵਿੱਚ ਸਾਰੀ ਦਿਹਾੜੀ ਉਥਲ਼-ਪੁੱਥਲ਼ ਹੁੰਦੀ ਰਹਿੰਦੀ!

-"ਨੀ ਤੁਰ ਪੈ...! ਕਿਵੇਂ ਪੈਰ ਘੜੀਸ-ਘੜੀਸ ਤੁਰਦੀ ਐ, ਜਿਵੇਂ ਡੇਂਗੂ ਹੋਇਆ ਹੁੰਦੈ..!"

ਸਾਹੋ-ਸਾਹ ਹੋਈ ਜਿੰਦਰ ਨੇ ਸਮਾਨ ਲਿਆ ਕੇ ਅੰਦਰ ਰੱਖ ਦਿੱਤਾ।

-"ਨੀ ਇਹਨੂੰ ਉਪਰਲੇ ਕਮਰੇ 'ਚ ਰੱਖ..! ਐਥੇ ਸਜਾ ਕੇ ਧਰ'ਤਾ ਸਿੰਧਾਰਾ..!" ਭੂਆ ਫ਼ੇਰ ਬਘਿਆੜੀ ਵਾਂਗ ਪਈ।

ਜਿੰਦਰ ਸਮਾਨ ਉਪਰਲੇ ਕਮਰੇ ਵਿਚ ਰੱਖਣ ਲੱਗ ਪਈ।

-"ਸਮਾਨ ਰੱਖ ਕੇ ਚਾਹ ਬਣਾ..!" ਉਸ ਨੇ ਅਗਲਾ ਹੁਕਮ ਕੀਤਾ, "ਨਾਲ਼ੇ ਗੀਤ ਹੋਰਾਂ ਨੂੰ ਬਰੇਕਫ਼ਾਸਟ ਬਣਾ ਕੇ ਦੇਹ..! ਪੈਰ ਚੱਕ ਕੇ ਤੁਰਿਆ ਕਰ, ਬਿਗਾਨੇ ਘਰ ਜਾਣੈਂ, ਅਗਲੇ ਸਾਡੇ ਮੂੰਹ ਛਿੱਤਰ ਦੇਣਗੇ, ਬਈ ਕਿੱਥੋਂ ਰਿੱਗਲ਼ ਪੱਲੇ ਪਾਅਤੀ..!" ਗੁਰਮੇਲ ਕੌਰ ਮੂੰਹ ਪਾੜ-ਪਾੜ ਗੱਲਾਂ ਕਰ ਰਹੀ ਸੀ। ਜਿੰਦਰ ਪੁੱਛਣਾ ਚਾਹੁੰਦੀ ਸੀ ਕਿ ਤੂੰ ਆਪਣੀ ਕੁੜੀ ਨੂੰ ਤਾਂ ਕੁਛ ਕਹਿੰਦੀ ਨੀ, ਉਹ ਤਾਂ ਰਾਤ ਨੂੰ ਪੱਬਾਂ-ਕਲੱਬਾਂ ਵਿਚ ਧੱਕੇ ਖਾਂਦੀ, ਦਾਰੂ ਨਾਲ਼ ਟੁੰਨ ਹੋ ਕੇ ਸਵੇਰੇ ਤਿੰਨ ਵਜੇ ਘਰੇ ਵੜਦੀ ਐ, ਉਹਨੇ ਬਿਗਾਨੇ ਘਰ ਨੀ ਜਾਣਾਂ..? ਉਹਦੇ ਮੂੰਹ 'ਚੋਂ ਤਾਂ ਸ਼ਰਾਬ ਦੀ 'ਭੜਦਾਅ' ਮਾਰਦੀ ਹੁੰਦੀ ਐ..! ਸ਼ਨੀਵਾਰ ਐਤਵਾਰ ਉਹ ਦੁਪਿਹਰੇ ਬਾਰਾਂ ਵਜੇ ਉਠਦੀ ਐ, ਉਹਨੂੰ ਤਾਂ ਤੂੰ ਕਦੇ ਭੱਜ ਕੇ ਪਈ ਨੀ...! ਤੈਨੂੰ ਪਤੈ ਬਈ ਅਗਲੀ ਵੀ ਉੱਖੜੀ ਕੁਹਾੜੀ ਵਾਂਗੂੰ ਮੱਥੇ ਨੂੰ ਆਊ..!

ਸਭ ਤੋਂ ਜ਼ਿਆਦਾ ਦੁੱਖ ਜਿੰਦਰ ਨੂੰ ਓਦੋਂ ਹੁੰਦਾ, ਜਦ ਉਸ ਦੀ ਸਕੀ ਭੂਆ ਦੂਜਿਆਂ ਸਾਹਮਣੇ ਉਸ ਦੀ ਬੇਇੱਜ਼ਤੀ ਕਰਦੀ।

ਜਿੰਦਰ ਕਿਚਨ ਵਿਚ ਨਾਸ਼ਤਾ ਤਿਆਰ ਕਰ ਰਹੀ ਸੀ।

ਪਰਦੇ ਜਿਹੇ ਨਾਲ਼ ਗੁਰਮੀਤ ਨੇ ਸਾਰੀ 'ਵਾਰਦਾਤ' ਬਾਰੇ ਆਪਣੀ ਮਾਂ ਗੁਰਮੇਲ ਕੌਰ ਨੂੰ ਦੱਸ ਦਿੱਤਾ।

-"...ਨ੍ਹੀ ਬੂਹ ਮੈਂ ਮਰਗੀ...!" ਸੁਣ ਕੇ ਗੁਰਮੇਲ ਕੌਰ ਧਰਤੀ ਵਿਚ ਨਿੱਘਰ ਗਈ।

-"ਕਿੰਨੇ ਕੁ ਜਾਣੇ ਸੀ...?"

-"ਸੀਗੇ ਦਸ ਕੁ ਜਾਣੇ...!"

-"ਬਾਘੂਰ - ਬਾਘੂਰ...! ਨੀ ਮੈਂ ਮਰਜਾਂ, ਬੰਦਾ ਤਾਂ ਜੈ ਖਾਣਿਆਂ ਦਾ ਇੱਕ ਨੀ ਮਾਣ ਹੁੰਦਾ, ਨਾਲ਼ੇ ਆਪਣੀ ਗੀਤ ਤਾਂ ਸੀ ਵੀ ਜੁਆਕੜੀ, ਇਹਨੂੰ ਵੈਨਕੂਵਰ ਜਾ ਕੇ ਡਾਕਟਰ ਨੂੰ ਦਿਖਾ..! ਬਿਗਾਨਾ ਮਰਦ ਤਾਂ ਅੱਗ ਲੱਗੜਾ ਧੁਣਖਵਾਅ ਅਰਗਾ ਹੁੰਦੈ...!" ਉਹ ਜਿੰਦਰ ਨੂੰ ਆਉਂਦੀ ਦੇਖ ਕੇ ਚੁੱਪ ਕਰ ਗਈਆਂ।

-"ਨਾਸ਼ਤਾ ਤਿਆਰ ਐ, ਭੈਣ ਜੀ..!"

-"ਤੂੰ ਚੱਲ...! ਅਸੀਂ ਆਉਨੀਆਂ..! ਉੱਤੇ ਨਾ ਹਿਣਕਣ ਲੱਗ ਜਿਆ ਕਰ, ਬੰਦਾ ਕੋਈ ਜ਼ਰੂਰੀ ਗੱਲ ਕਰਦਾ ਹੁੰਦੈ, ਇਹਨੂੰ ਅਕਲ ਨਾ ਮੌਤ, ਉਜੱਡ ਲਾਣਾਂ..!" ਭੂਆ ਨੇ ਉਸ ਨੂੰ ਤੋੜ ਕੇ ਸੁੱਟਦਿਆਂ ਕਿਹਾ।

ਭਰੀ-ਪੀਤੀ ਜਿੰਦਰ ਮੁੜ ਗਈ। ਉਸ ਦੀਆਂ ਅੱਖਾਂ ਨਮ ਹੋ ਗਈਆਂ।

-"ਸ਼ੇਰ ਸਿਉਂ ਨੂੰ ਮੌਕਾ ਦੇਖ ਕੇ ਦੱਸੀਂ, ਛੇਤੀ ਕੀਤੇ ਬੰਦਾ ਨੀ ਸਹਾਰਦਾ ਹੁੰਦਾ..!" ਗੁਰਮੇਲ ਕੌਰ ਨੇ ਗੁਰਮੀਤ ਦੇ ਕੰਨ ਵਿਚ ਕਿਹਾ।

-"ਸਾਡਾ ਤਾਂ ਇਹਦੇ 'ਚ ਕੋਈ ਕਸੂਰ ਨੀ, ਮੰਮ..!"

-"ਚਾਹੇ ਨਹੀਂ ਵੀ ਕਸੂਰ..! ਪਰ ਖਸਮਾਂ ਨੂੰ ਖਾਣਾਂ ਮਰਦ ਹੁੰਦਾ ਈ ਖੋਟੈ, ਅੱਖੀਂ ਦੇਖ ਕੇ ਮੱਖੀ ਨੀ ਨਿਗਲ਼ਦਾ..! ਚੱਲ ਜੁਆਕਾਂ ਨੂੰ ਬਰੇਕਫ਼ਾਸਟ ਦੇਹ..!"

ਗੁਰਮੀਤ ਨੇ ਬੱਚਿਆਂ ਨੂੰ ਹਾਕ ਮਾਰ ਲਈ।

ਸਾਰੇ ਨਾਸ਼ਤੇ ਦੁਆਲ਼ੇ ਜਾ ਬੈਠੇ।

ਸਾਰਾ ਟੱਬਰ 'ਗਪਲ਼-ਗਪਲ਼' ਖਾ ਰਿਹਾ ਸੀ ਅਤੇ ਜਿੰਦਰ ਕਿਚਨ ਵਿਚ ਅੱਕਲ਼ਕਾਨ ਹੋਈ ਪਈ ਸੀ। ਕਿਸੇ ਨੂੰ ਉਸ ਦਾ ਫ਼ਿਕਰ ਨਹੀਂ ਸੀ। ਕੋਈ ਉਸ ਨੂੰ ਰੋਟੀ ਖਾਣ ਲਈ ਨਹੀਂ ਕਹਿੰਦਾ ਸੀ, ਇਸ ਘਰ ਵਿਚ ਉਸ ਦੀ ਹਾਲਤ ਨੌਕਰਾਣੀਆਂ ਨਾਲ਼ੋਂ ਭੈੜੀ ਹੋਈ ਪਈ ਸੀ। ਉਸ ਦਾ ਕਦੇ-ਕਦੇ ਉੱਚੀ-ਉੱਚੀ ਰੋਣ ਨੂੰ ਦਿਲ ਕਰਦਾ ਸੀ। ਪਰ ਉਹ ਆਪਣੇ ਹੰਝੂਆਂ ਦੀ ਵਾਛੜ ਨੂੰ ਆਪਣੀ ਚੁੰਨੀ ਦੇ ਪੱਲੇ ਵਿਚ ਹੀ ਬੋਚ ਲੈਂਦੀ। ਉਸ ਨੂੰ ਪਤਾ ਸੀ ਕਿ ਇੱਥੇ ਹੰਝੂ ਵਗਾਇਆਂ ਦਾ ਵੀ ਕੋਈ ਫ਼ਾਇਦਾ ਨਹੀਂ ਸੀ ਹੋਣਾ। ਉਸ ਦੀ ਹਾਲਤ 'ਗੁਲਾਮਾਂ' ਵਾਲ਼ੀ ਹੋਈ ਪਈ ਸੀ। ਕਦੇ ਉਸ ਨੂੰ ਕਾਲਜ ਸਮੇਂ ਪੜ੍ਹੀ ਅਫ਼ਰੀਕਾ ਦੇ ਗੁਲਾਮਾਂ ਦੀ ਕਹਾਣੀ ਯਾਦ ਆਉਂਦੀ, ਜਿਨ੍ਹਾਂ 'ਤੇ ਬਿਨਾ ਕਸੂਰ ਗੋਰੇ ਲੋਕ ਅਣ-ਮਨੁੱਖੀ ਤਸ਼ੱਦਦ ਢਾਹੁੰਦੇ ਰਹੇ ਸਨ। ਉਨ੍ਹਾਂ ਦਾ ਕਸੂਰ 'ਸਿਰਫ਼' ਇਹ ਸੀ ਕਿ ਉਹ 'ਗੁਲਾਮ' ਸਨ! ਜਦ ਗੋਰੇ ਲੋਕਾਂ ਦੇ ਬੱਚਿਆਂ ਨੇ ਬੰਦੂਕ ਦਾ ਨਿਸ਼ਾਨਾ ਲਾਉਣਾ ਸਿੱਖਣਾ ਹੁੰਦਾ, ਤਾਂ ਦਸ-ਪੰਦਰਾਂ ਨੰਗ-ਧੜ੍ਹੰਗੇ ਗੁਲਾਮਾਂ ਨੂੰ ਪਾਣੀ ਦੇ ਸਰੋਵਰ ਵਿਚ ਵਾੜ ਲਿਆ ਜਾਂਦਾ ਅਤੇ ਸਿਰਾਂ ਵਿਚ ਬੰਦੂਕ ਦੇ ਬੱਟ ਮਾਰ-ਮਾਰ ਪਾਣੀ ਵਿੱਚ ਸਿਰ ਡਬੋਣ ਲਈ ਮਜਬੂਰ ਕੀਤਾ ਜਾਂਦਾ। ਜਿੰਨਾਂ ਚਿਰ ਉਨ੍ਹਾਂ ਦਾ ਸਿਰ ਪਾਣੀ ਦੇ ਅੰਦਰ ਰਹਿੰਦਾ, ਉਹ ਬਚੇ ਰਹਿੰਦੇ! ਜਦ ਉਨ੍ਹਾਂ ਦਾ ਦਮ ਘੁੱਟਣ ਲੱਗਦਾ, ਅਤੇ ਉਹ ਸਾਹ ਲੈਣ ਲਈ ਸਿਰ ਬਾਹਰ ਕੱਢਦੇ, ਉਨ੍ਹਾਂ ਦੇ ਸਿਰ 'ਤੇ ਨਿਸ਼ਾਨਾ ਲਾਇਆ ਜਾਂਦਾ...! ...ਇਹੀ ਹਾਲ ਇਸ ਭੂਆ ਦੇ ਟੱਬਰ ਦਾ ਸੀ, ਉਹ ਹਥਿਆਰ ਨਾਲ਼ ਤਾਂ ਨਹੀਂ, ਪਰ ਮਾਨਸਿਕ ਤਸ਼ੱਦਦ ਨਾਲ਼ ਉਸ ਦਾ ਬਦਨ ਵਿੰਨ੍ਹਦੇ ਰਹਿੰਦੇ। ਜਿੰਦਰ ਨੂੰ ਇਹ ਵੀ ਰੰਜ ਸੀ ਕਿ ਗੁਰਮੀਤ ਅਤੇ ਉਸ ਦੇ ਕਿਸੇ ਵੀ ਬੱਚੇ ਨੇ ਉਸ ਨੂੰ ਬਿਲਕੁਲ ਨਹੀਂ ਬੁਲਾਇਆ ਸੀ। "ਸਤਿ ਸ੍ਰੀ ਅਕਾਲ" ਤੱਕ ਨਹੀਂ ਆਖੀ ਸੀ। ਪਾਣੀ ਦਿਨ-ਬ-ਦਿਨ ਜਿੰਦਰ ਦੇ ਸਿਰ ਉਪਰ ਦੀ ਲੰਘਦਾ ਜਾ ਰਿਹਾ ਸੀ ਅਤੇ ਉਸ ਦਾ ਮਨ ਵਿਦਰੋਹੀ ਹੁੰਦਾ ਜਾ ਰਿਹਾ ਸੀ। ਕੋਈ ਕਿੰਨਾ ਕੁ ਚਿਰ ਮਾਨਸਿਕ ਤਸ਼ੱਦਦ ਜਰ ਸਕਦੈ...?

-ਚੱਲਦਾ

# ਸਿੱਖ ਅਤੇ ਗੁਰਦੁਆਰਾ ਸਾਹਿਬਾਨ

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਯੂ.ਐੱਸ.ਏ.
ਮੋ.: 559-285-0841
ਪੰਜਾਬ ਮੇਲ USA



ਅਜੋਕੇ ਸਮੇਂ ਅੰਦਰ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਆਉਂਦਿਆਂ ਹੀ ਕਿਸੇ ਵੀ ਇਨਸਾਨ ਦੇ ਮਨ ਅੰਦਰ ਆਲੀਸ਼ਾਨ ਇਮਾਰਤ ਅਤੇ ਧਾਰਮਿਕ ਰੌ-ਰੀਤਾਂ ਨਾਲ ਸਜਿਆ ਅਲੌਕਿਕ ਦ੍ਰਿਸ਼ ਪੈਦਾ ਹੋ ਜਾਂਦਾ ਹੈ। ਅਸਲ ਵਿਚ ਜੇਕਰ ਗੁਰਦੁਆਰਾ ਸਾਹਿਬਾਨ ਦੀ ਮਹੱਤਤਾ ਤੇ ਗੁਰਦੁਆਰਾ ਸਾਹਿਬਾਨ ਕਿਉਂ ਬਣਾਏ ਗਏ, ਇਸ ਨੂੰ ਇਤਿਹਾਸ ਰਾਹੀਂ ਵਾਚਣਾ ਹੋਵੇ, ਤਾਂ ਬਹੁਤ ਜ਼ਿਆਦਾ ਸਮਾਂ ਲੱਗਦਾ ਹੈ। ਪਰ ਅਜੋਕੇ ਸਮੇਂ ਅੰਦਰ ਸਿੱਖ ਤੇ ਗੁਰਦੁਆਰਾ ਸਾਹਿਬਾਨ ਦਾ ਮਹੱਤਵ ਦਾ ਜ਼ਿਕਰ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਕਿ ਇੱਥੇ ਮਨਮਤਾਂ ਵੀ ਬਹੁਤ ਜ਼ਿਆਦਾ ਪਨਪ ਚੁੱਕੀਆਂ ਹਨ। ਅਜੋਕਾ ਸਿੱਖ ਆਪਣੇ ਸਿੱਖ ਗੁਰੂ ਸਾਹਿਬਾਨਾਂ ਦੇ ਫਲਸਫੇ ਤੋਂ ਭਟਕ ਕੇ ਗੁਰਦੁਆਰਾ ਸਾਹਿਬਾਨ ਦੇ ਨਾਮ ਰਾਹੀਂ ਹੀ ਗਲਤ ਰਸਤੇ 'ਤੇ ਚੱਲ ਚੁੱਕਿਆ ਹੈ, ਜਿਸ ਨੂੰ ਰੋਕਣ ਦੀ ਤਾਂ ਲੋੜ ਹੈ। ਸਗੋਂ ਉਸਨੂੰ ਆਪਣੇ ਹੋਰਨਾਂ ਸਕੇ-ਸਬੰਧੀਆਂ ਨੂੰ ਵੀ ਅਸਲ ਸਿੱਖ ਗੁਰਦੁਆਰਾ ਸਾਹਿਬ ਦੀ ਪਰਿਭਾਸ਼ਾ ਨੂੰ ਸਮਝਣ ਦੀ ਲੋੜ ਦਾ ਯਤਨ ਕਰਨਾ ਬਣਦਾ ਹੈ।

ਜੇਕਰ ਗੁਰਦੁਆਰਾ ਸਾਹਿਬਾਨ ਦੀ ਗੱਲ ਕਰੀਏ, ਤਾਂ ਪੂਰੇ ਭਾਰਤ ਤੋਂ ਇਲਾਵਾ ਹੋਰਨਾਂ ਮੁਲਕਾਂ ਅੰਦਰ ਵੀ ਵੱਡੇ ਪੱਧਰ 'ਤੇ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਆਲੀਸ਼ਾਨ ਇਮਾਰਤਾਂ ਬਣਾਈਆਂ ਜਾ ਚੁੱਕੀਆਂ ਹਨ। ਜਦਕਿ ਸਵਾਲ ਤਾਂ ਇਹ ਵੀ ਪੈਦਾ ਹੋ ਰਿਹਾ ਕਿ ਕੀ ਅੱਜ ਸਿੱਖ ਸਿਰਫ ਇਮਾਰਤਾਂ ਬਣਾਉਣ ਖਾਤਰ ਹੀ ਵੱਡੇ ਪੱਧਰ 'ਤੇ ਯਤਨ ਤੇ ਲੜਾਈਆਂ ਕਰਦਾ ਹੈ। ਅਸੀਂ ਸਾਰਿਆਂ ਨੂੰ ਨਹੀਂ ਕਹਿ ਸਕਦੇ ਹਾਂ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਲੜਾਈਆਂ ਦੇ ਕੇਂਦਰ ਵੀ ਬਣ ਚੁੱਕੇ ਹਨ। ਪਰ ਜੇਕਰ ਗੁਰੂ ਸਾਹਿਬ ਦੀ ਪਰਿਭਾਸ਼ਾ ਅਨੁਸਾਰ ਗੁਰਦੁਆਰਾ ਦੀ ਜ਼ਿਕਰ ਕਰਨਾ ਹੋਵੇ, ਤਾਂ ਰੂਹਾਨੀਅਤ ਦਾ ਕੇਂਦਰ ਜਿੱਥੇ ਸਿੱਖ ਧਰਮ ਦਾ ਪ੍ਰਚਾਰ ਹੁੰਦਾ ਹੋਵੇ। ਮਨਮਤ ਨਾਂ ਦੀ ਕੋਈ ਚੀਜ਼ ਨਾ ਹੋਵੇ, ਉਸ ਨੂੰ ਗੁਰਦੁਆਰਾ ਸਾਹਿਬਾਨ ਆਖਿਆ ਜਾਣਾ ਜ਼ਰੂਰੀ ਹੁੰਦਾ ਹੈ। ਕਿਉਂਕਿ ਗੁਰੂ ਸਾਹਿਬ ਵੱਲੋਂ ਇਨਸਾਨਾਂ ਨੂੰ ਸਿੱਧੇ ਰਸਤੇ 'ਤੇ ਸਿੱਖ ਰੌ-ਰੀਤਾਂ ਨੂੰ ਮੰਨਣ ਦੇ ਲਈ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾਈ ਸੀ।

ਪਰ ਅੱਜ ਅਸੀਂ ਕਿੱਥੇ ਕੁ ਖੜ੍ਹੇ ਹਾਂ, ਸਾਨੂੰ ਸਾਰਿਆਂ ਨੂੰ ਪਤਾ ਹੈ। ਕਹਿਣ ਦੀ ਲੋੜ ਨਹੀਂ, ਭਾਰਤ ਅੰਦਰ ਤੇ ਹੋਰ ਮੁਲਕਾਂ ਅੰਦਰ ਵੀ ਗੁਰਦੁਆਰਾ ਸਾਹਿਬਾਨ ਦੇ ਅੰਦਰ 24 ਘੰਟੇ ਲੰਗਰ ਚਲਦੇ ਹਨ। ਕੀਰਤਨ ਪ੍ਰਵਾਹ ਹੁੰਦਾ ਹੈ। ਰਾਗੀ ਸਿੰਘਾਂ ਵੱਲੋਂ ਵੱਡੇ ਪੱਧਰ 'ਤੇ ਗੁਰੂ ਦਾ ਉਪਦੇਸ਼ ਵੀ ਕੀਰਤਨ ਰਾਹੀਂ ਸਿੱਖ ਸੰਗਤਾਂ ਨੂੰ ਦਿੱਤਾ ਜਾਂਦਾ ਹੈ। ਬਾਣੀ ਪੜ੍ਹੀ ਜਾਂਦੀ ਹੈ। ਕਥਾ ਹੁੰਦੀ ਹੈ। ਪਰ ਇੰਨਾ ਸਭ ਕੁਝ ਹੋਣ ਦੇ ਬਾਵਜੂਦ ਸਿੱਖ ਕੱਚੇ ਕਿਉਂ ਹਨ, ਇਹ ਵੀ ਇੱਕ ਚਿੰਤਾ ਦਾ ਵਿਸ਼ਾ ਹੈ। ਸਾਡੇ ਗੁਰੂ ਸਾਹਿਬਾਨ ਨੇ ਵੱਡੇ ਪੱਧਰ 'ਤੇ ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜ਼ਰੂਰ ਕਰਵਾਈ ਸੀ। ਜਦਕਿ ਉਨ੍ਹਾਂ ਵੇਲਿਆਂ ਵਿਚ ਕਾਰਨ ਵੱਖ ਸਨ ਤੇ ਅੱਜ ਕਾਰਨ ਹੋਰ ਹਨ। ਸਿੱਖ ਕੱਚੇ ਹਨ ਪਰ ਗੁਰੂ ਘਰ ਪੱਕੇ ਜ਼ਰੂਰ ਬਣ ਚੁੱਕੇ ਹਨ। ਗੁਰਦੁਆਰਿਆਂ ਦਾ ਅਰਥ ਤਾਂ ਚਾਰੇ ਦਿਸ਼ਾਵਾਂ ਦੇ ਲੋਕਾਂ ਨੂੰ ਇੱਕੋ ਅੱਖ ਨਾਲ ਵੇਖਣਾ ਅਤੇ ਕਿਰਤ ਕਰਨ ਵਾਲੇ ਲੋਕਾਂ ਦੀ ਕਦਰ ਕਰਨਾ ਸੀ। ਪਰ ਅਸੀਂ ਤਾਂ ਬਾਣੀ ਪੜ੍ਹਨ ਵਾਲੇ ਲੋਕਾਂ ਦੀ ਕਦਰ ਕਰਨ ਨੂੰ ਵੀ ਹੱਟ ਚੁੱਕੇ ਹਾਂ, ਅਸੀਂ ਤਾਂ ਸਿਰਫ ਬਾਣੀ ਨੂੰ ਮੁੱਲ ਖਰੀਦਣ ਦਾ ਯਤਨ ਕਰਦੇ ਰਹਿੰਦੇ ਹਾਂ।

ਜਦਕਿ ਗੁਰਬਾਣੀ ਧਾਰਮਿਕ ਇਤਿਹਾਸ ਔਰ ਸਹੀ ਸੇਧ ਦੇਣਾ ਗੁਰਦੁਆਰਿਆਂ ਦਾ ਅਰਥ ਸੀ, ਜਾਂ ਇਹ ਆਖ ਸਕਦੇ ਹਾਂ ਦੂਜੇ ਸ਼ਬਦਾਂ ਵਿਚ ਕਿ ਗੁਰਦੁਆਰਾ ਸਾਹਿਬਾਨ ਤੋਂ ਸਾਰੇ ਸਿੱਖਾਂ ਨੂੰ ਇੱਕ ਅਨੋਖੀ ਕਿਸਮ ਦੀ



ਸ਼ਕਤੀ ਮਿਲਦੀ ਸੀ, ਜਿਸ ਰਾਹੀਂ ਸਿੱਖ ਪੂਰੀ ਦੁਨੀਆਂ ਅੰਦਰ ਆਪਣਾ ਝੰਡਾ ਬੁਲੰਦ ਕਰਦੇ ਸਨ ਪਰ ਅੱਜ ਸਾਡੇ ਬਹੁਤ ਸਾਰੇ ਸਿੱਖਾਂ ਨੇ ਗੁਰਦੁਆਰਾ ਸਾਹਿਬ ਦੀਆਂ ਆਲੀਸ਼ਾਨ ਇਮਾਰਤਾਂ ਉਸਾਰ ਕੇ ਉਨ੍ਹਾਂ ਨੂੰ ਕੇਵਲ ਜ਼ਰੀਆ ਬਣਾ ਲਿਆ ਹੈ। ਗੁਰੂ ਘਰ ਵਿਚ ਗੁਰੂ ਸਾਹਿਬ ਦੀ ਰਹਿਮਤ ਵੇਖੋ ਕਿ 24 ਘੰਟੇ ਲੰਗਰ ਚੱਲਣ ਤੋਂ ਇਲਾਵਾ ਕੀਰਤਨ ਔਰ ਪੂਰੇ ਵਿਸ਼ਵ ਦੇ ਵਿਚ ਜਿੱਥੇ-ਜਿੱਥੇ ਵੀ ਸਿੱਖ ਵਸਦੇ ਹਨ, ਉਥੇ ਗੁਰਦੁਆਰਾ ਉਸਾਰ ਕੇ ਵੱਡੇ ਪੱਧਰ 'ਤੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ। ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ ਕਿ ਸਿੱਖਾਂ ਨੇ ਪੂਰੇ ਵਿਸ਼ਵ ਦੇ ਅੰਦਰ ਆਪਣੀ ਧਾਂਕ ਜਮਾ ਕੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ ਹੈ ਪਰ ਅਸਲ ਵਿਚ ਅਸੀਂ ਅੰਦਰੋਂ ਇੱਕ ਤਰ੍ਹਾਂ ਨਾਲ ਖੋਖਲੇ ਜ਼ਰੂਰ ਹੋ ਚੁੱਕੇ ਹਾਂ, ਇਸ ਦੇ ਕਾਰਨ ਬਹੁਤ ਵੱਡੇ ਹਨ।

ਇਨ੍ਹਾਂ ਸਾਰੀਆਂ ਗੱਲਾਂਬਾਤਾਂ ਲਈ ਅਸੀਂ ਕਿਸੇ ਇੱਕ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਕਿਉਂਕਿ ਧਾਰਮਿਕ ਮਾਮਲੇ ਵਿਚ ਬਹੁਤ ਕਿਸਮ ਦੀ ਉਲਝਣ ਤਾਣੀ ਪੈਦਾ ਹੋ ਚੁੱਕੀ ਹੈ। ਅਸੀਂ ਇੱਕ ਦੂਜੇ ਨੂੰ ਗਾਲ੍ਹਾਂ ਕੱਢ ਕੇ ਇੱਕ ਦੂਜੇ ਦੇ ਕੇਸ ਪੱਟ ਕੇ ਦੂਜਿਆਂ ਨੂੰ ਦੋਸ਼ੀ ਠਹਿਰਾਉਣ ਦਾ ਯਤਨ ਜ਼ਰੂਰ ਕਰਦੇ ਰਹਿੰਦੇ ਹਾਂ। ਬਹੁਤ ਸਾਰੇ ਗੁਰੂ ਘਰਾਂ ਵਿਚ ਲੜਾਈਆਂ ਵੀ ਹੋ ਰਹੀਆਂ ਹਨ। ਉੱਥੇ ਹੀ ਉਸ ਦੇ ਮੁਕਾਬਲੇ ਤੇ ਬਹੁਤ ਸਾਰੇ ਗੁਰੂ ਘਰ ਅਜਿਹੇ ਵੀ ਹਨ, ਜਿੱਥੋਂ ਪੂਰੇ ਸਿੱਖ ਫਲਸਫੇ ਅਨੁਸਾਰ ਸਿੱਖ ਸੰਗਤ ਨੂੰ ਕੀਰਤਨ ਰਾਹੀਂ ਚੰਗਾ ਉਪਦੇਸ਼ ਦਿੱਤਾ ਜਾਂਦਾ ਹੈ। ਜਿੱਥੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ। ਨੌਜਵਾਨੀ ਨੂੰ ਚੰਗੀ ਸੇਧ ਦੇ ਕੇ ਸਹੀ ਪਾਸੇ ਵੱਲ ਲੈ ਕੇ ਜਾਣ ਦਾ ਯਤਨ ਵੀ ਕੀਤਾ ਜਾਂਦਾ ਹੈ। ਵੱਡੇ ਪੱਧਰ 'ਤੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਿਆ ਜਾਂਦਾ ਹੈ। ਲੰਗਰ ਛਕਾਉਣ ਤੋਂ ਇਲਾਵਾ ਉੱਥੇ ਗਰੀਬ ਲੋਕਾਂ ਦਾ ਇਲਾਜ ਵੀ ਕਰਵਾਇਆ ਜਾਂਦਾ ਹੈ। ਹਸਪਤਾਲਾਂ ਦੇ ਵਿਚ ਵੀ ਲੰਗਰ ਪਹੁੰਚਦਾ ਹੈ। ਉਸ ਤੋਂ ਬਾਅਦ ਕੀਰਤਨ ਵੀ ਸਿੱਖ ਸੰਗਤ ਨੂੰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸੁਣਾਇਆ ਜਾਂਦਾ ਹੈ, ਵੱਡੇ ਪੱਧਰ 'ਤੇ ਧਾਰਮਿਕ ਕਾਰਜ ਕੀਤੇ ਜਾਂਦੇ ਹਨ।

ਭਾਵੇਂ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਅਕਸਰ ਕਿੰਤੂ-ਪ੍ਰੰਤੂ ਕਰਦੇ ਰਹਿੰਦੇ ਹਾਂ। ਪਰ ਸੋਚਣ ਦਾ ਵੇਲਾ ਤਾਂ ਇਹ ਵੀ ਹੈ ਕਿ ਅੱਜ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਬਹੁਤ ਸਾਰੇ ਕਾਲਜਾਂ ਅਤੇ ਗੁਰਦੁਆਰਾ ਸਾਹਿਬਾਨ ਹਨ। ਉਨ੍ਹਾਂ ਤੋਂ ਇਲਾਵਾ ਹਸਪਤਾਲਾਂ ਦੀ ਗਿਣਤੀ ਵੀ ਕਾਫੀ ਹੈ। ਵੱਡੇ ਪੱਧਰ 'ਤੇ ਜੇਕਰ ਸ਼੍ਰੋਮਣੀ ਕਮੇਟੀ ਦਾ ਬਜਟ ਹੈ, ਤਾਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਬਹੁਤ ਸਾਰੇ ਲੋਕਾਂ ਨੂੰ ਸਿੱਖ ਰੌ-ਰੀਤਾਂ ਮੁਤਾਬਕ ਜਾਂ ਇਹ ਕਹਿ ਲਈਏ ਕਿ ਸਿੱਖ ਮਰਿਆਦਾ ਦੇ ਮੁਤਾਬਕ ਪ੍ਰਚਾਰ ਕਰਨ ਦੇ ਨਾਲ-ਨਾਲ ਚੰਗੀ ਸਿੱਖਿਆ ਵੀ ਦਿੱਤੀ ਜਾਂਦੀ ਹੈ ਅਤੇ ਗਰੀਬ ਲੋਕਾਂ ਦਾ ਇਲਾਜ ਵੀ ਕਰਾਇਆ ਜਾਂਦਾ ਹੈ। ਲੰਘੇ ਸਮੇਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਸਰ ਵਾਲੇ ਲੋਕਾਂ ਨੂੰ ਪੈਸੇ ਦੇ ਕੇ ਉਨ੍ਹਾਂ ਦੀ ਮਾਲੀ ਮਦਦ ਕਰਨ ਦਾ ਯਤਨ ਕੀਤਾ ਗਿਆ ਸੀ। ਇਹ ਵੀ ਕਹਿ ਸਕਦੇ ਹਾਂ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿਚ ਊਣਤਾਈਆਂ ਵੀ ਬਹੁਤ ਜ਼ਿਆਦਾ ਹਨ, ਉਨ੍ਹਾਂ ਵੱਲੋਂ ਵੀ ਕਈ ਜਗ੍ਹਾ 'ਤੇ ਗਲਤ ਕੰਮਕਾਜ ਕੀਤਾ ਜਾਂਦਾ ਹੈ, ਇਸ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ।

ਆਖਰ ਵਿਚ ਅਸੀਂ ਤਾਂ ਇਹੀ ਆਖ ਸਕਦੇ ਹਾਂ ਕਿ ਭਾਵੇਂ ਸਿੱਖ ਕੌਮ ਗੁਰਦੁਆਰਿਆਂ ਦੀ ਉਸਾਰੀ ਜ਼ਰੂਰ ਕਰਵਾਵੇ, ਇਸ ਨੂੰ ਕੋਈ ਰੋਕ ਨਹੀਂ ਸਕਦਾ ਪਰ ਇਹ ਵੀ ਚੰਗਾ ਹੋਵੇ, ਜੇਕਰ ਆਪੋ ਆਪਣੇ ਰਾਗ ਅਲਾਪਣ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯਮਾਂ ਅਨੁਸਾਰ ਸਾਰੀਆਂ ਜਗ੍ਹਾਵਾਂ 'ਤੇ ਇੱਕ ਮਰਿਆਦਾ ਲਾਗੂ ਹੋਵੇ, ਜਿੱਥੇ ਗਰੀਬਾਂ ਦਾ ਇਲਾਜ ਹੋਵੇ। ਉਨ੍ਹਾਂ ਨੂੰ ਪੜ੍ਹਾਈ ਫਰੀ ਮਿਲੇ ਅਤੇ ਵੱਡੇ ਪੱਧਰ 'ਤੇ ਧਾਰਮਿਕ ਕਾਰਜ ਕੀਤੇ ਜਾਣ, ਤਾਂ ਕਿ ਸਿੱਖ ਨੌਜਵਾਨੀ ਇਸ ਤੋਂ ਸੇਧ ਲੈ ਸਕੇ। ਇਸ ਤੋਂ ਇਲਾਵਾ ਸਿਰਫ ਧਾਰਮਿਕ ਕੰਮਾਂ ਵਿਚ ਹੀ ਗੁਰਦੁਆਰਾ ਸਾਹਿਬਾਨ ਦਾ ਦਾਖਲ ਹੋਵੇ ਅਤੇ ਸਿਆਸਤ ਦਾ ਕੁੰਡਾ ਉਨ੍ਹਾਂ ਉੱਤੇ ਨਾ ਹੋਵੇ, ਤਾਂ ਕਿ ਪੰਥਕ ਕਾਰਜ ਸਹੀ ਦਿਸ਼ਾਵਾਂ ਵੱਲ ਜਾ ਸਕਣ। 'ਗੁਰੂ ਕੀ ਗੋਲਕ ਗਰੀਬ ਦਾ ਮੂੰਹ' ਇਨ੍ਹਾਂ ਸ਼ਬਦਾਂ 'ਤੇ ਪਹਿਰਾ ਦੇ ਕੇ ਗੁਰਦੁਆਰਿਆਂ ਦਾ ਅਸਲ ਮਨੋਰਥ ਪੇਸ਼ ਕੀਤਾ ਜਾਵੇ, ਤਾਂ ਕਿ ਸਾਡੀ ਨੌਜਵਾਨੀ ਨੂੰ ਗੁਰੂ ਫ਼ਲਸਫ਼ੇ ਅਨੁਸਾਰ ਜ਼ਿੰਦਗੀ ਜਿਊਣ ਦੀ ਰਾਹ ਮਿਲ ਸਕੇ।

# ਪੰਜਾਬੀ ਵਾਤਾਵਰਨ ਬਾਰੇ ਅਵੇਸਲੇ ਕਿਉਂ?

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬੀ ਵਾਤਾਵਰਨ ਬਾਰੇ ਅਵੇਸਲੇ ਕਿਉਂ ਹਨ? ਜੇਕਰ ਹੁਣ ਤੱਕ ਦੇ ਭਾਰਤ ਦੇ ਇਤਿਹਾਸ ’ਤੇ ਨਜ਼ਰ ਮਾਰੀਏ, ਤਾਂ ਪੰਜਾਬੀਆਂ ਨੇ ਹਮੇਸ਼ਾ ਹਰ ਪੱਖ ਵਿਚ ਮੋਹਰੀ ਦੀ ਭੂਮਿਕਾ ਨਿਭਾਈ ਹੈ। ਦੇਸ਼ ਦੀ ਆਜ਼ਾਦੀ ਹੋਵੇ, ਆਜ਼ਾਦੀ ਤੋਂ ਬਾਅਦ ਦੇਸ਼ ਦੀ ਏਕਤਾ ਤੇ ਅਖੰਡਤਾ ਬਰਕਰਾਰ ਰੱਖਣੀ ਹੋਵੇ, ਦੇਸ਼ ਦੀ ਅਨਾਜ ਦੀ ਲੋੜ ਪੂਰੀ ਕਰਨੀ ਹੋਵੇ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨੀ ਹੋਵੇ, ਆਪਣੀਆਂ ਜਾਨਾਂ ਵਾਰਨ ਲਈ ਤੱਤਪਰ ਰਹੇ ਹਨ, ਪ੍ਰੰਤੂ ਇਹ ਸਮਝ ਨਹੀਂ ਆਉਂਦੀ ਪੰਜਾਬੀ ਵਾਤਾਵਰਨ ਨੂੰ ਬਚਾਉਣ ਵਿਚ ਅਵੇਸਲੇ ਕਿਉਂ ਹਨ? ਵਾਤਾਵਰਨ ਦਾ ਮੁੱਦਾ ਅੱਜਕੱਲ੍ਹ ਬਹੁਤ ਮਹੱਤਵਪੂਰਨ ਬਣਿਆਂ ਹੋਇਆ ਹੈ। ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕਿਨਾਰੇ ਹੈ, ਤਪਸ਼ ਵੱਧ ਰਹੀ ਹੈ, ਬਾਰਸ਼ਾਂ ਘੱਟ ਗਈਆਂ ਹਨ। ਪੜ੍ਹਾਈ ਕਰਕੇ ਲੋਕਾਂ ਵਿਚ ਜਾਗ੍ਰਤੀ ਬਥੇਰੀ ਆ ਚੁੱਕੀ ਹੈ। ਇਸ ਕਰਕੇ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ, ਜ਼ਿੰਦਗੀ ਨੂੰ ਬਚਾਉਣ ਲਈ ਵਾਤਾਵਰਨ ਸਾਫ਼-ਸੁਥਰਾ ਹੋਣਾ ਚਾਹੀਦਾ ਹੈ ਪ੍ਰੰਤੂ ਫਿਰ ਵੀ ਲੋਕ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਅੱਧੀ ਸਦੀ ਪਹਿਲਾਂ ਜਦੋਂ ਭਾਰਤ ਦੇ ਲੋਕ ਬਹੁਤੇ ਪੜ੍ਹੇ-ਲਿਖੇ ਅਤੇ ਜਾਗ੍ਰਿਤ ਵੀ ਨਹੀਂ ਸਨ ਪ੍ਰੰਤੂ ਉਦੋਂ ਲੋਕ ਕੁਦਰਤ ਦੇ ਵਸੀਲਿਆਂ ਅਤੇ ਕੁਦਰਤ ਦੀਆਂ ਰਹਿਮਤਾਂ ਦੀ ਸਾਂਭ-ਸੰਭਾਲ ਵਿਚ ਦਿਲਚਸਪੀ ਲੈਂਦੇ ਸਨ। ਉਨ੍ਹਾਂ ਦਾ ਆਨੰਦ ਵੀ ਮਾਣਦੇ ਸਨ। ਦੁੱਖ ਅਤੇ ਸੰਤਾਪ ਦੀ ਗੱਲ ਹੈ ਕਿ ਪੜ੍ਹਿਆ-ਲਿਖਿਆ ਸਮਾਜ ਵੀ ਕੁਦਰਤ ਦੇ ਵਸੀਲਿਆਂ ਨੂੰ ਨੁਕਸਾਨ ਪਹੁੰਚਾਉਣ ਲੱਗਿਆਂ ਭੋਰਾ ਵੀ ਸੋਚਦਾ ਨਹੀਂ। ਉਹੀ ਦਰੱਖਤ, ਪਾਣੀ ਅਤੇ ਹਵਾ, ਜਿਹੜੇ ਇਨਸਾਨੀਅਤ ਦੀ ਲਾਈਫ਼ ਲਾਈਨ ਹਨ, ਉਨ੍ਹਾਂ ਦੀ ਬੇਕਿਰਕੀ ਨਾਲ ਦੁਰਵਰਤੋਂ ਕਰ ਰਹੇ ਹਨ। ਹੋਰ ਨਵੇਂ ਰੁੱਖ ਲਗਾ ਨਹੀਂ ਰਹੇ, ਸਗੋਂ ਦਰੱਖਤਾਂ ਨੂੰ ਵੱਢ ਕੇ ਆਧੁਨਿਕ ਢੰਗ ਦਾ ਫਰਨੀਚਰ ਤਿਆਰ ਕਰਕੇ ਸੁੱਖ ਮਾਨਣ ਦੀ ਗੱਲ ਕਰਦੇ ਹਨ, ਅਸਲ ਵਿਚ ਉਹ ਆਪਣਾ ਤੇ ਆਪਣੀਆਂ ਪੀੜ੍ਹੀਆਂ ਦਾ ਭਵਿਖ ਵੱਢ ਰਹੇ ਹਨ। ਸੰਸਾਰ ਵਿਚ ਗਲੋਬਲ ਵਾਰਮਿੰਗ ਨਾਲ ਮਨੁੱਖਤਾ ਤ੍ਰਾਹ-ਤ੍ਰਾਹ ਕਰ ਰਹੀ ਹੈ। ਆਧੁਨਿਕਤਾ ਨੇ ਮਾਨਵਤਾ ਨੂੰ ਬੇਸ਼ੱਕ ਸਹੂਲਤਾਂ ਦਿੱਤੀਆਂ ਹਨ ਪ੍ਰੰਤੂ ਨੁਕਸਾਨ ਵੀ ਬਹੁਤ ਕੀਤਾ ਹੈ।



ਪੁਰਾਣੇ ਸਮੇਂ ਵਿਚ ਕਿਸਾਨ ਆਪਣੇ ਖ਼ੂਹਾਂ ਦੇ ਤੌੜਾਂ ਵਿਚ ਰੁੱਖ ਲਗਾਉਂਦੇ ਸਨ। ਖੇਤਾਂ ਦੇ ਆਲੇ-ਦੁਆਲੇ ਘੱਟੋ-ਘੱਟ ਖੇਤਾਂ ਦੇ ਕੋਨਿਆਂ ’ਤੇ ਨਿਸ਼ਾਨਦੇਹੀ ਲਈ ਦਰੱਖਤ ਲਗਾਉਂਦੇ ਸਨ। ਹੁਣ ਖੂਹ ਤੇ ਖੂਹਾਂ ਦੇ ਤੌੜ ਤਾਂ ਹੈ ਹੀ ਨਹੀਂ। ਪਾਣੀ ਵਾਲੀਆਂ ਮੋਟਰਾਂ/ਇੰਜਣਾਂ ਲਈ ਹੁਣ ਤਾਂ ਕੋਠੇ ਵੀ ਨਹੀਂ ਬਣਾਉਂਦੇ, ਦਰੱਖਤ ਤਾਂ ਕੀ ਲਗਾਉਣੇ ਹਨ। ਇਸ ਤੋਂ ਇਲਾਵਾ ਸਾਂਝੀਆਂ ਥਾਵਾਂ ’ਤੇ ਰੁੱਖ ਲਗਾ ਕੇ ਉਥੇ ਮਹਿਫ਼ਲਾਂ ਲੱਗਦੀਆਂ ਸਨ। ਗਰਮੀ ਦੇ ਮੌਸਮ ਵਿਚ ਰੁੱਖਾਂ ਦੀ ਸੰਘਣੀ ਛਾਂ ਦਾ ਆਨੰਦ ਮਾਣਦੇ ਸਨ। ਪਿੰਡਾਂ ਵਿਚ ਮੁਟਿਆਰਾਂ ਤੀਆਂ ਦੇ ਦਿਨਾਂ ਵਿਚ ਪੀਂਘਾਂ ਪਾਉਂਦੀਆਂ ਸਨ। ਹੁਣ ਸਾਰਾ ਕੁਝ ਬਨਾਉਣੀ ਬਣ ਗਿਆ ਹੈ। ਪੀਂਘਾਂ ਪਾਉਣ ਲਈ ਦਰੱਖਤ ਹੀ ਨਹੀਂ ਹਨ। ਮੇਰੇ ਪਿੰਡ ਕੱਦੋਂ ਦੇ ਲੋਕ ਰੁੱਖਾਂ ਦੀ ਅਹਿਮੀਅਤ ਸਮਝਣ ਵਾਲੇ ਹਨ ਪ੍ਰੰਤੂ ਪਾਣੀ ਬਚਾਉਣ ਲਈ ਸੁਚੇਤ ਨਹੀਂ ਹਨ। ਰੇਤਲੇ ਟਿਬਿਆਂ ਨੂੰ ਪੱਧਰੇ ਕਰਕੇ ਜੀਰੀ ਲਾ ਦਿੱਤੀ ਹੈ।

ਅੱਜ ਤੋਂ 64-65 ਸਾਲ ਪਹਿਲਾਂ 1960 ਦੀ ਗੱਲ ਹੈ, ਜਦੋਂ ਮੈਂ ਅਜੇ ਪੰਜਵੀਂ-ਛੇਵੀਂ ਕਲਾਸ ਵਿਚ ਪੜ੍ਹਦਾ ਸੀ। ਮੈਨੂੰ ਅਜੇ ਕੁਦਰਤੀ ਵਸੀਲਿਆਂ, ਕੁਦਰਤੀ ਨਿਹਮਤਾਂ, ਦੁਨੀਆਂਦਾਰੀ ਅਤੇ ਵਾਤਵਰਨ ਬਾਰੇ ਜਾਣਕਾਰੀ ਨਹੀਂ ਸੀ, ਜਿਵੇਂ ਆਮ ਤੌਰ ’ਤੇ ਬੱਚਿਆਂ ਨੂੰ ਖੇਡਣ ਮੱਲ੍ਹਣ ਦਾ ਸ਼ੌਕ ਹੁੰਦਾ ਹੈ। ਅਸੀਂ ਚਾਰ ਭਰਾ ਸੀ ਤੇ ਮੈਂ ਸਭ ਤੋਂ ਛੋਟਾ ਹੋਣ ਕਰਕੇ ਪਰਿਵਾਰ ਦਾ ਲਾਡਲਾ ਸੀ। ਮੈਂ ਬੱਚਿਆਂ ਨਾਲ ਖੇਡਦਾ ਰਹਿੰਦਾ ਸੀ। ਮੇਰਾ ਵੱਡਾ ਭਰਾ ਮਰਹੂਮ ਸ. ਧਰਮ ਸਿੰਘ ਪਟਿਆਲਾ ਵਿਖੇ ਆਬਕਾਰੀ ਤੇ ਕਰ ਵਿਭਾਗ ਵਿਚ ਨੌਕਰੀ ਕਰਨ ਲਈ ਆ ਗਿਆ ਸੀ। ਉਨ੍ਹਾਂ ਤੋਂ ਛੋਟੇ ਭਰਾ ਮਰਹੂਮ ਸ. ਚਰਨ ਸਿੰਘ ਅਤੇ ਮਰਹੂਮ ਦਰਸ਼ਨ ਸਿੰਘ ਮੇਰੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ। ਮੇਰੇ ਦੋਵੇਂ ਭਰਾ ਚਰਨ ਸਿੰਘ ਅਤੇ ਦਰਸ਼ਨ ਸਿੰਘ ਬਹੁਤੇ ਪੜ੍ਹੇ-ਲਿਖੇ ਤਾਂ ਨਹੀਂ ਸਨ ਪ੍ਰੰਤੂ ਉਦਮੀ ਅਤੇ ਸਮਝਦਾਰ ਬਹੁਤ ਸੀ। ਵਾਤਾਵਰਨ ਪ੍ਰੇਮੀ ਸੀ। ਸਾਡੇ ਪਿੰਡ ਲਗਪਗ 20 ਏਕੜ ਥਾਂ ਵਿਚ ਸੰਘਣੇ ਰੁੱਖਾਂ ਵਾਲੀ ਇੱਕ ਝਿੜੀ ਹੈ, ਉਥੇ ਹੀ ਸ਼ਮਸ਼ਾਨ ਘਾਟ ਹੈ। ਮੇਰੇ ਭਰਾ ਬਰਸਾਤਾਂ ਵਿਚ ਮੈਨੂੰ ਖੇਡਣ ਤੋਂ ਹਟਾ ਕੇ ਪਿੰਡ ਦੀ ਸ਼ਮਸ਼ਾਨ ਘਾਟ ਵਾਲੀ ਝਿੜੀ ਵਿਚ ਆਪਣੇ ਨਾਲ ਲੈ ਜਾਂਦੇ ਸੀ। ਮੈਨੂੰ ਸ਼ਮਸ਼ਾਨ ਘਾਟ ਤੋਂ ਡਰ ਵੀ ਲੱਗਦਾ ਸੀ ਪ੍ਰੰਤੂ ਉਹ ਮੈਨੂੰ ਆਪਣੇ ਨਾਲ ਜ਼ਰੂਰ ਲੈ ਕੇ ਜਾਂਦੇ ਸਨ। ਮੈਨੂੰ ਯਾਦ ਹੈ, ਉਨ੍ਹਾਂ ਕੋਲ ਕਹੀਆਂ ਹੁੰਦੀਆਂ ਸਨ ਤੇ ਮੈਨੂੰ ਇੱਕ ਝੋਲਾ ਪਕੜਾ ਦਿੰਦੇ ਸੀ। ਝੋਲੇ ਵਿਚ ਕਿਕਰਾਂ ਦੇ ਬੀਜ ਹੁੰਦੇ ਸਨ। ਉਹ ਟੋਆ ਪੁੱਟਦੇ ਹੁੰਦੇ ਤੇ ਮੈਨੂੰ ਉਸ ਵਿਚ ਬੀਜ ਸੁੱਟਣ ਲਈ ਕਹਿੰਦੇ ਸੀ। ਬਰਸਾਤਾਂ ਦੇ ਦਿਨ ਉਹ ਅਕਸਰ ਇੰਜ ਕਰਦੇ ਰਹਿੰਦੇ ਸੀ। ਕਈ ਵਾਰੀ ਜਦੋਂ ਵਿਹਲ ਨਾ ਹੁੰਦੀ, ਤਾਂ ਉਹ ਕਿਕਰਾਂ ਦੇ ਬੀਜਾਂ ਦਾ ਛੱਟਾ ਹੀ ਦੇ ਦਿੰਦੇ ਸੀ। ਏਸੇ ਤਰ੍ਹਾਂ ਪਿੰਡ ਦੇ ਕੁਝ ਹੋਰ ਲੋਕ ਵੀ ਝਿੜੀ ਵਿਚ ਰੁੱਖ ਲਗਾਉਂਦੇ ਸਨ। ਮੈਨੂੰ ਸਮਝ ਨਹੀਂ ਸੀ ਆਉਂਦੀ, ਉਹ ਇੰਜ ਕਿਉਂ ਕਰਦਾ ਹੈ। ਸ਼ਮਸ਼ਾਨ ਘਾਟ ਦੀ ਝਿੜੀ ਬਹੁਤ ਸੰਘਣੀ ਸੀ। ਉਸ ਝਿੜੀ ਵਿਚ ਜਿਤਨੇ ਰੁੱਖ ਸਨ, ਉਨ੍ਹਾਂ ਨੂੰ ਕੋਈ ਵੱਢ ਨਹੀਂ ਸਕਦਾ ਸੀ। ਝਿੜੀ ਵਿਚ ਬਾਬਾ ਸਿੱਧ ਅਤੇ ਸਤੀ ਮਾਤਾ ਦੀਆਂ ਸਮਾਧਾਂ ਹਨ। ਲੋਕਾਂ ਨੂੰ ਕਿਹਾ ਜਾਂਦਾ ਸੀ ਕਿ ਜਿਹੜਾ ਲੱਕੜ ਕੱਟੇਗਾ ਉਸ ਨੂੰ ਸਰਾਪ ਲੱਗੇਗਾ। ਰੁੱਖਾਂ ਨੂੰ ਕੱਟਣ ਤੋਂ ਰੋਕਣ ਲਈ ਸਿਆਣਿਆਂ ਨੇ ਸਰਾਪ ਦਾ ਡਰਾਵਾ ਦਿੱਤਾ ਹੋਇਆ ਸੀ। ਸਿਰਫ ਮੁਰਦਿਆਂ ਦੇ ਸਸਕਾਰ ਲਈ ਲੱਕੜ ਕੱਟ ਸਕਦੇ ਸਨ। ਇਹ ਪਰੰਪਰਾ ਅੱਜ ਤੱਕ ਵੀ ਲਾਗੂ ਹੈ ਪ੍ਰੰਤੂ ਬ੍ਰਾਹਮਣ ਪਰਿਵਾਰ ਲੱਕੜ ਕੱਟ ਸਕਦੇ ਸਨ। ਵੈਸੇ ਲੱਕੜ ਵੱਢੀ ਨਹੀਂ ਜਾਂਦੀ ਸੀ ਪ੍ਰੰਤੂ ਜਿਹੜੇ ਰੁੱਖ ਬਿਰਧ ਹੋ ਕੇ ਸੁੱਕ ਜਾਂਦੇ ਸਨ, ਉਨ੍ਹਾਂ ਦੀ ਲੱਕੜ ਨਾਲ ਮੁਰਦਿਆਂ ਦੇ ਸਸਕਾਰ ਕੀਤੇ ਜਾਂਦੇ ਸਨ। ਅੱਜਕੱਲ੍ਹ ਵੀ ਇਹ ਪਰੰਪਰਾ ਚਾਲੂ ਹੈ ਪ੍ਰੰਤੂ ਬਹੁਤੇ ਲੋਕ ਮੁਰਦਿਆਂ ਦੇ ਸਸਕਾਰ ਲਈ ਝਿੜੀ ਵਿਚੋਂ ਲੱਕੜ ਨਹੀਂ ਵਰਤਦੇ, ਸਗੋਂ ਬਾਜ਼ਾਰੋਂ ਮੁੱਲ ਲਿਆਉਂਦੇ ਹਨ। ਝਿੜੀ ਦੇ ਵਿਚਕਾਰ ਦੋ ਟੋਭੇ ਸਨ, ਇੱਕ ਟੋਭਾ ਵੱਡਾ ਸੀ, ਉਨ੍ਹਾਂ ਟੋਭਿਆਂ ਵਿਚੋਂ ਪਾਣੀ ਲੈ ਕੇ ਝਿੜੀ ਵਿਚ ਲਗਾਏ ਜਾਣ ਵਾਲੇ ਰੁੱਖਾਂ ਨੂੰ ਪਾਣੀ ਦਿੱਤਾ ਜਾਂਦਾ ਸੀ। ਇਹ ਟੋਭੇ ਹੁਣ ਸੁੱਕ ਚੁੱਕੇ ਹਨ ਪ੍ਰੰਤੂ ਪਿੰਡ ਦੇ ਲੋਕ ਹੁਣ ਵੀ ਝਿੜੀ ਵਿਚ ਦਰੱਖਤ ਲਗਾਉਂਦੇ ਰਹਿੰਦੇ ਹਨ। ਝਿੜੀ ਵਿਚ ਅਨੇਕਾਂ ਕਿਸਮਾਂ ਦੇ ਦਰੱਖਤ ਸਨ। ਪਿਪਲ, ਬਰੋਟਾ, ਬੇਰੀ, ਕਿਕਰ, ਪਲਾਹ, ਟਾਹਲੀ, ਤੂਤ ਅਤੇ ਕੇਸੂ ਦੇ ਰੁੱਖ ਹਨ। ਕੇਸੂ ਦੇ ਰੁੱਖਾਂ ਨੂੰ ਪੱਤੇ ਨਹੀਂ ਲੱਗਦੇ ਸਗੋਂ ਫੁੱਲ ਹੀ ਲੱਗਦੇ ਹਨ, ਜਿਹੜੇ ਸੁਹਾਵਣਾ ਵਾਤਵਰਨ ਬਣਾਉਂਦੇ ਹਨ। ਜਦੋਂ ਮੈਂ ਆਪਣੇ ‘ਪਿੰਡ ਕੱਦੋਂ ਦੇ ਵਿਰਾਸਤੀ ਰੰਗ’ ਪੁਸਤਕ ਲਿਖ ਰਿਹਾ ਸੀ, ਤਾਂ ਪਿੰਡ ਦੇ ਬਜ਼ੁਰਗਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਮੈਨੂੰ ਦੱਸਿਆ ਗਿਆ ਕਿ ਪਿੰਡ ਦੇ ਦਰਜੀ ਨਾਥ ਸਿੰਘ ਭੱਲਾ ਵਾਤਾਵਰਨ ਪ੍ਰੇਮੀ ਸਨ। ਉਹ ਦੋਰਾਹੇ ਕੱਪੜੇ ਸਿਉਣ ਦਾ ਕੰਮ ਕਰਦੇ ਸਨ ਪ੍ਰੰਤੂ ਪਿੰਡ ਵਿਚ ਖਾਲੀ ਥਾਵਾਂ ’ਤੇ ਦਰੱਖਤ ਲਗਾਉਂਦੇ ਰਹਿੰਦੇ ਸਨ। ਹਰ ਰੋਜ਼ ਸਵੇਰੇ ਜਦੋਂ ਦੋਰਾਹੇ ਨੂੰ ਆਪਣੀ ਕੱਪੜੇ ਸਿਉਣ ਵਾਲੀ ਮਸ਼ੀਨ ਸਿਰ ’ਤੇ ਰੱਖ ਕੇ ਲੈ ਕੇ ਜਾਂਦੇ, ਤਾਂ ਰਸਤੇ ਵਿਚਲੇ ਰੁੱਖਾਂ ਨੂੰ ਪਾਣੀ ਦਿੰਦੇ ਜਾਂਦੇ ਸਨ। ਦੋਰਾਹੇ ਦੇ ਰਾਹ ਵਿਚ ਜਿੰਨੇ ਦਰੱਖਤ ਉਨ੍ਹਾਂ ਨੇ ਲਗਾਏ ਸਾਰਿਆਂ ਦੀ ਦੇਖਭਾਲ ਵੀ ਖੁਦ ਕਰਦੇ ਸਨ। ਇਸ ਤਰ੍ਹਾਂ ਪਿੰਡ ਦੇ ਫ਼ੈਜ ਮੁਹੰਮਦ ਵੀ ਰੁੱਖਾਂ ਖਾਸ ਤੌਰ ’ਤੇ ਪਿੱਪਲ ਅਤੇ ਬਰੋਟਿਆਂ ਦੇ ਦਰੱਖਤ ਲਗਾਉਂਦੇ ਅਤੇ ਉਨ੍ਹਾਂ ਪਾਣੀ ਪਾ ਕੇ ਪਾਲਦੇ ਸਨ। ਆਧੁਨਿਕ ਸਮੇਂ ਦੇ ਪੜ੍ਹੇ-ਲਿਖੇ ਤੇ ਜਾਗ੍ਰਿਤ ਲੋਕਾਂ ਨੂੰ ਆਪਣੇ ਪਿੰਡ ਦੇ ਬਜ਼ੁਰਗਾਂ ਦੀ ਵਿਰਾਸਤ ਤੋਂ ਕੁਝ ਤਾਂ ਸਿੱਖਣਾ ਬਣਦਾ ਹੈ। ਜੇਕਰ ਏਸੇ ਤਰ੍ਹਾਂ ਰੁੱਖਾਂ ਦੀ ਕਟਾਈ ਹੁੰਦੀ ਰਹੀ, ਤਾਂ ਅਸੀਂ ਆਪਣਾ ਭਵਿੱਖ ਆਪ ਖ਼ਰਾਬ ਕਰ ਲਵਾਂਗੇ। ਸਾਡੇ ਪਿੰਡ ਦੀਆਂ ਸਵੈਇੱਛਤ ਸੰਸਥਾਵਾਂ ‘ਕੱਦੋਂ ਨਿਸ਼ਕਾਮ ਸੇਵਾ ਸਸਾਇਟੀ’ ਨੇ ਰੁੱਖ ਲਗਾਉਣ ਤੋਂ ਇਲਾਵਾ ਸਾਰੇ ਪਿੰਡ ਦੀਆਂ ਗਲੀਆਂ ਵਿਚ ਸਜਾਵਟੀ ਬੂਟੇ ਲਗਾਏ ਹੋਏ ਹਨ, ਤਾਂ ਜੋ ਵਾਤਵਰਨ ਸਾਫ਼-ਸੁਥਰਾ ਰਹੇ ਅਤੇ ਸਾਡੀ ਲਾਈਫ਼ ਲਾਈਨ ਬਰਕਰਾਰ ਰਹੇ। ਸੌਣ ਦੇ ਮਹੀਨੇ ਜੰਗਲਾਤ ਵਿਭਾਗ ਦਰਖਤ ਲਗਾਉਣ ਦੀ ਮੁਹਿੰਮ ਤਾਂ ਚਲਾਉਂਦਾ ਹੈ ਪ੍ਰੰਤੂ ਦਰੱਖਤਾਂ ਦੀ ਦੇਖਭਾਲ ਨਹੀਂ ਕੀਤੀ ਜਾਂਦੀ। ਸਵੈਇੱਛਤ ਸੰਸਥਾਵਾਂ ਅਖ਼ਬਾਰਾਂ ਵਿਚ ਖ਼ਬਰਾਂ ਲਗਵਾਉਣ ਲਈ ਰੁੱਖ ਤਾਂ ਲਗਾਉਂਦੀਆਂ ਹਨ ਪ੍ਰੰਤੂ ਮੁੜਕੇ ਉਨ੍ਹਾਂ ਦੀ ਦੇਖਭਾਲ ਨਹੀਂ ਕਰਦੇ।

ਜੀਰੀ ਲਗਾਕੇ ਧਰਤੀ ਹੇਠਲਾ ਪਾਣੀ ਵੀ ਬੇਕਿਰਕੀ ਨਾਲ ਕੱਢਕੇ ਪੰਜਾਬੀ ਆਪਣਾ ਅਤੇ ਆਪਣੀ ਨਵੀਂ ਪੀੜ੍ਹੀ ਦਾ ਭਵਿੱਖ ਦਾਅ ’ਤੇ ਲਗਾ ਰਹੇ ਹਨ। ਪੰਜਾਬੀਆਂ ਨੂੰ ਜੀਰੀ ਲਗਾਉਣ ਵਿਚ ਪਹਿਲ ਕਰਕੇ ਬਦਲਵੀਂਆਂ ਫ਼ਸਲਾਂ ਬੀਜਣੀਆਂ ਚਾਹੀਦੀਆਂ ਹਨ। ਉਹ ਜਿਵੇਂ ਹਰ ਖੇਤਰ ਵਿਚ ਮੋਹਰੀ ਹਨ, ਉਨ੍ਹਾਂ ਨੂੰ ਵਾਤਾਵਰਨ ਬਚਾਉਣ ਲਈ ਵੀ ਮੋਹਰੀ ਬਣਨਾ ਚਾਹੀਦਾ ਹੈ। ਕਰਮਜੀਤ ਸਿੰਘ ‘ਜੀਤ ਕੱਦੋਂਵਾਲਾ’ ਗੀਤਕਾਰ ਨੇ ਪ੍ਰਵਾਸੀਆਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਆਪਣੀਆਂ ਜ਼ਮੀਨਾਂ ਠੇਕੇ ’ਤੇ ਸਿਰਫ ਉਨ੍ਹਾਂ ਨੂੰ ਹੀ ਦੇਣ, ਜਿਹੜੇ ਜੀਰੀ ਨਾ ਬੀਜਣ। ਇੰਜ ਕਰਨ ਨਾਲ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਪ੍ਰਵਾਸੀਆਂ ਪੰਜਾਬ ਲਈ ਇਹ ਵੱਡਾ ਯੋਗਦਾਨ ਸਾਬਤ ਹੋ ਸਕਦਾ ਹੈ। ਪੰਜਾਬੀਓ ਵਾਤਾਵਰਨ ਲਈ ਸੁਚੇਤ ਹੋ ਜਾਵੋ, ਤਾਂ ਜੋ ਭਵਿੱਖ ਬਚਾਇਆ ਜਾ ਸਕੇ।

## ਉਥਲ-ਪੁਥਲ

ਕਾਰਨਾਮੇ ਕਰਦਾ ਕਾਲੇ ਕਾਲੇ, ਛੁਪਦਾ ਫਿਰੇ ਉਹ ਉਹਲੇ ਉਹਲੇ,
ਚੋਰ ਦੀ ਦਾੜ੍ਹੀ ਵਿੱਚ ਤਿਨਕੇ, ਬਿਨ ਬੁਲਾਇਆਂ ਹੀ ਫਿਰ ਬੋਲੇ।

ਨਾਲੇ ਚੋਰ ਨਾਲੇ ਕਰੇ ਚਤੁਰਾਈ, ਸਾਰੇ ਜਹਾਨ ਦਾ ਕੁਫ਼ਰ ਜੂੰ ਤੋਲੇ,
ਧਰਮ ਰਾਜ ਤੋਂ ਫਿਰਦਾ ਡਰਿਆ, ਪਾਰੇ ਵਾਂਗੂੰ ਤਦੋਂ ਮਨ ਤਨ ਡੋਲੇ।

ਲੋਭ, ਮੋਹ, ਹੰਕਾਰ ਵਿਚ ਫਸਿਆ, ਚੁਗਲੀ, ਨਿੰਦਾ ਕੰਨ-ਰਸ ਘੋਲੇ,
ਕਾਮ, ਕਰੋਧ ਕਾਇਆ ਨੂੰ ਗਾਲੇ, ਡਿੱਗਦਾ ਢਹਿੰਦਾ ਖਾ ਹਿਚਕੋਲੇ।

ਝੂਠ ਦੀ ਕੰਧ ਕਰੀ ਅੰਦਰ ਖੁਦ, ਸੱਚ ਦੇ ਪਾਉਂਦਾ ਹੈ ਉੱਪਰ ਚੋਲੇ,
ਕਿਰਦਾਰ ਦਾ ਦੰਭੀ ਅੰਦਰੋਂ ਹੋਰ, ਮਗਰਮੱਛ ਦੇ ਨਿੱਤ ਹੰਝੂ ਡੋਹਲੇ।

ਮਰੀਆਂ ਜ਼ਮੀਰਾਂ ਬਣੇ ਰਹਿਬਰ, ਕਰਨ ਚੋਚਲੇ ਖੇਲ੍ਹ ਤਾਸ਼ ਤੰਬੋਲੇ,
ਕਰਦੇ ਠੱਗੀਆਂ ਧਰਮਾਂ ਤੋਂ ਕੋਰੇ, ਪੰਡਿਤ, ਮੁੱਲਾਂ, ਭਾਈ ਜੇਬ ਟਟੋਲ੍ਹੇ।

ਮੰਦਿਰ, ਮਸਜ਼ਿਦ, ਠਾਕੁਰਦਵਾਰੇ, ਬੈਠ ਪੰਸਾਰੀ ਬੱਸ ਨਫ਼ਰਤ ਤੋਲੇ,
ਕਾਲੇ, ਚਿੱਟੇ, ਹਰੇ, ਪੀਲੇ ਭਗਵੇਂ ਨੇ, ਇੱਕ ਥੈਲੀ ਚੱਟੇ-ਵੱਟੇ ਮਾਸੇ ਤੋਲੇ।

ਰੱਬ ਨੂੰ ਸਮਝ ਮਲਕੀਅਤ ਆਪੇ, ਬਣ ਬੈਠੇ ਹਨ ਦਲਾਲ ਵਿਚੋਲੇ,
ਨਾਲ ਸਿਆਸਤ ਗੂੜ੍ਹੇ ਨੇ ਰਿਸ਼ਤੇ, ਜ਼ਿਆਦਾਤਰ ਮਿਲਦੇ ਕੰਨੋਂ ਬੋਲੇ।

-ਸੇਵਾ ਸਿੰਘ ‘ਨੂਰਪੁਰੀ’
ਪੰਜਾਬ ਮੇਲ USA



## ਉਰਦੂ ਰੰਗ

ਨਹੀਂ ਕਦਰ ਯਾਰ ਦੀ ਜਿਸ ਤਾਈਂ,
ਉਸ ਕੱਚੇ ਘੜ੍ਹੇ ’ਤੇ ਤਰਨਾ ਕੀ।

ਧੱਸ ਗਯਾ ਜੋ ਵਿਚ ਖੁਦਗਰਜ਼ੀ ਦੇ,
ਉਸ ਦੇਸ਼ ਕੌਮ ਲਈ ਮਰਨਾ ਕੀ।

ਜੋ ਖ਼ੁਦ ਸਰਦਾਰ ਹੈ ਸ਼ੇਰਾਂ ਦਾ,
ਉਸ ਕਿਸੇ ਦਾ ਪਾਣੀ ਭਰਨਾ ਕੀ।

ਜਿਸ ਤੇਗ਼ ਦੀ ਭੇਟਾ ਸਿਰ ਕੀਤਾ,
ਉਸ ਕਿਸੇ ਨੂੰ ਸਿਜਦਾ ਕਰਨਾ ਕੀ।

ਕਈ ਕਹਿੰਦੇ ਕਰਦਾ ਕੋਈ ਕੋਈ,
ਜੋ ਗੱਜਦਾ ਏ ਉਸ ਬਰਸਨਾ ਕੀ।

ਉਠ ਦਰਦੀ ਕੁਝ ਕਰਲੇ ਹਿੰਮਤ,
ਦਿਲ ਹਾਰੇ ਹੋਇਆਂ ਤੋਂ ਡਰਨਾ ਕੀ।

ਲੇਖ਼ਕ: ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526
ਪੰਜਾਬ ਮੇਲ USA



## ਗ਼ਜ਼ਲ

ਯਾਰਾਂ ਨਾਲ ਨਿਭਾਉਣੀ ਪੈਂਦੀ।
ਡੋਰ ਪਤੰਗ ਨਾਲ ਲਾਉਣੀ ਪੈਂਦੀ।
ਖੇਵਨਹਾਰੇ ਦੀ ਮਰਜ਼ੀ ਨਾਲ।
ਬੇੜੀ ਪਾਰ ਲਗਾਉਣੀ ਪੈਂਦੀ।
ਕੱਖਾਂ ਦੀ ਕੁੱਲੀ ਹੋਵੇ ਤਾਂ,
ਬਾਰਿਸ਼ ਵਿਚ ਬਚਾਉਣੀ ਪੈਂਦੀ।
ਰੁੱਤ ਜਵਾਨੀ ਫਿਰ ਨਈਂ ਆਉਂਦੀ,
ਇੱਕੋ ਵਾਰ ਹੰਢਾਉਣੀ ਪੈਂਦੀ।
ਸ਼ਬਨਮ ਤੇ ਕਿਰਣਾਂ ਦਾ ਰਿਸ਼ਤਾ,
ਇਸ਼ਕ ’ਚ ਜਿੰਦ ਤੜਪਾਉਣੀ ਪੈਂਦੀ।
ਟਿਪ-ਟਿਪ ਬਾਰਿਸ਼ ਚੰਗੀ ਲੱਗਦੀ,
ਕੱਖਾਂ ਦੀ ਅੱਗ ਬੁਝਾਉਣੀ ਪੈਂਦੀ।
ਅੰਤ ਸਮਾਂ ਹੀ ਸੁੰਦਰ ਹੁੰਦਾ,
ਅਰਥੀ ਖ਼ੂਬ ਸਜਾਉਣੀ ਪੈਂਦੀ।
ਤਨ ਦੀ ਇਹੋ ਪਰਿਭਾਸ਼ਾ ਹੈ,
ਲਾ ਕੇ ਅੱਗ ਬੁਝਾਉਣੀ ਪੈਂਦੀ।
ਲਫ਼ਜ਼ਾਂ ਨਾਲ ਨਈਂ ਅੱਖਾਂ ਨਾਲ,
ਵਿਚਲੀ ਗੱਲ ਸਮਝਾਉਣੀ ਪੈਂਦੀ।
ਬਾਲਮ ਔਖਾ ਲਿਖਿਆ ਨਾ ਕਰ,
ਗ਼ਜ਼ਲ ਤਿਰੀ ਸਮਝਾਉਣੀਂ ਪੈਂਦੀ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409
ਪੰਜਾਬ ਮੇਲ USA




REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com